ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 20* Issue 169 | Friday, August 27, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਅੰਦਰ ਪੜ੍ਹੋ

ਕੇਜਰੀਵਾਲ ਦੀ ਹਾਜ਼ਰੀ ਵਿੱਚ ਸੇਵਾ ਸਿੰਘ ਸੇਖਵਾਂ ਨੇ ਵੀ ਆਮ ਆਦਮੀ ਪਾਰਟੀ ਦਾ ਝਾੜੂ ਫੜਿਆ



ਪੰਨਾ 05

# ਕਾਬੁਲ ਏਅਰਪੋਰਟ ਦੇ ਬਾਹਰ 2 ਆਤਮਘਾਤੀ ਹਮਲਿਆਂ ਵਿਚ 73 ਹਲਾਕ, 140 ਜ਼ਖ਼ਮੀ

ਕਾਬੁਲ, 26 ਅਗਸਤ (ਪੋਸਟ ਬਿਊਰੋ) : ਦੋ ਆਤਮਘਾਤੀ ਹਮਲਾਵਰਾਂ ਤੇ ਇੱਕ ਗੰਨਮੈਨ ਨੇ ਵੀਰਵਾਰ ਨੂੰ ਕਾਬੁਲ ਏਅਰਪੋਰਟ ਦੇ ਬਾਹਰ ਇੱਕਠੀ ਹੋਈ ਲੋਕਾਂ ਦੀ ਭੀੜ ਉੱਤੇ ਹਮਲਾ ਕਰਕੇ 73 ਵਿਅਕਤੀਆਂ ਦੀ ਜਾਨ ਲੈ ਲਈ ਤੇ 140 ਹੋਰ ਜ਼ਖ਼ਮੀ ਹੋ ਗਏ। ਇਸ ਹਮਲੇ ਵਿੱਚ ਮਰਨ ਵਾਲਿਆਂ ਵਿੱਚ 60 ਅਫਗਾਨੀ ਤੇ 13 ਅਮਰੀਕੀ ਸੈਨਿਕ ਸ਼ਾਮਲ ਹਨ। ਇਹ ਜਾਣਕਾਰੀ ਅਫਗਾਨੀ ਤੇ ਅਮਰੀਕੀ ਅਧਿਕਾਰੀਆਂ ਨੇ ਦਿੱਤੀ। ਤਾਲਿਬਾਨ ਵੱਲੋਂ ਅਫਗਾਨਿਸਤਾਨ ਉੱਤੇ ਮੁੜ ਕਬਜਾ ਕਰਨ ਤੋਂ ਬਾਅਦ ਇੱਥੋਂ ਬਚ ਨਿਕਲਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਕਾਬੁਲ ਏਅਰਪੋਰਟ ਦੇ ਬਾਹਰ ਜੁਟੇ ਹੋਏ ਸਨ।



ਅਫਗਾਨਿਸਤਾਨ ਛੱਡ ਕੇ ਜਾਣ ਦੇ ਮਾਮਲੇ ਦੀ ਨਿਗਰਾਨੀ ਕਰ ਰਹੇ ਅਮਰੀਕੀ ਜਨਰਲ ਨੇ ਆਖਿਆ ਕਿ ਇਸ ਤਰ੍ਹਾਂ ਦੇ ਹਮਲੇ ਅਮੈਰੀਕਨਜ਼ ਤੇ ਹੋਰਨਾਂ ਲੋਕਾਂ ਨੂੰ ਇੱਥੋਂ ਕੱਢ ਕੇ ਲਿਜਾਣ ਦੀਆਂ ਸਾਡੀਆਂ ਕੋਸ਼ਿਸ਼ਾਂ ਨੂੰ ਰੋਕ ਨਹੀਂ ਸਕਦੇ। ਇੱਥੋਂ ਬਾਹਰ ਜਾਣ ਲਈ ਉਡਾਨਾਂ ਜਾਰੀ ਰਹਿਣਗੀਆਂ। ਯੂਐਸ ਸੈਂਟਰਲ ਕਮਾਂਡ ਦੇ ਹੈੱਡ ਜਨਰਲ ਫਰੈਂਕ ਮੈਕੈਂਜ਼ੀ ਨੇ ਆਖਿਆ ਕਿ ਏਅਰਪੋਰਟ ਉੱਤੇ ਵੱਡੇ ਪੱਧਰ ਉੱਤੇ ਸਕਿਊਰਿਟੀ ਪ੍ਰਬੰਧ ਹਨ ਤੇ ਲੋਕਾਂ ਨੂੰ ਬਦਲਵੇਂ ਰੂਟਾਂ ਰਾਹੀਂ ਏਅਰਪੋਰਟ ਉੱਤੇ ਲਿਜਾਇਆ ਜਾ ਰਿਹਾ ਹੈ। ...ਬਾਕੀ ਪੰਨਾ 6 'ਤੇ

## ਕੈਨੇਡਾ ਨੇ ਕਾਬੁਲ ਤੋਂ ਆਪਣੇ ਨਾਗਰਿਕਾਂ ਨੂੰ ਬਾਹਰ ਕੱਢਣ ਦੇ ਮਿਸ਼ਨ ਨੂੰ ਕੀਤਾ ਖ਼ਤਮ



ਓਟਵਾ, 26 ਅਗਸਤ (ਪੋਸਟ ਬਿਊਰੋ) : ਫੈਡਰਲ ਚੋਣ ਕੈਂਪੇਨ ਦੇ ਨਾਲ ਨਾਲ ਅਫਗਾਨਿਸਤਾਨ ਸੰਕਟ ਵੀ ਕੈਨੇਡੀਅਨ ਆਗੂਆਂ ਦੀ ਗੱਲਬਾਤ ਦਾ ਮੁੱਖ ਹਿੱਸਾ ਹੈ। ਇਸ ਦੌਰਾਨ ਕੈਨੇਡਾ ਵੱਲੋਂ ਕਾਬੁਲ ਤੋਂ ਆਪਣੇ ਨਾਗਰਿਕਾਂ ਤੇ ਹੋਰਨਾਂ ਭਾਈਵਾਲਾਂ ਨੂੰ ਬਾਹਰ ਕੱਢਣ ਦੇ ਮਿਸ਼ਨ ਨੂੰ ਖ਼ਤਮ ਕਰ ਦਿੱਤਾ ਗਿਆ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਸਵੇਰੇ ਆਖਰੀ ਕੈਨੇਡੀਅਨ ਜਹਾਜ਼ ਨੇ ਕਾਬੁਲ ਏਅਰਪੋਰਟ ਛੱਡਿਆ।

...ਬਾਕੀ ਪੰਨਾ 6 'ਤੇ

# ਰਿਵਰਸਟੋਨ ਆਈ ਕੇਅਰ ਸੈਂਟਰ ਦੀ ਗ੍ਰੈਂਡ ਓਪਨਿੰਗ ਬੜੀ ਧੂਮਧਾਮ ਨਾਲ ਹੋਈ

*ਵੱਖ ਵੱਖ ਆਕਰਸ਼ਕ ਡੀਲਜ਼ ਦਾ ਲੋਕਾਂ ਨੇ ਚੁੱਕਿਆ ਫਾਇਦਾ

ਬਰੈਂਪਟਨ, 26 ਅਗਸਤ (ਪੋਸਟ ਬਿਊਰੋ) : ਰਿਵਰਸਟੋਨ ਆਈ ਕੇਅਰ ਦੀ ਗ੍ਰੈਂਡ ਓਪਨਿੰਗ ਬੜੀ ਧੂਮ ਧਾਮ ਨਾਲ ਹੋਈ। ਜਿਸ ਦੌਰਾਨ ਬਾਅਦ ਦੁਪਹਿਰ ਤੋਂ ਸ਼ਾਮ ਤੱਕ ਭਾਰੀ ਟੈਂਟ ਸੇਲ ਲਾਈ ਗਈ। ਇਸ ਵਿਚ ਹਰ ਕਿਸਮ ਦੇ ਡਿਜ਼ਾਈਨਰ ਫਰੇਮਜ਼ ਉੱਤੇ ਭਾਰੀ ਡਿਸਕਾਊਂਟ ਦਿੱਤਾ ਗਿਆ ਤੇ ਇੱਥੇ ਮੋਆਈ ਜਿੰਮ ਦੇ ਸਾਰੇ ਸਨਗਲਾਸਿਜ਼ ਵੀ ਡਿਸਪਲੇਅ ਕੀਤੇ ਗਏ। ਫਰੇਮਜ਼ ਦੀ ਭਾਰੀ ਕੁਲੈਕਸ਼ਨ ਵਿੱਚੋਂ ਲੋਕਾਂ ਨੇ



ਡਾ. ਹਰਪ੍ਰੀਤ ਗਿੱਲ



ਡਾ. ਪਰਮਵੀਰ ਗਿੱਲ

ਆਪਣੀ ਪਸੰਦ ਦਾ ਫਰੇਮ ਚੁਣੇ ਤੇ ਵੱਖ-ਵੱਖ ਆਕਰਸ਼ਕ ਡੀਲਜ਼ ਦਾ ਫਾਇਦਾ ਚੁੱਕਿਆ।

ਇਸ ਤੋਂ ਇਲਾਵਾ ਲੱਕੀ ਡਰਾਅ ਵੀ ਕੱਢਿਆ ਗਿਆ ਤੇ ਇੱਥੇ ਪਹੁੰਚਣ ਵਾਲੇ ਪਹਿਲੇ 15 ਵਿਅਕਤੀਆਂ ਨੂੰ ਮੁਫਤ ਪ੍ਰਾਈਜ਼ ਦਿੱਤੇ ਗਏ। ਇਸ ਦੇ ਨਾਲ ਹੀ 125 ਡਾਲਰਾਂ ਵਿਚ ਬੈਕ ਟੂ ਸਕੂਲ ਪਲਾਨ ਦੇ ਤਹਿਤ ਕੰਪਲੀਟ ਪੇਅਰ ਆਫ ਗਲਾਸਜ਼ ਦਿੱਤੇ ਗਏ, ਜੋ ਕਿ ਅਜੇ ਵੀ ਦਿੱਤੇ ਜਾ ਰਹੇ ਹਨ। ਇਸ ਲਈ ਜਲਦੀ ਤੋਂ ਜਲਦੀ ਇਸ ਆਫਰ ਦਾ ਫਾਇਦਾ ਚੁੱਕੋ।

...ਬਾਕੀ ਪੰਨਾ 6 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate · Family Law · Business Closing · Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


chatr™
AUTHORIZED DEALER
VISIT US AT:
1 PROMENADE CIRCLE
THORNHILL, ON
NEAR ENTRANCE #3
GRAND OPENING EVENT!
SUNDAY, AUGUST 29TH
GET UP TO
50% OFF FIRST MONTH*
+
PHONE SPECIALS & GIVEAWAYS
*Offer subject to change without notice. Available only at the participating location(s) from August 3rd – August 29th, 2021. Only applicable to new activations with the sign-up of pre-authorized payments with Auto-pay. ™ Trademarks used under license ©2021

# ਮਨੁੱਖੀ ਸਮਗਲਿੰਗ ਦੇ ਦੋਸ਼ ਵਿਚ ਪੰਜਾਬੀ ਮੂਲ ਦੇ 3 ਵਿਅਕਤੀ ਗ੍ਰਿਫਤਾਰ, 1 ਦੀ ਭਾਲ ਕਰ ਰਹੀ ਹੈ ਪੁਲਿਸ



ਬਰੈਂਪਟਨ, 26 ਅਗਸਤ (ਪੋਸਟ ਬਿਊਰੋ) : ਇੱਕ ਨਾਬਾਲਗ ਲੜਕੀ ਨੂੰ ਸਮਗਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਬਰੈਂਪਟਨ ਦੇ ਤਿੰਨ ਵਿਅਕਤੀਆਂ ਨੂੰ ਪੀਲ ਰੀਜਨਲ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ ਤੇ ਪੁਲਿਸ ਚੌਥੇ ਮਸ਼ਕੂਕ ਦੀ ਭਾਲ ਕਰ ਰਹੀ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 21 ਅਗਸਤ ਨੂੰ ਉਨ੍ਹਾਂ ਨੂੰ ਖਬਰ ਮਿਲੀ ਕਿ ਇੱਕ 18 ਸਾਲ ਤੋਂ ਘੱਟ ਉਮਰ ਦੀ ਲੜਕੀ ਨੂੰ ਉਸ ਦੀ ਇੱਛਾ ਦੇ ਖਿਲਾਫ ਕੁੱਝ ਵਿਅਕਤੀਆਂ ਵੱਲੋਂ ਫੜ੍ਹ ਕੇ ਰੱਖਿਆ ਗਿਆ ਹੈ ਤੇ ਉਸ ਉੱਤੇ ਕਈ ਵਾਰੀ ਹਿੰਸਕ ਹਮਲੇ ਹੋ ਚੁੱਕੇ ਹਨ ਤੇ ਉਸ ਨੂੰ ਦੇਹ ਵਪਾਰ ਲਈ ਵੀ ਕਈ ਵਾਰੀ ਮਜਬੂਰ ਕੀਤਾ ਜਾ ਚੁੱਕਿਆ ਹੈ।

ਇਸ ਲੜਕੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਲੋਕਲ ਹਸਪਤਾਲ ਲਿਜਾਇਆ ਗਿਆ। ਉਸੇ ਦਿਨ ਪੁਲਿਸ ਨੇ ਬਰੈਂਪਟਨ ਦੇ ਤਿੰਨ ਵਿਅਕਤੀਆਂ ਨੂੰ ਬੋਵੇਅਰਡ ਡਰਾਈਵ ਵੈਸਟ ਤੇ ਕ੍ਰੈਡਿਟਵਿਊ ਰੋਡ ਇਲਾਕੇ ਤੋਂ ਗ੍ਰਿਫਤਾਰ ਕਰ ਲਿਆ। ਇਸ ਮਾਮਲੇ ਵਿੱਚ 23 ਸਾਲਾ ਅੰਮ੍ਰਿਤਪਾਲ ਸਿੰਘ, 22 ਸਾਲਾ ਹਰਕੁਵਰ ਸਿੰਘ ਉੱਤੇ 18 ਸਾਲ ਤੋਂ ਘੱਟ ਉਮਰ ਦੀ ਲੜਕੀ ਤੋਂ ਜ਼ਬਰਦਸਤੀ ਦੇਹ ਵਪਾਰ ਕਰਵਾਉਣ, ਉਸ ਨੂੰ ਜ਼ਬਰਦਸਤੀ ਬੰਧੀ ਬਣਾ ਕੇ ਰੱਖਣ ਤੇ ਉਸ ਉੱਤੇ ਹਮਲਾ ਕਰਨ ਦੇ ਅੱਠ ਚਾਰਜਿਜ਼ ਲਾਏ ਗਏ ਹਨ। 23 ਸਾਲਾ ਸੁਖਮਨਪ੍ਰੀਤ ਸਿੰਘ ਨੂੰ ਵੀ ਲੜਕੀ ਨੂੰ ਜ਼ਬਰਦਸਤੀ ਬੰਧੀ ਬਣਾਉਣ ਤੇ ਉਸ ਉੱਤੇ ਹਮਲਾ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

ਇਨ੍ਹਾਂ ਤਿੰਨਾਂ ਵਿਅਕਤੀਆਂ ਦੀ ਜ਼ਮਾਨਤ ਦੀ ਸੁਣਵਾਈ ਹੋਣੀ ਹੈ ਤੇ ਤਿੰਨਾਂ ਨੂੰ 22 ਅਗਸਤ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾ ਚੁੱਕਿਆ ਹੈ। ਪੁਲਿਸ ਚੌਥੇ ਮਸ਼ਕੂਕ ਦੀ ਭਾਲ ਕਰ ਰਹੀ ਹੈ, ਜਿਸ ਦੀ ਪਛਾਣ ਅਜੇ ਤੱਕ ਜਾਹਿਰ ਨਹੀਂ ਹੋਈ ਹੈ। ਪੁਲਿਸ ਵੱਲੋਂ ਦਿੱਤੇ ਗਏ ਵੇਰਵੇ ਅਨੁਸਾਰ ਇਹ ਮਸ਼ਕੂਕ ਸਾਊਥ ਏਸ਼ੀਅਨ ਮੂਲ ਦਾ, ਛੇ ਫੁੱਟ ਲੰਮਾਂ, 200 ਪਾਊਂਡ ਵਜ਼ਨੀ ਵਿਅਕਤੀ ਹੈ, ਜਿਸ ਦੇ ਨਿੱਕੇ ਕਾਲੇ ਵਾਲ ਤੇ ਕਾਲੀ ਦਾੜ੍ਹੀ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

# ਟਰੂਡੋ ਬੀ ਸੀ ਵਿੱਚ, ਕੰਜ਼ਰਵੇਟਿਵ ਤੇ ਐਨਡੀਪੀ ਆਗੂ ਓਨਟਾਰੀਓ ਵਿੱਚ ਕਰਨਗੇ ਚੋਣ ਪ੍ਰਚਾਰ



ਬ੍ਰਿਟਿਸ਼ ਕੋਲੰਬੀਆ, 26 ਅਗਸਤ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਅੱਜ ਬ੍ਰਿਟਿਸ਼ ਕੋਲੰਬੀਆ ਵਿੱਚ ਚੋਣ ਪ੍ਰਚਾਰ ਕਰਨਗੇ ਜਦਕਿ ਐਨਡੀਪੀ ਤੇ ਕੰਜ਼ਰਵੇਟਿਵ ਆਗੂ ਓਨਟਾਰੀਓ ਵਿੱਚ ਕੈਂਪੇਨ ਚਲਾਉਣਗੇ।

ਹਾਊਸਿੰਗ ਬਾਰੇ ਇੱਕ ਲੋਕਲ ਪਰਿਵਾਰ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਟਰੂਡੋ ਵੱਲੋਂ ਸਰ੍ਹੀ, ਬੀਸੀ ਵਿੱਚ ਐਲਾਨ ਕਰਨ ਦੀ ਸੰਭਾਵਨਾ ਹੈ। ਕੰਜ਼ਰਵੇਟਿਵ ਆਗੂ ਐਰਿਨ ਓਟੂਲ ਹੈਮਿਲਟਨ ਵਿੱਚ ਸਾਰਾ ਦਿਨ ਬਿਤਾਅ ਸਕਦੇ ਹਨ ਜਿੱਥੇ ਉਹ ਐਲਾਨ ਕਰਨ ਤੋਂ ਬਾਅਦ ਸ਼ਾਮ ਸਮੇਂ ਸਮਰਥਕਾਂ ਨੂੰ ਮਿਲਣ ਲਈ ਇੱਕ ਈਵੈਂਟ ਵਿੱਚ ਹਿੱਸਾ ਲੈਣਗੇ।

ਵਿੰਡਸਰ, ਓਨਟਾਰੀਓ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਸਿਟੀ ਦੇ ਮੇਅਰ ਨਾਲ ਮੁਲਾਕਾਤ ਕਰਨਗੇ ਤੇ ਉਸ ਤੋਂ ਬਾਅਦ ਉਹ ਲੋਕਲ ਫੈਡਰਲ ਚੋਣਾਂ ਲਈ ਉਮੀਦਵਾਰ ਦੇ ਨਾਲ ਦੁਪਹਿਰ ਸਮੇਂ ਵੋਟਰਾਂ ਨੂੰ ਮਿਲਣਗੇ। ਮੰਗਲਵਾਰ ਨੂੰ ਟਰੂਡੋ ਨੇ ਚੋਣ ਵਾਅਦਾ ਕਰਦਿਆਂ ਘਰ ਖਰੀਦਣ ਵਿੱਚ ਨੌਜਵਾਨਾਂ ਦੀ ਮਦਦ ਕਰਨ ਦੀ ਗੱਲ ਆਖੀ ਸੀ ਜਦਕਿ ਓਟੂਲ ਤੇ ਜਗਮੀਤ ਸਿੰਘ ਨੇ ਆਰਥਿਕ ਸਕਿਊਰਿਟੀ ਤੇ ਹੈਲਥ ਸਬੰਧੀ ਯੋਜਨਾਵਾਂ ਨੂੰ ਯਕੀਨੀ ਬਣਾਉਣ ਦਾ ਦਾਅਵਾ ਕੀਤਾ ਸੀ। ਫੈਡਰਲ ਚੋਣਾਂ 20 ਸਤੰਬਰ ਨੂੰ ਹੋਣ ਜਾ ਰਹੀਆਂ ਹਨ।

# ਕੈਨੇਡਾ ਦਾਖਲ ਹੋਣ ਵਾਲਿਆਂ ਦੀ ਗਿਣਤੀ ਹੋਈ ਦੁੱਗਣੀ




ਓਟਵਾ, 26 ਅਗਸਤ (ਪੋਸਟ ਬਿਊਰੋ) : ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਅਮੈਰੀਕਨ ਸਿਟੀਜ਼ਨਜ਼ ਨੂੰ ਜਦੋਂ ਤੋਂ ਕੈਨੇਡਾ ਦਾਖਲ ਹੋਣ ਦੀ ਇਜਾਜ਼ਤ ਮਿਲੀ ਹੈ ਉਦੋਂ ਤੋਂ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਦਾਖਲ ਹੋਣ ਵਾਲਿਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐਸ ਏ) ਅਨੁਸਾਰ ਇੱਕ ਹਫਤੇ ਪਹਿਲਾਂ 103,344 ਕੈਨੇਡੀਅਨਜ਼ ਤੇ ਅਮੈਰੀਕਨਜ਼ ਨੇ ਸਰਹੱਦ ਪਾਰ ਕੀਤੀ ਜਦਕਿ 9 ਅਗਸਤ ਤੇ 15 ਅਗਸਤ ਦਰਮਿਆਨ 218,732 ਗੈਰ ਕਮਰਸ਼ੀਅਲ ਟਰੈਵਲਰਜ਼ ਨੇ ਸਰਹੱਦ ਪਾਰ ਕੀਤੀ। ਮਈ ਤੋਂ ਲੈ ਕੇ ਹੁਣ ਤੱਕ ਸਰਹੱਦ ਪਾਰ ਕਰਨ ਵਾਲਿਆਂ ਦੀ ਹਫਤਾਵਾਰੀ ਦਰ 100,000 ਦੇ ਨੇੜੇ ਤੇੜੇ ਦੱਸੀ ਜਾ ਰਹੀ ਹੈ।

ਇਨ੍ਹਾਂ ਅੰਕੜਿਆਂ ਵਿੱਚ ਕਮਰਸ਼ੀਅਲ ਟਰੱਕ ਡਰਾਈਵਰਾਂ ਦੀ ਗਿਣਤੀ ਸ਼ਾਮਲ ਨਹੀਂ ਹੈ, ਜਿਨ੍ਹਾਂ ਨੂੰ ਮਹਾਂਮਾਰੀ ਦੇ ਸ਼ੁਰੂ ਤੋਂ ਹੀ ਸਰਹੱਦ ਪਾਰ ਕਰਨ ਦੀ ਇਜਾਜ਼ਤ ਹੈ। ਅਗਸਤ 2020 ਵਿੱਚ ਇਸੇ ਹਫਤੇ ਦੌਰਾਨ ਟਰੈਵਲਰਜ਼ ਦੀ ਗਿਣਤੀ 74,562 ਜਦਕਿ 2019 ਵਿੱਚ ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਇਹ ਅੰਕੜਾ 1,442,850 ਸੀ।

# ਜਾਇਜ਼ ਡੋਜ਼ ਨਾ ਮਿਲਣ ਕਾਰਨ ਬੀ ਸੀ ਵਾਸੀਆਂ ਨੂੰ ਵਾਧੂ ਸ਼ੌਟ ਲਾਉਣ ਦੀ ਕੀਤੀ ਜਾ ਰਹੀ ਹੈ ਪੇਸ਼ਕਸ਼



ਵੈਨਕੂਵਰ, 26 ਅਗਸਤ (ਪੋਸਟ ਬਿਊਰੋ) : ਸਿਹਤ ਅਧਿਕਾਰੀਆਂ ਵੱਲੋਂ ਬੀਸੀ ਦੇ ਕਈ ਰੈਜ਼ੀਡੈਂਟਸ ਨੂੰ ਕੋਵਿਡ-19 ਵੈਕਸੀਨ ਦੀ ਵਾਧੂ ਡੋਜ਼ ਦੇਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਸਿਹਤ ਅਧਿਕਾਰੀਆਂ ਅਨੁਸਾਰ ਇਨ੍ਹਾਂ ਰੈਜ਼ੀਡੈਂਟਸ ਨੂੰ ਵੈਕਸੀਨ ਦੀ ਜਾਇਜ਼ ਡੋਜ਼ ਨਹੀਂ ਮਿਲੀ ਹੈ।

ਮੰਗਲਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਇਨ੍ਹਾਂ ਡੋਜ਼ਾਂ ਨੂੰ ਇਸ ਲਈ ਜਾਇਜ਼ ਨਹੀਂ ਦੱਸਿਆ ਜਾ ਰਿਹਾ ਕਿਉਂਕਿ ਇਨ੍ਹਾਂ ਨੂੰ ਗਲਤ ਕਿਸਮ ਦੇ ਫਰੀਜ਼ਰ ਵਿੱਚ ਸਟੋਰ ਕਰਕੇ ਰੱਖਿਆ ਗਿਆ ਸੀ। ਹੈਲਥ ਅਥਾਰਟੀ ਨੇ ਆਖਿਆ ਕਿ ਇਸ ਵੈਕਸੀਨ ਨਾਲ ਕੁੱਝ ਹੱਦ ਤੱਕ ਪ੍ਰੋਟੈਕਸ਼ਨ ਤਾਂ ਮਿਲੀ ਹੋ ਸਕਦੀ ਹੈ ਪਰ ਇਸ ਨੂੰ ਸੰਪੂਰਨ ਟੀਕਾਕਰਣ ਲਈ ਯੋਗ ਨਹੀਂ ਆਖਿਆ ਜਾ ਸਕਦਾ।

ਇਸ ਰਲੀਜ਼ ਵਿੱਚ ਆਖਿਆ ਗਿਆ ਕਿ ਇਸ ਤਰ੍ਹਾਂ ਦੀ ਡੋਜ਼ ਹਾਸਲ ਕਰਨ ਨਾਲ ਕਲਾਇੰਟ ਨੂੰ ਕੋਈ ਰਿਸਕ ਨਹੀਂ ਹੈ ਤੇ ਨਾ ਹੀ ਇਨ੍ਹਾਂ ਵਿੱਚੋਂ ਉਦੋਂ ਤੋਂ ਕਿਸੇ ਵੀ ਵਿਅਕਤੀ ਨੂੰ ਕੋਵਿਡ-19 ਹੋਇਆ ਹੈ ਜਦੋਂ ਤੋਂ ਇਨ੍ਹਾਂ ਦਾ ਟੀਕਾਕਰਣ ਕੀਤਾ ਗਿਆ ਹੈ। ਇਹ ਵੈਕਸੀਨ ਕੈਲੋਨਾ ਤੋਂ 200 ਕਿਲੋਮੀਟਰ ਉੱਤਰ ਪੂਰਬ ਵਿੱਚ ਰੈਵਲਸਟੋਕ ਵਿੱਚ ਦਿੱਤੀ ਗਈ। ਇੱਥੇ 7500 ਲੋਕ ਰਹਿੰਦੇ ਹਨ। ਇਸ ਵੈਕਸੀਨ ਦੀ ਵਰਤੋਂ ਪਹਿਲੀਆਂ 15 ਡੋਜ਼ਾਂ ਤੇ 501 ਦੂਜੀਆਂ ਡੋਜ਼ਾਂ ਲਈ ਕੀਤੀ ਗਈ।

ਜਿਸ ਕਿਸੇ ਨੂੰ ਇਹ ਵੈਕਸੀਨ ਲੱਗੀ ਹੈ ਉਨ੍ਹਾਂ ਨੂੰ ਨਿਜੀ ਤੌਰ ਉੱਤੇ ਸੰਪਰਕ ਕਰਕੇ ਐਕਸਟ੍ਰਾ ਸ਼ੌਟ ਦੇਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

# ਟੀ ਡੀ ਐਸ ਬੀ ਦੇ ਟਰਸਟੀਜ਼ ਨੇ ਕੋਵਿਡ-19 ਵੈਕਸੀਨ ਪਲੈਨ ਨੂੰ ਲਾਜ਼ਮੀ ਕਰਨ ਲਈ ਸਰਬਸੰਮਤੀ ਨਾਲ ਪਾਈ ਵੋਟ




ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ( ਟੀ ਡੀ ਐਸ ਬੀ ) ਦੇ ਟਰੱਸਟੀਜ਼ ਵੱਲੋਂ ਕੋਵਿਡ-19 ਦੇ ਵੈਕਸੀਨ ਪਲੈਨ ਨੂੰ ਲਾਜ਼ਮੀ ਕਰਨ ਲਈ ਸਰਬਸੰਮਤੀ ਨਾਲ ਵੋਟ ਪਾਈ ਗਈ।

ਬੁੱਧਵਾਰ ਸ਼ਾਮ ਨੂੰ ਟਰੱਸਟੀਜ਼ ਦੀ ਹੋਈ ਬੋਰਡ ਮੀਟਿੰਗ ਵਿੱਚ ਇਹ ਵੋਟ ਪਾਈ ਗਈ। ਇੱਕ ਰਲੀਜ਼ ਵਿੱਚ ਤਰਜ਼ਮਾਨ ਰਿਆਨ ਬਰਡ ਨੇ ਆਖਿਆ ਕਿ ਟਰੱਸਟੀਜ਼ ਇਸ ਗੱਲ ਲਈ ਸਹਿਮਤ ਹਨ ਕਿ ਸਾਰੇ ਸਟਾਫ, ਟਰੱਸਟੀਜ਼ ਤੇ ਵਿਜ਼ੀਟਰਜ਼ ਨੂੰ ਆਪਣੇ ਵੈਕਸੀਨੇਸ਼ਨ ਸਟੇਟਸ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ। ਇਸ ਗੱਲ ਉੱਤੇ ਵੀ ਸਹਿਮਤੀ ਬਣੀ ਕਿ ਸਟਾਫ ਤੇ ਵਿਦਿਆਰਥੀਆਂ ਦੀ ਸਿਹਤ ਦੀ ਹਿਫਾਜ਼ਤ ਲਈ ਸਾਰਿਆਂ ਦਾ ਪੂਰੀ ਤਰ੍ਹਾਂ ਵੈਕਸੀਨੇਟ ਹੋਣਾ ਜ਼ਰੂਰੀ ਹੈ।

ਇਸ ਪ੍ਰਕਿਰਿਆ ਵਿੱਚ ਹੇਠ ਲਿਖੇ ਏਰੀਆਜ਼ ਨੂੰ ਕਵਰ ਕੀਤਾ ਜਾਵੇਗਾ :

- ਜਿਹੜੇ ਇਸ ਪ੍ਰਕਿਰਿਆ ਤਹਿਤ ਆਉਂਦੇ ਹਨ ਉਨ੍ਹਾਂ ਨੂੰ ਆਪਣੇ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਦੇਣ ਦੇ ਨਾਲ ਨਾਲ ਰਸਮੀ ਤੌਰ ਉੱਤੇ ਅਟੈਸਟਿਡ ਕਾਪੀ ਵੀ ਮੁਹੱਈਆ ਕਰਵਾਉਣੀ ਹੋਵੇਗੀ।
- ਜਿਨ੍ਹਾਂ ਨੇ ਅਜੇ ਤੱਕ ਵੈਕਸੀਨੇਸ਼ਨ ਨਹੀਂ ਕਰਵਾਈ ਹੋਵੇਗੀ ਉਨ੍ਹਾਂ ਨੂੰ ਵੈਕਸੀਨੇਸ਼ਨ ਦੇ ਫਾਇਦੇ ਸਮਝਣ ਲਈ ਲਾਜ਼ਮੀ ਸਿੱਖਿਆ ਹਾਸਲ ਕਰਨੀ ਹੋਵੇਗੀ।
- ਇਸ ਪ੍ਰਕਿਰਿਆ ਲਈ ਤਰੀਕਾਂ ਨਾਲ ਇੱਕ ਸ਼ਡਿਊਲ ਸ਼ਾਮਲ ਕੀਤਾ ਜਾਵੇਗਾ ਜਿਸ ਤਹਿਤ ਉਹ ਲੋਕ ਇਹ ਖੁਲਾਸਾ ਕਰ ਸਕਣਗੇ ਕਿ ਉਨ੍ਹਾਂ ਵੈਕਸੀਨ ਦੀ ਪਹਿਲੀ ਡੋਜ਼ ਲਵਾਈ ਹੈ ਜਾਂ ਦੂਜੀ, ਜਿਹੜੇ ਪੂਰੀ ਤਰ੍ਹਾਂ ਵੈਕਸੀਨੇਟ ਨਹੀਂ ਹੋਣਗੇ।
- ਇਸ ਪ੍ਰਕਿਰਿਆ ਤਹਿਤ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਕਿੱਥੇ ਨਿਯਮਿਤ ਕੋਵਿਡ-19 ਟੈਸਟਿੰਗ ਦੀ ਲੋੜ ਹੈ।
- ਜੇ ਸੰਭਵ ਹੋ ਸਕਿਆ ਤਾਂ ਇਸ ਸਬੰਧੀ ਫਾਈਨਲ ਰਣਨੀਤੀ 9 ਸਤੰਬਰ ਨੂੰ ਸਕੂਲ ਖੁੱਲ੍ਹਣ ਤੋਂ ਪਹਿਲਾਂ ਲਾਗੂ ਕੀਤੀ ਜਾਵੇਗੀ ਤੇ ਜਾਂ ਫਿਰ ਸਕੂਲ ਖੁੱਲ੍ਹਣ ਸਾਰ ਜਿੰਨੀ ਜਲਦੀ ਤੋਂ ਜਲਦੀ ਸੰਭਵ ਹੋ ਸਕੇ।
- ਉਨ੍ਹਾਂ ਨੂੰ ਰਿਆਇਤ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਕਾਨੂੰਨੀ ਤੌਰ ਉੱਤੇ ਛੋਟ ਦੇਣ ਦੀ ਇਜਾਜ਼ਤ ਹੋਵੇਗੀ।

ਬੋਰਡ ਦੇ ਚੇਅਰ ਅਲੈਗਜ਼ੈਂਡਰ ਬ੍ਰਾਊਨ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਹ ਇੱਕ ਅਹਿਮ ਕਦਮ ਹੈ ਜਿਸ ਰਾਹੀਂ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਸਕੂਲਾਂ ਤੇ ਕੰਮ ਵਾਲੀਆਂ ਥਾਂਵਾਂ ਉੱਤੇ ਸਾਡਾ ਸਟਾਫ ਤੇ ਵਿਦਿਆਰਥੀ ਸੁਰੱਖਿਅਤ ਰਹਿਣ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਜ਼ਖ਼ਮੀ



ਮਿਸੀਸਾਗਾ, 26 ਅਗਸਤ (ਪੋਸਟ ਬਿਊਰੋ) : ਰਾਤੀਂ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਹੈ।

ਐਮਰਜੰਸੀ ਅਮਲੇ ਨੂੰ ਮੰਗਲਵਾਰ ਰਾਤੀਂ 11:30 ਵਜੇ ਬ੍ਰਿਟੈਨੀਆ ਰੋਡ ਵੈਸਟ ਤੇ ਮੈਵਿਸ ਰੋਡ ਇਲਾਕੇ ਵਿੱਚ ਸੱਦਿਆ ਗਿਆ। ਜਿਸ ਤੋਂ ਬਾਅਦ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਿਸ ਗੱਡੀ ਨਾਲ ਇਸ ਵਿਅਕਤੀ ਦੀ ਟੱਕਰ ਹੋਈ ਸੀ ਉਸ ਦਾ ਡਰਾਈਵਰ ਮੌਕੇ ਉੱਤੇ ਹੀ ਬਣਿਆ ਰਿਹਾ। ਪੁਲਿਸ ਵੱਲੋਂ ਜਾਂਚ ਕੀਤੇ ਜਾਣ ਕਾਰਨ ਕਈ ਘੰਟਿਆਂ ਲਈ ਬ੍ਰਿਟੈਨੀਆ ਰੋਡ ਨੂੰ ਮੈਵਿਸ ਲਾਗੇ ਬੰਦ ਰੱਖਿਆ ਗਿਆ।

# ਕੀਲਸਡੇਲ ਨੇੜੇ ਮਿਲੀ ਵਿਅਕਤੀ ਦੀ ਲਾਸ਼



ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਕੀਲਸਡੇਲ ਏਰੀਆ ਵਿੱਚ ਲਾਸ਼ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਬੁੱਧਵਾਰ ਦੁਪਹਿਰ ਨੂੰ ਕੀਲ ਸਟਰੀਟ ਤੇ ਰੌਜਰਜ਼ ਰੋਡ ਉੱਤੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਉਸ ਤੋਂ ਬਾਅਦ ਇਸ ਏਰੀਆ ਵਿੱਚ ਇੱਕ ਵਿਅਕਤੀ ਦੀ ਲਾਸ਼ ਮਿਲੀ। ਇਸ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਇਸ ਏਰੀਆ ਨਾਲ ਲੱਗਦੀਆਂ ਸੜਕਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ।

ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਕਤਲ ਦੀ ਸ਼ੰਕਾਂ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ ਹੈ।

# ਕਾਬੁਲ ਤੋਂ ਪਰਤ ਰਹੀਆਂ ਕੈਨੇਡੀਅਨ ਫੌਜਾਂ ਨਾਲ ਹੀ ਆਉਣਾ ਚਾਹੁੰਦੇ ਹਨ ਅਫਗਾਨੀ



ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਫੌਜ ਕਾਬੁਲ ਤੋਂ ਆਪਣਾ ਮਿਸ਼ਨ ਖ਼ਤਮ ਕਰਕੇ ਪਰਤ ਰਹੀ ਹੈ ਤੇ ਉੱਥੋਂ ਆਖਰੀ ਕੈਨੇਡੀਅਨ ਫਲਾਈਟ ਦੇ ਵੀਰਵਾਰ ਨੂੰ ਰਵਾਨਾ ਹੋਣ ਦੀ ਸੰਭਾਵਨਾ ਹੈ। ਅਜਿਹੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਫਗਾਨੀਆਂ ਵੱਲੋਂ ਮਦਦ ਮੰਗੀ ਜਾ ਰਹੀ ਹੈ। ਉਨ੍ਹਾਂ ਨੂੰ ਡਰ ਪੈਦਾ ਹੋ ਗਿਆ ਹੈ ਕਿ ਉਹ ਅਫਗਾਨਿਸਤਾਨ ਵਿੱਚ ਹੀ ਫਸ ਕੇ ਰਹਿ ਜਾਣਗੇ।

ਬੁੱਧਵਾਰ ਨੂੰ ਹਜ਼ਾਰਾਂ ਅਫਗਾਨੀਆਂ ਵੱਲੋਂ ਕੁੱਝ ਸੀਟਾਂ ਉਨ੍ਹਾਂ ਲਈ ਬਚਾਉਣ ਦੀ ਵੀ ਕੈਨੇਡੀਅਨ ਅਧਿਕਾਰੀਆਂ ਨੂੰ ਬੇਨਤੀ ਕੀਤੀ ਗਈ। ਹੁਣ ਤਾਲਿਬਾਨ ਨੇ ਏਅਰਪੋਰਟ ਉੱਤੇ ਵੀ ਆਪਣਾ ਸ਼ਿਕੰਜਾ ਕੱਸ ਲਿਆ ਹੈ। ਜਿਨ੍ਹਾਂ ਲੋਕਾਂ ਕੋਲ ਕੈਨੇਡੀਅਨ ਵੀਜ਼ਾ ਹਨ ਉਹ ਵੀ ਇਨ੍ਹਾਂ ਫਲਾਈਟਸ ਰਾਹੀਂ ਅਫਗਾਨਿਸਤਾਨ ਤੋਂ ਬਾਹਰ ਆਉਣ ਲਈ ਸੰਘਰਸ਼ ਕਰ ਰਹੇ ਹਨ। ਬੁੱਧਵਾਰ ਨੂੰ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਨੇ ਦੱਸਿਆ ਕਿ ਕੈਨੇਡਾ 2700 ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢ ਲਿਆਇਆ ਹੈ ਇਨ੍ਹਾਂ ਵਿੱਚੋਂ 1500 ਨੂੰ ਤਾਂ ਪਿਛਲੇ ਤਿੰਨ ਦਿਨਾਂ ਵਿੱਚ ਹੀ ਬਾਹਰ ਲਿਆਂਦਾ ਗਿਆ ਹੈ।

ਇੱਕ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ ਕੈਨੇਡੀਅਨ ਨਾਗਰਿਕ, ਰਫਿਊਜੀ ਤੇ ਹੋਰਨਾਂ ਦੇਸ਼ਾਂ ਦੇ ਨਾਗਰਿਕ ਵੀ ਹਨ। ਉਨ੍ਹਾਂ ਦੱਸਿਆ ਕਿ 22 ਅਗਸਤ ਨੂੰ 506, 23 ਅਗਸਤ ਨੂੰ 535 ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਲਿਆਂਦਾ ਗਿਆ। ਇਸ ਦੌਰਾਨ ਰੱਖਿਆ ਮੰਤਰੀ ਹਰਜੀਤ ਸੱਜਣ ਨੇ ਆਖਿਆ ਕਿ ਹਾਲਾਤ ਬਹੁਤ ਹੀ ਚੁਣੌਤੀਪੂਰਣ ਬਣੇ ਹੋਏ ਹਨ ਪਰ ਸਾਡੇ ਕੋਲ ਜਿਹੜਾ ਸਮਾਂ ਬਚਿਆ ਹੈ ਉਸ ਵਿੱਚ ਅਸੀਂ ਵੱਧ ਤੋਂ ਵੱਧ ਲੋਕਾਂ ਨੂੰ ਬਾਹਰ ਕੱਢਣਾ ਚਾਹੁੰਦੇ ਹਨ।

# 17 ਸਾਲਾ ਲੜਕੇ ਉੱਤੇ ਚਾਕੂ ਨਾਲ ਕੀਤੇ ਗਏ ਕਈ ਵਾਰ



ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਰਿਚਮੰਡ ਹਿੱਲ ਦੇ ਇੱਕ ਰੈਸਟੋਰੈਂਟ ਵਿੱਚ ਇੱਕ 17 ਸਾਲਾ ਲੜਕੇ ਉੱਤੇ ਚਾਕੂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਗਿਆ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਨੇ ਦਿੱਤੀ।

ਛੁਰੇਬਾਜ਼ੀ ਦੀ ਖਬਰ ਦੇ ਕੇ ਰਾਤੀਂ 8:00 ਵਜੇ ਪੁਲਿਸ ਅਧਿਕਾਰੀਆਂ ਨੂੰ 16ਥ ਐਵਨਿਊ ਦੇ ਉੱਤਰ ਵੱਲ 9555 ਯੰਗ ਸਟਰੀਟ ਉੱਤੇ ਸੱਦਿਆ ਗਿਆ। ਜਦੋਂ ਪੁਲਿਸ ਤੇ ਪੈਰਾਮੈਡਿਕਸ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ 17 ਸਾਲਾ ਲੜਕਾ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ।

ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟੋਰਾਂਟੋ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਪੁਲਿਸ ਵੱਲੋਂ ਅਜੇ ਤੱਕ ਮਸ਼ਕੂਕਾਂ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਦੀ ਮੌਤ, ਡਰਾਈਵਰ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਵੀਰਵਾਰ ਨੂੰ ਸਿਟੀ ਦੇ ਡਾਊਨਟਾਊਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਸਬੰਧ ਵਿੱਚ 46 ਸਾਲਾ ਵਿਅਕਤੀ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।


ਟੋਰਾਂਟੋ ਪੁਲਿਸ ਨੇ ਆਖਿਆ ਕਿ ਇੱਕ ਵਿਅਕਤੀ ਹਾਰਬਰ ਤੇ ਯੌਰਕ ਸਟਰੀਟਸ ਦੇ ਲਾਂਘੇ ਉੱਤੇ ਰਾਤੀਂ 3:30 ਵਜੇ ਖੜ੍ਹਾ ਸੀ ਜਦੋਂ ਹਾਰਬਰ ਉੱਤੇ ਪੂਰਬ ਵੱਲ ਜਾ ਰਹੀ ਇੱਕ ਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ। ਪੁਲਿਸ ਨੇ ਦੱਸਿਆ ਕਿ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਜਿਸ ਵਿਅਕਤੀ ਨੂੰ ਟੱਕਰ ਮਾਰੀ ਗਈ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਉਹ ਆਪਣੇ 40ਵਿਆਂ ਵਿੱਚ ਸੀ। ਉਸ ਦੀ ਅਜੇ ਤੱਕ ਪਛਾਣ ਨਹੀਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਸ਼ੱਕੀ ਗੱਡੀ ਨੂੰ ਲੋਅਰ ਜਾਰਵਿਸ ਸਟਰੀਟ ਤੇ ਕੁਈਨਜ਼ ਕੁਅੇਅ ਨੇੜੇ ਰਿਚਰਡਸਨ ਸਟਰੀਟ ਉੱਤੇ ਲੋਕੇਟ ਕਰ ਲਿਆ ਗਿਆ। ਪਰ ਉਨ੍ਹਾਂ ਵੱਲੋਂ ਡਰਾਈਵਰ ਦੀ ਭਾਲ ਕੀਤੀ ਜਾ ਰਹੀ ਹੈ। ਬਾਅਦ ਵਿੱਚ ਡਰਾਈਵਰ ਨੂੰ ਵੀ ਲੋਕੇਟ ਕਰ ਲਿਆ ਗਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਟੋਰਾਂਟੋ ਦੇ ਸਬੈਸਤੀਅਨ ਸਪੇਤਾ ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ, ਜਿਸ ਕਾਰਨ ਮੌਤ ਹੋਈ ਤੇ ਹਾਦਸੇ ਨੂੰ ਅੰਜਾਮ ਦੇਣ ਤੋਂ ਬਾਅਦ ਉੱਥੇ ਨਾ ਰੁਕਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge




Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training



Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca



# ਹੈਲਥ ਕੇਅਰ ਸਿਸਟਮ ਬਾਰੇ ਲਿਬਰਲਾਂ ਵੱਲੋਂ ਕੰਜ਼ਰਵੇਟਿਵਾਂ ਉੱਤੇ ਕੀਤੇ ਜਾ ਰਹੇ ਹਮਲੇ ਕਰ ਰਹੇ ਹਨ ਕੰਮ : ਨੈਨੋਜ਼

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਕੈਨੇਡਾ ਦੇ ਪਬਲਿਕ ਹੈਲਥ ਕੇਅਰ ਸਿਸਟਮ ਦੇ ਸਬੰਧ ਵਿੱਚ ਲਿਬਰਲਾਂ ਵੱਲੋਂ ਕੰਜ਼ਰਵੇਟਿਵਾਂ ਉੱਤੇ ਕੀਤੇ ਜਾ ਰਹੇ ਹਮਲੇ ਕੰਮ ਕਰ ਰਹੇ ਹਨ।

ਨੈਨੋਜ਼ ਰਿਸਰਚ ਦੇ ਬਾਨੀ ਨਿੱਕ ਨੈਨੋਜ਼ ਦੇ ਲਫਜ਼ਾਂ ਵਿੱਚ ਲਿਬਰਲ ਪਾਰਟੀ ਦੇ ਸਮਰਥਨ ਵਿੱਚ ਪਿੱਛੇ ਜਿਹੇ ਵਾਧਾ ਦਰਜ ਕੀਤਾ ਗਿਆ ਹੈ। ਨੈਨੋਜ਼ ਰਿਸਰਚ ਵੱਲੋਂ ਕੀਤੀ ਗਈ ਟਰੈਕਿੰਗ ਤੋਂ ਸਾਹਮਣੇ ਆਇਆ ਹੈ ਕਿ ਲਿਬਰਲਾਂ ਨੂੰ ਇਸ ਵੇਲੇ 35.9 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ, ਕੰਜ਼ਰਵੇਟਿਵਾਂ ਨੂੰ 32.7 ਫੀ ਸਦੀ ਤੇ ਐਨਡੀਪੀ ਨੂੰ 16.8 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਇਸ ਟਰੈਕਿੰਗ ਦੇ ਹਿਸਾਬ ਨਾਲ ਐਨਡੀਪੀ ਦੇ ਸਮਰਥਨ ਵਿੱਚ ਗਿਰਾਵਟ ਆਈ ਹੈ।

ਇਹ ਪਿਛਲੇ ਹਫਤੇ ਦੇ ਉਸ ਪੋਲਿੰਗ ਡਾਟਾ ਤੋਂ ਬਹੁਤ ਵੱਡਾ ਫਰਕ ਹੈ ਜਿਸ ਵਿੱਚ ਚੋਣ ਪ੍ਰਚਾਰ ਦੇ ਪਹਿਲੇ ਹਫਤੇ ਕੰਜ਼ਰਵੇਟਿਵਾਂ ਨੂੰ ਲੀਡ ਹਾਸਲ ਹੋ ਰਹੀ ਸੀ। ਨੈਨੋਜ਼ ਦਾ ਮੰਨਣਾ ਹੈ ਕਿ ਇਸ ਵੱਡੀ ਤਬਦੀਲੀ ਦਾ ਕਾਰਨ ਲਿਬਰਲਾਂ ਵੱਲੋਂ ਹੈਲਥ ਕੇਅਰ ਉੱਤੇ ਧਿਆਨ ਕੇਂਦਰਿਤ ਕਰਨਾ ਹੈ। ਐਤਵਾਰ ਨੂੰ ਲਿਬਰਲ ਉਮੀਦਵਾਰ ਕ੍ਰਿਸਟੀਆ ਫਰੀਲੈਂਡ ਨੇ ਇੱਕ ਵੀਡੀਓ ਕਲਿੱਪ ਸਾਂਝੀ ਕੀਤੀ ਸੀ ਜਿਸ ਵਿੱਚ ਕੰਜ਼ਰਵੇਟਿਵ ਆਗੂ ਐਰਿਨ ਓਟੂਲ



ਜੁਲਾਈ 2020 ਵਿੱਚ ਟਵਿੱਟਰ ਉੱਤੇ ਹੈਲਥ ਕੇਅਰ ਬਾਰੇ ਗੱਲ ਕਰਦੇ ਨਜ਼ਰ ਆ ਰਹੇ ਸਨ। ਇਸ ਕਲਿੱਪ ਵਿੱਚ ਓਟੂਲ ਨੇ ਵਧੇਰੇ ਪ੍ਰਾਈਵੇਟ, ਮੁਨਾਫੇ ਵਾਲੇ ਬਦਲਾਂ ਨੂੰ ਹੈਲਥ ਕੇਅਰ ਸਿਸਟਮ ਦਾ ਹਿੱਸਾ ਬਣਾਉਣ ਦੀ ਪੈਰਵੀ ਕੀਤੀ ਸੀ।

ਬਾਅਦ ਵਿੱਚ ਇਸ ਟਵਿੱਟਰ ਕਲਿੱਪ ਨੂੰ ਮੈਨੂਪਲੇਟਿਡ ਮੀਡੀਆ ਵਜੋਂ ਪੇਸ਼ ਕੀਤਾ ਗਿਆ ਜਦੋਂ ਇਹ ਖੁਲਾਸਾ ਹੋਇਆ ਕਿ ਓਟੂਲ ਵੱਲੋਂ ਯੂਨੀਵਰਸਲ ਐਕਸੈੱਸ ਨੂੰ ਸੱਭ ਤੋਂ ਮਹੱਤਵਪੂਰਨ ਕਰਾਰ ਦਿੱਤਾ ਗਿਆ ਸੀ ਉਸ ਨੂੰ ਹਟਾ ਲਿਆ ਗਿਆ। ਪਰ ਇਸ ਸੱਭ ਰੌਲੇ ਦੇ ਬਾਵਜੂਦ ਲਿਬਰਲਾਂ ਦੀ ਚੜ੍ਹਤ ਇਸ ਹਫਤੇ ਬਰਕਰਾਰ ਰਹੀ। ਇਸ ਤੋਂ ਇਹ ਮੰਨਿਆ ਜਾ ਸਕਦਾ ਹੈ ਕਿ ਕੀ ਲਿਬਰਲ ਕਿਸੇ ਤਰ੍ਹਾਂ ਲੋਕਾਂ ਨੂੰ ਇਹ ਸਮਝਾਉਣ ਵਿੱਚ ਕਾਮਯਾਬ ਹੋ ਰਹੇ ਹਨ ਕਿ ਕੰਜ਼ਰਵੇਟਿਵ ਸਰਕਾਰ ਦੇ ਆਉਣ ਨਾਲ ਕੈਨੇਡਾ ਦੇ ਯੂਨੀਵਰਸਲ ਪਬਲਿਕ ਹੈਲਥ ਕੇਅਰ ਸਿਸਟਮ ਨੂੰ ਖਤਰਾ ਹੋ ਸਕਦਾ ਹੈ।

ਨੈਨੋਜ਼ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਲਿਬਰਲਾਂ ਦੀ ਇਹ ਯੋਜਨਾ ਕੰਮ ਕਰ ਰਹੀ ਹੋਵੇ। ਨੈਨੋਜ਼ ਨੇ ਆਖਿਆ ਕਿ ਇਹ ਵੇਖਣ ਵਾਲੀ ਗੱਲ ਹੈ ਕਿ ਲਿਬਰਲਾਂ ਦੇ ਇਸ ਹਮਲੇ ਨਾਲ ਓਟੂਲ ਦੀ ਮਕਬੂਲੀਅਤ ਉੱਤੇ ਕੋਈ ਅਸਰ ਪੈਂਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਤੀਤ ਦੇ ਮੁਕਾਬਲੇ ਓਟੂਲ ਇਸ ਸਮੇਂ ਕਾਫੀ ਵਧੀਆ ਕਰ ਰਹੇ ਹਨ। ਪਸੰਦੀਦਾ ਪ੍ਰਧਾਨ ਮੰਤਰੀ ਵਜੋਂ ਟਰੂਡੋ 34.5 ਫੀ ਸਦੀ ਸਮਰਥਨ ਨਾਲ ਸੱਭ ਤੋਂ ਅੱਗੇ, ਓਟੂਲ 26.9 ਫੀ ਸਦੀ ਨਾਲ ਦੂਜੇ ਨੰਬਰ ਉੱਤੇ ਤੇ ਐਨਡੀਪੀ ਆਗੂ ਜਗਮੀਤ ਸਿੰਘ 17.6 ਫੀ ਸਦੀ ਨਾਲ ਤੀਜੇ ਸਥਾਨ ਉੱਤੇ ਹਨ।

ਇਸ ਟਰੈਕਿੰਗ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਲਿਬਰਲਾਂ ਦਾ ਸਮਰਥਨ ਸਕਾਰਾਤਮਕ ਦਿਸ਼ਾ ਵੱਲ ਵੱਧ ਰਿਹਾ ਹੈ ਜਦਕਿ ਐਨਡੀਪੀ ਨੂੰ ਘਾਟਾ ਪੈ ਰਿਹਾ ਹੈ। ਐਨਡੀਪੀ ਦੇ ਸਮਰਥਨ ਵਿੱਚ ਕਮੀ ਦਰਜ ਕੀਤੀ ਗਈ ਹੈ।

# ਰੂਬੀ ਸਹੋਤਾ ਨੇ ਕੀਤੀ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ

ਬਰੈਂਪਟਨ, 26 ਅਗਸਤ (ਪੋਸਟ ਬਿਊਰੋ) : ਲਿਬਰਲ ਉਮੀਦਵਾਰ ਰੂਬੀ ਸਹੋਤਾ ਵੱਲੋਂ ਆਪਣੀ ਚੋਣ ਕੈਂਪੇਨ ਦੀ ਸ਼ੁਰੂਆਤ ਕੀਤੀ ਗਈ ਜਿਸ ਦੇ ਸਮਰਥਨ ਵਿੱਚ ਬਰੈਂਪਟਨ ਨੌਰਥ ਤੋਂ ਲਿਬਰਲ ਸਮਰਥਕ ਭਾਰੀ ਮਾਤਰਾ ਵਿੱਚ ਇੱਕਠੇ ਹੋਏ। ਰੂਬੀ ਸਹੋਤਾ ਦੀ ਇਹ ਤੀਜੀ ਚੋਣ ਕੈਂਪੇਨ ਹੈ। ਸਮਰਥਕਾਂ ਨੂੰ ਪਹਿਲਾਂ ਤੋਂ ਹੀ ਪੈਕ ਕੀਤਾ ਗਿਆ ਖਾਣਾ ਦਿੱਤਾ ਗਿਆ, ਉਨ੍ਹਾਂ ਵਧੀਆ ਸੰਗੀਤ ਸੁਣਿਆ ਤੇ ਨੈਸ਼ਨਲ ਲਿਬਰਲ ਕੈਂਪੇਨ ਕਮੇਟੀ ਦੇ ਕੋ-ਚੇਅਰ ਨਵਦੀਪ ਬੈਂਸ, ਲਿਬਰਲ ਆਗੂ ਡੈਲ ਡੂਕਾ ਤੇ ਬਰੈਂਪਟਨ ਨੌਰਥ ਫੈਡਰਲ ਲਿਬਰਲ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਖਾਲਿਦ ਅਲਵੀ ਨੇ ਰੂਬੀ ਸਹੋਤਾ ਤੇ ਲਿਬਰਲ ਪਾਰਟੀ ਨੂੰ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਡੈਲ ਡੂਕਾ ਨੇ ਆਖਿਆ ਕਿ ਅਸੀਂ ਇੱਥੇ ਇੱਕ ਟੀਮ ਵਜੋਂ ਇੱਕਠੇ ਹੋਏ ਹਾਂ। ਅਸੀਂ ਫੈਡਰਲ ਪੱਧਰ ਉੱਤੇ ਪ੍ਰਧਾਨ ਮੰਤਰੀ, ਰੂਬੀ ਤੇ ਟੀਮ ਲਈ ਸਕਾਰਾਤਮਕ ਤੇ ਆਸਵੰਦ ਹਾਂ। ਪਾਜ਼ੀਟਿਵ ਲੀਡਰਸ਼ਿਪ ਯੂਨੀਵਰਸਲ ਚਾਈਲਡਕੇਅਰ, ਕਲਾਈਮੇਟ ਸੰਕਟ, ਫੈਡਰਲ ਕਰਮਚਾਰੀਆਂ ਲਈ ਪੇਡ ਸਿੱਕ ਲੀਵ ਵਰਗੀ ਮੰਗ ਕਰਨ ਵਰਗੇ ਮੁੱਦਿਆਂ ਦੁਆਲੇ ਘੁੰਮਦੀ ਹੈ। ਉਨ੍ਹਾਂ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਰਲ ਕੇ ਕੰਮ ਕਰਨ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਨਾਲ ਭਾਈਵਾਲੀ ਰਾਹੀਂ ਅਸੀਂ ਟਰਾਂਜ਼ਿਟ ਦਾ ਵਿਸਥਾਰ ਕਰਾਂਗੇ, ਕਲਾਈਮੇਟ ਸੰਕਟ ਨਾਲ ਨਜਿੱਠਾਂਗੇ ਤੇ ਅਜਿਹੇ ਅਰਥਚਾਰੇ ਦਾ ਨਿਰਮਾਣ ਕਰਾਂਗੇ ਜਿਹੜਾ ਸਾਡੇ ਸਾਰਿਆਂ ਲਈ ਕੰਮ ਕਰੇ। ਇਸ ਲਈ ਲਿਬਰਲ ਪਾਰਟੀ ਨੂੰ ਵੋਟ ਪਾ ਕੇ ਸਾਡੇ ਹੱਥ ਮਜ਼ਬੂਤ ਕਰੋ ਤਾਂ ਕਿ ਅਸੀਂ ਦੇਸ਼ ਨੂੰ ਅੱਗੇ ਲਿਜਾ ਸਕੀਏ।

ਇਸ ਦੌਰਾਨ ਨਵਦੀਪ ਬੈਂਸ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਅਸੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਟੇਕ ਰੱਖ ਸਕੇ। ਰੋਜ਼ਗਾਰ ਤੇ ਜ਼ਿੰਦਗੀਆਂ ਬਚਾਉਣ ਲਈ ਉਨ੍ਹਾਂ ਤੋਂ ਜੋ ਸੰਭਵ ਹੋ ਸਕਿਆ ਉਨ੍ਹਾਂ ਕੀਤਾ। ਅਸੀਂ ਸਹੀ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਹਾਂ ਤੇ ਇਸ ਲਈ ਸਾਨੂੰ



ਮਜ਼ਬੂਤ ਲੀਡਰਸ਼ਿਪ ਦੀ ਲੋੜ ਹੋਵੇਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸ ਵਾਸਤੇ ਜਸਟਿਨ ਟਰੂਡੋ ਸਾਡੇ ਕੋਲ ਹਨ। ਪਰ ਬਰੈਂਪਟਨ ਨੌਰਥ ਤੋਂ ਸਾਡੇ ਕੋਲ ਰੂਬੀ ਸਹੋਤਾ ਦੀ ਅਗਵਾਈ ਹੈ ਜਿਸ ਉੱਤੇ ਅਸੀਂ ਭਰੋਸਾ ਰੱਖ ਸਕਦੇ ਹਾਂ।

ਉਨ੍ਹਾਂ ਅੱਗੇ ਆਖਿਆ ਕਿ ਰੂਬੀ ਕਮਾਲ ਦੀ ਸ਼ਖਸੀਅਤ ਹੈ ਜੋ ਸਿਆਸਤ ਵਿੱਚ ਹੈ, ਜਿਸ ਨੂੰ ਕਮਿਊਨਿਟੀ ਦੀ ਸਮਝ ਹੈ, ਜੋ ਬਰੈਂਪਟਨ ਵਾਸੀਆਂ ਦੀ ਪਰਵਾਹ ਕਰਦੀ ਹੈ। ਉਹ ਫੰਡਿੰਗ ਤੇ ਹਾਊਸਿੰਗ ਦੇ ਖੇਤਰ ਵਿੱਚ ਬਰੈਂਪਟਨ ਨੂੰ ਬਣਦਾ ਹਿੱਸਾ ਦਿਵਾਉਣ ਲਈ ਦਿਨ ਰਾਤ ਲੜੀ ਹੈ। ਉਹ ਤੁਹਾਡੇ ਨਾਲ ਖੜ੍ਹੀ ਹੈ। ਉਸ ਨੇ ਟਰਾਂਜ਼ਿਟ ਲਈ ਕੰਮ ਕੀਤਾ ਹੈ। ਉਹ ਓਟਵਾ ਵਿੱਚ ਤੁਹਾਡੀ ਆਵਾਜ਼ ਹੈ। ਬਰੈਂਪਟਨ ਨੂੰ ਬਿਹਤਰ ਬਣਾਉਣ ਲਈ ਅਸੀਂ ਉਸ ਉੱਤੇ ਭਰੋਸਾ ਕਰ ਸਕਦੇ ਹਾਂ।

ਇਸ ਮੌਕੇ ਰੂਬੀ ਸਹੋਤਾ ਨੇ ਆਖਿਆ ਕਿ ਪਿਛਲੇ ਛੇ ਸਾਲਾਂ ਤੋਂ ਉਹ ਬਰੈਂਪਟਨ ਵਾਸੀਆਂ ਲਈ ਸਖ਼ਤ ਮਿਹਨਤ ਕਰ ਰਹੀ ਹੈ। ਉਹ ਚਾਹੁੰਦੀ ਹੈ ਕਿ ਜਿਸ ਬਰੈਂਪਟਨ ਵਾਸੀ ਨੂੰ ਉਸ ਦਾ ਸਮਾਂ ਤੇ ਧਿਆਨ ਚਾਹੀਦਾ ਹੈ ਉਹ ਹਾਸਲ ਹੋ ਸਕੇ। ਉਸ ਤੱਕ ਪਹੁੰਚ ਕਰਨਾ ਅਸੰਭਵ ਨਹੀਂ। ਕੋਈ ਵੀ ਕਦੇ ਵੀ ਉਸ ਦੇ ਆਫਿਸ ਵਿੱਚ ਆ ਸਕਦਾ ਹੈ। ਉਨ੍ਹਾਂ ਆਖਿਆ ਕਿ ਉਹ ਸੱਭ ਦੀਆਂ ਸਮੱਸਿਆਵਾਂ ਸੁਣਨ ਲਈ ਹਮੇਸ਼ਾਂ ਤਿਆਰ ਹੈ।

ਰੂਬੀ ਨੇ ਅੱਗੇ ਆਖਿਆ ਕਿ ਸਾਨੂੰ ਦਮਦਾਰ ਮੈਜੌਰਿਟੀ ਚਾਹੀਦੀ ਹੈ। ਦੇਸ਼ ਲਈ ਇਹ ਬੜਾ ਹੀ ਨਾਜ਼ੁਕ ਸਮਾਂ ਹੈ। ਕੋਵਿਡ-19 ਸਾਡਾ ਸਾਰਿਆਂ ਦਾ ਇਮਤਿਹਾਨ ਲੈ ਰਿਹਾ ਹੈ। ਪਰ ਜਦੋਂ ਤੁਹਾਨੂੰ ਲੋੜ ਪਈ ਅਸੀਂ ਤੁਹਾਡੇ ਲਈ ਹਾਜ਼ਰ ਸੀ। ਅਸੀਂ ਕਾਰੋਬਾਰਾਂ, ਲੋਕਾਂ ਨੂੰ ਮਦਦ ਮੁਹੱਈਆ ਕਰਵਾਈ। ਅਸੀਂ ਇਸ ਮਹਾਮਾਰੀ ਤੋਂ ਦੇਸ਼ ਨੂੰ ਬਚਾਉਣ ਲਈ ਜੋ ਕਰ ਸਕਦੇ ਸੀ ਉਹ ਕੀਤਾ। ਹੁਣ ਸਾਨੂੰ ਰਿਕਵਰੀ ਉੱਤੇ ਧਿਆਨ ਦੇਣਾ ਪਵੇਗਾ। ਸਾਨੂੰ ਮਹਾਂਮਾਰੀ ਦੌਰਾਨ ਖੁੱਸੀਆਂ ਨੌਕਰੀਆਂ ਵਾਪਿਸ ਲਿਆਉਣੀਆਂ ਹੋਣਗੀਆਂ। ਸਾਨੂੰ ਆਪਣੇ ਨਿੱਕੇ ਕਾਰੋਬਾਰਾਂ ਨੂੰ ਬਚਾਉਣਾ ਹੋਵੇਗਾ। ਸਾਨੂੰ ਆਪਣੀ ਜੀ ਡੀ ਪੀ ਨੂੰ ਲੀਹ ਉੱਤੇ ਲਿਆਉਣਾ ਹੋਵੇਗਾ। ਸਾਨੂੰ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰਨ ਦੀ ਲੋੜ ਹੈ, ਜਿੱਥੇ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਹਾਸਲ ਹੋਣਗੀਆਂ ਤੇ ਉਹ ਆਪਣੇ ਭਵਿੱਖ ਦੇ ਘਰ ਦੀ ਨੀਂਹ ਰੱਖ ਸਕਣਗੇ।

ਅਸੀਂ ਚਾਈਲਡਕੇਅਰ ਨੀਤੀਆਂ ਵਿੱਚ ਸੁਧਾਰ ਕਰਨਾ ਚਾਹੁੰਦੇ ਹਾਂ। ਅਸੀਂ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਪਰਿਵਾਰਾਂ ਨੂੰ ਉਹ ਮਦਦ ਮਿਲੇ ਜਿਸ ਦੀ ਉਨ੍ਹਾਂ ਨੂੰ ਦਰਕਾਰ ਹੈ। ਇਹ ਸਾਰਾ ਕੁੱਝ ਲਿਬਰਲ ਸਰਕਾਰ ਮੁਹੱਈਆ ਕਰਵਾਉਣ ਦੀ ਯੋਜਨਾ ਬਣਾ ਰਹੀ ਹੈ।

# ਟੋਰਾਂਟੋ ਪੁਲਿਸ ਨੇ ਆਪਣੇ ਅਧਿਕਾਰੀਆਂ ਤੇ ਸਟਾਫ ਲਈ ਕੋਵਿਡ-19 ਵੈਕਸੀਨੇਸ਼ਨ ਕੀਤੀ ਲਾਜ਼ਮੀ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ ਆਪਣੇ ਵਰਦੀਧਾਰੀ ਤੇ ਸਿਵਿਲੀਅਨ ਮੈਂਬਰਾਂ ਲਈ ਕੋਵਿਡ-19 ਵੈਕਸੀਨੇਸ਼ਨ ਲਾਜ਼ਮੀ ਕਰ ਰਹੀ ਹੈ। ਟੋਰਾਂਟੋ ਪੁਲਿਸ ਨੇ ਆਖਿਆ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਮੈਂਬਰਾਂ ਤੇ ਜਨਤਾ ਲਈ ਕੰਮ ਵਾਲੀ ਥਾਂ ਨੂੰ ਸੁਰੱਖਿਅਤ ਬਣਾਈਏ। ਇਸ ਲਈ ਵੈਕਸੀਨੇਸ਼ਨ ਨੂੰ ਸਰਵਿਸ ਲਈ ਜ਼ਰੂਰੀ ਕਰਾਰ ਦਿੱਤਾ ਗਿਆ ਹੈ। 13 ਸਤੰਬਰ ਤੱਕ ਅਧਿਕਾਰੀਆਂ ਤੇ ਸਟਾਫ ਨੂੰ ਆਪਣੇ ਟੀਕਾਕਰਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ।

ਪੁਲਿਸ ਚੀਫ ਜੇਮਜ਼ ਰੇਮਰ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਾਡੇ ਮੈਂਬਰਾਂ, ਸਾਡੀਆਂ ਕੰਮ ਵਾਲੀਆਂ ਥਾਂਵਾਂ ਤੇ ਜਨਤਾ ਦੀ ਸੁਰੱਖਿਆ ਸਾਡੇ ਲਈ ਸੱਭ ਤੋਂ ਅਹਿਮ ਹੈ। ਇੱਕ ਦੂਜੇ ਦੀ ਅਤੇ ਕਮਿਊਨਿਟੀਜ਼ ਦੀ ਹਿਫਾਜ਼ਤ ਲਈ ਸਾਡੇ ਮੈਂਬਰਾਂ ਦਾ ਪੂਰੀ ਤਰ੍ਹਾਂ




ਵੈਕਸੀਨੇਟ ਹੋਣਾ ਜ਼ਰੂਰੀ ਹੈ।

ਕਈ ਗਰੁੱਪਜ਼ ਤੇ ਬਿਜ਼ਨਸਿਜ਼ ਵੱਲੋਂ ਵੈਕਸੀਨੇਸ਼ਨ ਦਾ ਸਬੂਤ ਦੇਣ ਦੇ ਸ਼ੁਰੂ ਕੀਤੇ ਗਏ ਸਿਲਸਿਲੇ ਵਿੱਚ ਟੋਰਾਂਟੋ ਪੁਲਿਸ ਵੀ ਸ਼ਾਮਲ ਹੋ ਗਈ ਹੈ। ਇਸ ਤੋਂ ਪਹਿਲਾਂ 13 ਸਤੰਬਰ ਨੂੰ ਹੋਣ ਵਾਲੀਆਂ ਹੋਮ ਗੇਮਜ਼ ਲਈ ਟੋਰਾਂਟੋ ਬਲੂ ਜੇਅਜ਼ ਨੇ ਐਲਾਨ ਕੀਤਾ ਸੀ ਕਿ ਰੌਜਰਜ਼ ਸੈਂਟਰ ਆਉਣ ਵਾਲਿਆਂ ਲਈ ਵੈਕਸੀਨ ਦਾ ਸਟੇਟਸ ਵਿਖਾਉਣਾ ਜ਼ਰੂਰੀ ਹੋਵੇਗਾ। ਮਿਰਵਿਸ ਥਿਏਟਰ ਤੇ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵੀ ਆਪਣੇ ਈਵੈਂਟਸ ਤੋਂ ਪਹਿਲਾਂ ਵੈਕਸੀਨ ਸਬੰਧੀ ਲਾਜ਼ਮੀ ਪ੍ਰੋਟੋਕਾਲ ਪੇਸ਼ ਕਰ ਚੁੱਕੇ ਹਨ।

ਇੱਥੇ ਹੀ ਬੱਸ ਨਹੀਂ ਯੂਨੀਵਰਸਿਟੀ ਹੈਲਥ ਨੈੱਟਵਰਕ ਨੇ ਪਿਛਲੇ ਹਫਤੇ ਆਖਿਆ ਸੀ ਕਿ ਜਿਨ੍ਹਾਂ ਸਟਾਫ ਮੈਂਬਰਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ।

# ਵੈਕਸੀਨੇਸ਼ਨ ਲਾਜ਼ਮੀ ਕਰਨ ਦਾ ਟੋਰਾਂਟੋ ਪੁਲਿਸ ਐਸੋਸਿਏਸ਼ਨ ਨੇ ਕੀਤਾ ਵਿਰੋਧ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਸਰਵਿਸ (ਟੀ ਪੀ ਐਸ) ਵੱਲੋਂ ਮੰਗਲਵਾਰ ਨੂੰ ਆਪਣੇ ਸਾਰੇ ਮੈਂਬਰਾਂ ਲਈ ਕੋਵਿਡ-19 ਵੈਕਸੀਨੇਸ਼ਨ ਲਾਜ਼ਮੀ ਕਰਨ ਦੀ ਲਿਆਂਦੀ ਗਈ ਨੀਤੀ ਦਾ 8000 ਤੋਂ ਵੱਧ ਟੋਰਾਂਟੋ ਪੁਲਿਸ ਅਧਿਕਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਟੀ ਪੀ ਐਸ ਨੇ ਆਖਿਆ ਕਿ ਉਹ ਆਪਣੇ ਮੈਂਬਰਾਂ ਲਈ ਕੰਮ ਵਾਲੀ ਥਾਂ ਦੇ ਨਾਲ ਨਾਲ ਜਨਤਾ ਨੂੰ ਵੀ ਸੁਰੱਖਿਅਤ ਰੱਖਣਾ ਚਾਹੁੰਦੇ ਹਨ, ਇਸ ਲਈ ਸਾਰੇ ਮੈਂਬਰਜ਼ ਦਾ ਵੈਕਸੀਨੇਸ਼ਨ ਕਰਵਾਉਣਾ ਲਾਜ਼ਮੀ ਕੀਤਾ ਗਿਆ ਹੈ। 13 ਸਤੰਬਰ ਤੋਂ ਬਾਅਦ ਆਫੀਸਰਜ਼ ਤੇ ਸਟਾਫ ਨੂੰ ਆਪਣੇ ਵੱਲੋਂ ਕਰਵਾਈ ਗਈ ਵੈਕਸੀਨੇਸ਼ਨ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ। ਅਜੇ ਤੱਕ ਇਹ ਨਹੀਂ ਦੱਸਿਆ ਗਿਆ ਹੈ ਕਿ ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ ਖਿਲਾਫ ਕੀ ਕਾਰਵਾਈ ਕੀਤੀ ਜਾਵੇਗੀ। ਪੁਲਿਸ ਫੋਰਸ ਦਾ ਕਹਿਣਾ ਹੈ ਕਿ ਉਹ ਪਬਲਿਕ ਹੈਲਥ ਮਾਪਦੰਡ ਜਿਵੇਂ ਕਿ ਮਾਸਕ ਲਾਉਣਾ ਤੇ ਸੋਸ਼ਲ ਡਿਸਟੈਂਸਿੰਗ ਆਦਿ ਦੇ ਨਾਲ ਨਾਲ ਹਰ ਅਹਿਤਿਆਤ ਵੀ ਵਰਤ ਰਹੀ ਹੈ। ਤਰਜ਼ਮਾਨ ਐਲੀਸਨ ਸਪਾਰਕਸ ਨੇ ਆਖਿਆ ਕਿ ਮੈਡੀਕਲ ਜਾਂ ਹੋਰਨਾਂ ਧਾਰਮਿਕ ਕਾਰਨਾਂ ਲਈ ਲੋਕਾਂ ਨੂੰ ਛੋਟ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਆਖਿਆ ਕਿ ਅਜੇ ਅਸੀਂ ਆਪਣੀ ਨੀਤੀ ਨੂੰ ਵਿਸਥਾਰ ਵਿੱਚ ਤਿਆਰ ਕਰ ਰਹੇ ਹਾਂ ਤੇ ਇਸ ਨੂੰ ਲਾਗੂ ਕਰਨ ਵਿੱਚ ਥੋੜ੍ਹਾ ਸਮਾਂ ਲੱਗੇਗਾ।

ਇੱਕ ਵੱਖਰੇ ਬਿਆਨ ਵਿੱਚ ਟੋਰਾਂਟੋ ਪੁਲਿਸ ਐਸੋਸਿਏਸ਼ਨ ( ਟੀ ਪੀ ਏ ) ਨੇ ਰੇਮਰ ਵੱਲੋਂ ਮਨਜ਼ੂਰ ਕੀਤੇ ਗਏ ਲਾਜ਼ਮੀ ਵੈਕਸੀਨੇਸ਼ਨ ਸਿਸਟਮ ਨੂੰ ਰੱਦ ਕਰ ਦਿੱਤਾ। ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਜੌਨ ਰੀਡ ਨੇ ਆਖਿਆ ਕਿ ਇਸ ਐਲਾਨ ਵਿੱਚ ਕਈ ਵੇਰਵੇ ਹੀ ਨਹੀਂ ਦਿੱਤੇ ਗਏ, ਇਸ ਦਾ ਅਸਰ, ਟਾਈਮਲਾਈਨਜ਼ ਜਾਂ ਸਾਡੇ ਮੈਂਬਰਾਂ ਲਈ ਉਪਲਬਧ ਹੋਰ ਬਦਲ ਆਦਿ ਬਾਰੇ ਜਾਣਕਾਰੀ ਮਿਲਣੀ ਅਜੇ ਬਾਕੀ ਹੈ।

## ਬਿਊਟੀ ਪਾਰਲਰ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਮਸਕਟ ਦੇ ਸ਼ੇਖ਼ ਕੋਲ ਵੇਚ ਦਿੱਤਾ

ਜਲੰਧਰ, 26 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੀ ਇੱਕ ਬਿਊਟੀਸ਼ੀਅਨ ਨੂੰ ਦੁਬਈ ਵਿੱਚ ਬਿਊਟੀ ਪਾਰਲਰ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਮਸਕਟ ਦੇ ਇੱਕ ਸ਼ੇਖ਼ ਨੂੰ ਵੇਚ ਦਿੱਤਾ ਗਿਆ ਹੈ। ਸਵਾ ਦੋ ਸਾਲ ਤੋਂ ਧੀ ਦੇ ਮੁੜ ਆਉਣ ਦੀ ਉਡੀਕ ਵਿੱਚ ਬੈਠੇ 65 ਸਾਲ ਦੇ ਪਿਤਾ ਦੀ ਸ਼ਿਕਾਇਤ ਉੱਤੇ ਥਾਣਾ ਨਵੀਂ ਬਾਰਾਦਰੀ ਵਿੱਚ ਗੋਰ-ਾਇਆ ਦੇ ਪਿੰਡ ਰਾਜ ਗੋਮਲ ਦੇ ਵਾਸੀ ਟ੍ਰੈਵਲ ਏਜੰਟ ਸੁਖਪ੍ਰੀਤ ਸਿੰਘ ਸੰਨੀ, ਉਸ ਦੀ ਪਤਨੀ ਦਲਜੀਤ ਕੌਰ ਉਰਫ ਪੂਜਾ ਉਰਫ ਸੋਨੀਆ ਅਤੇ ਗੋਬਿੰਦਗੜ੍ਹ ਦੇ ਪ੍ਰੇਮ ਨਗਰ ਦੀ ਵਸਨੀਕ ਪ੍ਰਦੀਪ ਕੌਰ ਬੇਬੀ ਵਿਰੁੱਧ ਧਾਰਾ 420, 120 ਬੀ ਅਤੇ ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਦੀ ਧਾਰਾ 13 ਦਾ ਕੇਸ ਦਰਜ ਕੀਤਾ ਗਿਆ ਹੈ।

# ਮਿਸੀਸਾਗਾ ਦੇ ਮਾਲ ਵਿੱਚ ਲੋਕਾਂ ਉੱਤੇ ਹਮਲਾ ਕਰਨ ਵਾਲੀ ਮਹਿਲਾ ਹਿਰਾਸਤ ਵਿੱਚ

ਮਿਸੀਸਾਗਾ, 26 ਅਗਸਤ (ਪੋਸਟ ਬਿਊਰੋ) ; ਮੰਗਲਵਾਰ ਨੂੰ ਮਿਸੀਸਾਗਾ ਦੇ ਸ਼ਾਪਿੰਗ ਮਾਲ ਵਿੱਚ ਕੀਤੇ ਗਏ ਕਥਿਤ ਹਮਲਿਆਂ ਕਾਰਨ ਕਿਚਨਰ, ਓਨਟਾਰੀਓ ਦੀ ਇੱਕ ਮਹਿਲਾ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਸ਼ਾਮੀਂ 5:15 ਵਜੇ ਉਨ੍ਹਾਂ ਨੂੰ ਇੱਕ ਮਹਿਲਾ ਵੱਲੋਂ ਕਈ ਲੋਕਾਂ ਉੱਤੇ ਹਮਲਾ ਕਰਨ ਦੀਆਂ ਖਬਰਾਂ ਮਿਲਣ ਤੋਂ ਬਾਅਦ ਉਹ ਹੁਰੌਨਤਾਰੀਓ ਸਟਰੀਟ ਤੇ ਬਰਨਹੈਮਥੌਰਪ ਰੋਡ ਵੈਸਟ ਨੇੜੇ ਸਥਿਤ ਸ਼ਾਪਿੰਗ ਸੈਂਟਰ ਉੱਤੇ ਪਹੁੰਚੇ। ਇੱਥੇ ਪਹੁੰਚਣ ਉਪਰੰਤ ਇੱਕ 42 ਸਾਲਾ ਮਹਿਲਾ ਨੂੰ ਹਿਰਾ-ਸਤ ਵਿੱਚ ਲਿਆ ਗਿਆ ਤੇ ਉਸ ਉੱਤੇ ਹਮਲੇ ਦੇ ਸੱਤ ਚਾਰਜਿਜ਼ ਲਾਏ ਗਏ। ਇਸ ਦੌਰਾਨ ਇੱਕ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਦਾ ਮਾਮਲਾ ਵੀ ਦਰਜ ਕੀਤਾ ਗਿਆ ਤੇ 5000 ਡਾਲਰ ਤੋਂ ਉੱਪਰ ਦੀ ਸ਼ਰਾਰਤ ਕਰਨ ਦਾ ਮਾਮਲਾ ਵੀ ਦਰਜ ਕੀਤਾ ਗਿਆ ਹੈ। ਜਾਂਚਕਾਰਾਂ ਨੇ ਦੱਸਿਆ ਕਿ ਵੀਡੀਓ ਸਰਵੇਲੈਂਸ ਦੇ ਮੁਲਾਂਕਣ ਤੋਂ ਸਾਹਮਣੇ ਆਇਆ ਹੈ ਕਿ ਇੱਕ ਬਜ਼ੁਰਗ ਮਹਿਲਾ ਤੇ ਨਿੱਕੇ ਬੱਚੇ ਸਮੇਤ ਇਹ ਕਥਿਤ ਹਮਲਾ ਕਈ ਅਣਪਛਾਤੇ ਲੋਕਾਂ ਉੱਤੇ ਇਸ ਮਹਿਲਾ ਵੱਲੋਂ ਕੀਤਾ ਗਿਆ। ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਮਹਿਲਾ ਖਿਲਾਫ ਰਿਪੋਰਟ ਨਹੀਂ ਲਿਖਵਾਈ। ਪੁਲਿਸ ਨੇ ਇਸ ਹਮਲੇ ਦਾ ਸ਼ਿਕਾਰ ਹੋਣ ਵਾਲਿਆਂ, ਚਸ਼ਮਦੀਦਾਂ ਜਾਂ ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਸੰਪਰਕ ਕਰਨ ਲਈ ਆਖਿਆ ਹੈ।

# ਹਥਿਆਰ ਸੁੱਟ ਚੁੱਕੇ ਸੁਰੱਖਿਆ ਮੁਲਾਜ਼ਮਾਂ ਨੂੰ ਤਾਲਿਬਾਨ ਵੱਲੋਂ ਮੌਤ ਦੀ ਸਜ਼ਾ

ਜਨੇਵਾ, 26 ਅਗਸਤ (ਪੋਸਟ ਬਿਊਰੋ)- ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਮਿਸ਼ੇਲ ਬੈਸ਼ਲੇਟ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕੰਟਰੋਲ ਵਾਲੇ ਖੇਤਰਾਂ ਵਿੱਚੋਂ ਵਹਿਸ਼ੀਪੁਣੇ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਵਿੱਚ ਤਾਲਿਬਾਨ ਆਮ ਲੋਕਾਂ ਅਤੇ ਹਥਿਆਰ ਸੁੱਟ ਚੁੱਕੇ ਸੁਰੱਖਿਆ ਮੁਲਾਜ਼ਮਾਂ ਨੂੰ ਮੌਤ ਦੀ ਸਜ਼ਾ ਦੇਣ, ਬਾਲ ਫੌਜੀਆਂ ਦੀ ਭਰਤੀ, ਔਰਤਾਂ ਦੀ ਆਜ਼ਾਦੀ ਨਾਲ ਘੁੰਮਣ ਤੇ ਕੁੜੀਆਂ ਦੇ ਸਕੂਲ ਜਾਣ ਉਤੇ ਰੋਕ ਲਾਉਣ ਦੇ ਕੰਮ ਕਰ ਰਹੇ



ਹਨ ਅਤੇ ਸ਼ਾਂਤੀ ਨਾਲ ਪ੍ਰਦਰਸ਼ਨ ਕਰਦੇ ਲੋਕਾਂ ਦਾ ਦਮਨ ਕੀਤਾ ਜਾ ਰਿਹਾ ਹੈ।

ਬੈਸ਼ਲੇਟ ਨੇ ਕਿਹਾ ਕਿ ਮਨੁੱਖੀ ਅਧਿਕਾਰ ਉਲੰਘਣਾ ਦੀਆਂ ਖ਼ਬਰਾਂ ਦੀ ਜਾਂਚ ਲਈ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਜੰਗ ਪ੍ਰਭਾਵਤ ਦੇਸ਼ ਉਤੇ ਸੰਸਾਰ ਭਾਈਚਾਰੇ ਦੀ ਕੋਸ਼ਿਸ਼ ਐਵੇਂ ਨਹੀਂ ਜਾਣੀ ਚਾਹੀਦੀ। ਇਸ ਫੈਸਲਾਕੁੰਨ ਘੜੀ ਵਿੱਚ ਅਫਗਾਨਿਸਤਾਨ ਦੇ ਲੋਕ ਆਪਣੇ ਅਧਿਕਾਰਾਂ ਦੀ ਰਾਖੀ ਲਈ ਮਨੁੱਖੀ ਅਧਿਕਾਰ ਪ੍ਰੀਸ਼ਦ ਵੱਲ ਦੇਖ ਰਹੇ ਹਨ। ਬੈਸ਼ਲੇਟ ਨੇ ਅਫਗਾਨਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸਥਿਤੀ ਉਤੇ ਨਜ਼ਰ ਰੱਖਣ ਲਈ ਇੱਕ ਸਮਰਪਤ ਸਿਸਟਮ ਦੀ ਸਥਾਪਨਾ ਕਰਨ ਅਤੇ ਹਿੰਮਤੀ ਤੇ ਠੋਸ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ।

# ਕੈਨੇਡਾ ਨੂੰ ਆਪਣੀ ਗ੍ਰੀਨ ਟਰੈਵਲ ਲਿਸਟ ਵਿੱਚ ਸ਼ਾਮਿਲ ਕਰੇਗਾ ਯੂ ਕੇ




ਲੰਡਨ, 26 ਅਗਸਤ (ਪੋਸਟ ਬਿਊਰੋ) : ਅਗਲੇ ਸੋਮਵਾਰ ਤੋਂ ਯੂਨਾਈਟਿਡ ਕਿੰਗਡਮ ਵੱਲੋਂ ਕੈਨੇਡਾ ਨੂੰ ਆਪਣੀ "ਗ੍ਰੀਨ" ਟਰੈਵਲ ਲਿਸਟ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ।

ਇਸ ਤੋਂ ਭਾਵ ਹੈ ਕਿ ਯੂਕੇ ਲਈ ਟਰੈਵਲ ਕਰਨ ਵਾਲੇ ਕੈਨੇਡੀਅਨਜ਼ ਨੂੰ ਉੱਥੇ ਪਹੁੰਚਣ ਉੱਤੇ ਕੁਆਰਨਟੀਨ ਕਰਨ ਦੀ ਲੋੜ ਨਹੀਂ ਹੋਵੇਗੀ। ਅਜਿਹਾ ਉਸ ਸੂਰਤ ਵਿੱਚ ਵੀ ਹੋਵੇਗਾ ਜੇ ਕੈਨੇਡੀਅਨ ਪੂਰੀ ਤਰ੍ਹਾਂ ਵੈਕਸੀਨੇਟਿਡ ਨਹੀਂ ਹਨ। ਬ੍ਰਿਟਿਸ਼ ਡਿਪਾਰਟਮੈਂਟ ਫੌਰ ਟਰਾਂਸਪੋਰਟ ਨੇ ਆਖਿਆ ਕਿ ਇਸ ਦੇ ਬਾਵਜੂਦ ਯੂਕੇ ਲਈ ਰਵਾਨਾ ਹੋਣ ਤੋਂ ਤਿੰਨ ਦਿਨ ਪਹਿਲਾਂ ਟਰੈਵਲਰਜ਼ ਨੂੰ ਕੋਵਿਡ-19 ਟੈਸਟ ਕਰਵਾਉਣਾ ਹੋਵੇਗਾ ਤੇ ਉੱਥੇ ਪਹੁੰਚਣ ਤੋਂ ਦੋ ਦਿਨ ਬਾਅਦ ਵੀ ਇਹ ਟੈਸਟ ਕਰਵਾਉਣਾ ਹੋਵੇਗਾ।

ਇਹ ਤਬਦੀਲੀ 30 ਅਗਸਤ ਨੂੰ ਸਵੇਰੇ 4:00 ਵਜੇ ਤੋਂ ਲਾਗੂ ਹੋ ਜਾਵੇਗੀ। ਯੂਨਾਈਟਿਡ ਕਿੰਗਡਮ ਵੱਲੋਂ ਡੈਨਮਾਰਕ, ਫਿਨਲੈਂਡ, ਲਿਕਟੈਂਸਟਾਈਨ, ਲਿਥੁਏਨੀਆ, ਸਵਿਟਜ਼ਰਲੈਂਡ ਤੇ ਐਜ਼ੋਰਜ਼ ਨੂੰ ਵੀ ਆਪਣੀ ਇਸ ਗ੍ਰੀਨ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

# ਨਸ਼ਿਆਂ ਤੇ ਹਥਿਆਰਾਂ ਦੀ ਸਮਗਲਿੰਗ ਦੇ ਸਬੰਧ ਵਿੱਚ ਚਾਰ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਵਾਅਨ, 26 ਅਗਸਤ (ਪੋਸਟ ਬਿਊਰੋ): ਯੌਰਕ ਰੀਜਨ ਵਿੱਚ ਸਰਚ ਵਾਰੰਟ ਜਾਰੀ ਕਰਨ ਤੋਂ ਬਾਅਦ ਲਈ ਗਈ ਤਲਾਸ਼ੀ ਮਗਰੋਂ ਚਾਰ ਵਿਅਕਤੀਆਂ ਨੂੰ ਨਸ਼ਿਆਂ ਤੇ ਹਥਿਆਰਾਂ ਨਾਲ ਸਬੰਧਤ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ੱਕੀ ਡਰੱਗ ਡੀਲਰ ਦੇ ਸਬੰਧ ਵਿੱਚ ਯੌਰਕ ਪੁਲਿਸ ਵੱਲੋਂ ਜਾਂਚ 2021 ਦੀ ਸ਼ੁਰੂਆਤ ਵਿੱਚ ਸ਼ੁਰੂ ਕੀਤੀ ਗਈ ਸੀ।

ਮਸ਼ਕੂਕ ਦੇ ਵਾਅਨ ਸਥਿਤ ਘਰ ਵਿੱਚੋਂ ਕਥਿਤ ਤੌਰ ਉੱਤੇ ਕ੍ਰਿਸਟਲ ਮੈੱਥ, ਕੋਕੀਨ, ਹੈਰੋਇਨ, ਫੈਂਟਾਨਿਲ ਤੇ ਮੈਜਿਕ ਮਸ਼ਰੂਮ ਦੇ ਨਾਲ ਹੀ ਕਈ ਸੈੱਲਫੋਨ ਤੇ ਨਕਦੀ ਵੀ ਬਾਰਮਦ ਕੀਤੀ ਗਈ। ਨਿਊਮਾਰਕਿਟ ਦੇ ਇੱਕ ਹੋਰ ਘਰ ਵਿੱਚ ਰਹਿਣ ਵਾਲਿਆਂ ਨੇ ਕੋਕੀਨ ਦੇ ਪੈਕੇਟ ਟੁਆਇਲਟ ਵਿੱਚ ਫਲੱਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕੇ।

ਪੁਲਿਸ ਅਧਿਕਾਰੀਆਂ ਵੱਲੋਂ ਦਿੱਤੀ



ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ 115 ਗ੍ਰਾਮ ਕੋਕੀਨ, ਓਪੀਓਡ ਪਿੱਲਜ਼, ਕ੍ਰਿਸਟਲ ਮੈੱਥ ਤੇ ਫੈਂਟਾਨਿਲ ਦੇ ਨਾਲ ਨਾਲ ਕਈ ਤਰ੍ਹਾਂ ਦੇ ਅਸਲੀ ਹਥਿਆਰ ਤੇ ਹਥਿਆਰਾਂ ਦੀ ਨਕਲ, ਲਾਂਗ ਗੰਨ, ਬ੍ਰਾਸ ਨੱਕਲ ਤੇ ਬਟਰਫਲਾਈ ਨਾਈਫ ਵੀ ਮਿਲੇ। ਟੋਰਾਂਟੋ ਵਿੱਚ ਇੱਕ ਸਟੋਰੇਜ ਯੂਨਿਟ ਤੋਂ ਕਥਿਤ ਤੌਰ ਉੱਤੇ ਕਈ ਹਥਿਆਰ ਵੀ ਪੁਲਿਸ ਨੇ ਬਰਾਮਦ ਕੀਤੇ ਜਿਨ੍ਹਾਂ ਵਿੱਚ ਦੋ ਸ਼ਾਟਗੰਨਜ਼, ਇੱਕ ਰਾਈਫਲ, ਇੱਕ ਹੈਂਡਗੰਨ ਤੇ 150 ਰੱਦ ਵੀ ਮਿਲੇ।

ਇਸ ਦੌਰਾਨ ਪੁਲਿਸ ਨੇ ਵਾਅਨ ਦੇ 25 ਸਾਲਾ ਪੈਡਰਾਮ ਸਾਦੇਘੀ, 35 ਸਾਲਾ ਸ਼ਿਰੀਨ ਸਾਮਾਵਤੀ ਨੂੰ ਚਾਰਜ ਕੀਤਾ ਹੈ ਤੇ ਇਨ੍ਹਾਂ ਉੱਤੇ ਡਰੱਗ ਤੇ ਹਥਿਆਰਾਂ ਦੀ ਸਮਗਲਿੰਗ ਦੇ ਚਾਰਜ ਲਾਏ ਗਏ ਹਨ। ਨਿਊਮਾਰਕਿਟ ਦੇ 51 ਸਾਲਾ ਸਾਹਰਾਮ ਸਾਦੇਘੀ ਤੇ 48 ਸਾਲਾ ਗੀਤੀ ਸਾਦੇਘੀ ਨੂੰ ਵੀ ਡਰੱਗ ਸਮਗਲਿੰਗ ਅਤੇ ਪੁਲਿਸ ਦੇ ਕੰਮ ਵਿੱਚ ਅੜਿੱਕਾ ਡਾਹੁਣ ਲਈ ਚਾਰਜ ਕੀਤਾ ਗਿਆ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਸਤੰਬਰ ਨੂੰ ਮਿਸੀਸਾਗਾ ਵਿੱਚ ਲਾਇਆ ਜਾ ਰਿਹਾ ਹੈ ਕਾਊਂਸਲਰ ਕੈਂਪ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ ਐਤਵਾਰ 5 ਸਤੰਬਰ ਨੂੰ ਮਿਸੀਸਾਗਾ ਵਿੱਚ ਕਾਊਂਸਲਰ ਕੈਂਪ ਲਾਇਆ ਜਾ ਰਿਹਾ ਹੈ।

ਇਸ ਦੌਰਾਨ ਕਾਊਂਸਲਰ ਸਬੰਧਤ ਕਈ ਤਰ੍ਹਾਂ ਦੇ ਮੁੱਦੇ ਜਿਵੇਂ ਕਿ ਪਾਸਪੋਰਟ, ਵੀਜ਼ਾ, ਓਸੀਆਈ, ਅਟੈਸਟੇਸ਼ਨ, ਪੀਸੀਸੀ, ਸਰੈਂਡਰ ਸਰਟੀਫਿਕੇਟ ਤੇ ਲਾਈਫ ਸਰਟੀਫਿਕੇਟ ਆਦਿ ਹੱਲ ਕੀਤੇ ਜਾਣਗੇ। ਇਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

| ਕਾਊਂਸਲਰ ਕੈਂਪ ਦੀ ਥਾਂ | ਮਿਤੀ | ਸਮਾਂ |
|---|---|---|
| ਹਿੰਦੂ ਹੈਰੀਟੇਜ ਸੈਂਟਰ, 6300 ਮਿਸੀਸਾਗਾ ਰੋਡ, ਮਿਸੀਸਾਗਾ, ਓਨਟਾਰੀਓ, ਐਲ 5 ਐਨ ਆਈ ਏ7 | ਐਤਵਾਰ, 5 ਸਤੰਬਰ 2021 | ਸਵੇਰੇ 10:00 ਵਜੇ ਤੋਂ ਦੁਪਹਿਰ ਦੇ 1:00 ਵਜੇ ਤੱਕ |

2. ਓਨਟਾਰੀਓ ਵਿੱਚ ਲਾਕਡਾਊਨ ਹਟਾਏ ਜਾਣ ਦੇ ਮੱਦੇਨਜ਼ਰ ਕਾਊਂਸਲੇਟ ਜਨਰਲ ਆਫ ਇੰਡੀਆ ਨੇ ਭਾਰਤੀ ਕਮਿਊਨਿਟੀ ਨੂੰ ਦਰਪੇਸ਼ ਦਿੱਕਤਾਂ ਹੱਲ ਕਰਨ ਲਈ ਮਿਸੀਸਾਗਾ ਵਰਗੀ ਲੋਕੇਸ਼ਨ ਉੱਤੇ ਇਹ ਕੈਂਪ ਲਾਉਣ ਦਾ ਫੈਸਲਾ ਕੀਤਾ ਹੈ। ਇਸ ਲਈ ਭਾਰਤੀ ਕਮਿਊਨਿਟੀ ਨੂੰ ਇਸ ਕਾਊਂਸਲਰ ਕੈਂਪ ਵਿੱਚ ਹਿੱਸਾ ਲੈ ਕੇ ਆਪਣੀਆਂ ਸਮੱਸਿਆਵਾਂ ਹੱਲ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਕਿਰਪਾ ਕਰਕੇ ਇਹ ਨੋਟ ਕੀਤਾ ਜਾਵੇ ਕਿ ਇਹ ਕੈਂਪ ਲੰਮੇਂ ਸਮੇਂ ਤੋਂ ਪੈਂਡਿੰਗ ਮੁੱਦਿਆਂ ਨੂੰ ਹੱਲ ਕਰਨ ਲਈ ਲਾਇਆ ਜਾ ਰਿਹਾ ਹੈ ਤੇ ਇਹ ਕਾਊਂਸਲਰ ਸੇਵਾਵਾਂ ਦੇਣ ਲਈ ਨਹੀਂ ਲਾਇਆ ਜਾ ਰਿਹਾ। ਫਿਰ ਵੀ, ਜੇ ਅਰਜ਼ੀਆਂ ਸਹੀ ਤਰਤੀਬ ਵਿੱਚ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਬੀਐਲਐਸ ਸੈਂਟਰਜ਼ ਵਿੱਚ ਜਮ੍ਹਾਂ ਕਰਵਾਉਣ ਲਈ ਮਨਜ਼ੂਰੀ ਦੇ ਦਿੱਤੀ ਜਾਵੇਗੀ। ਬਿਨੈਕਾਰਾਂ ਨੂੰ ਆਪਣੇ ਨਾਲ ਪਾਸਪੋਰਟ ਦੀ ਅਸਲ ਕਾਪੀ ਤੇ ਪੀ ਆਰ ਕਾਰਡ ਲਿਆਉਣ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ।

3. ਕੋਵਿਡ-19 ਦੇ ਹਾਲਾਤ ਦੇ ਚੱਲਦਿਆਂ ਤੇ ਇਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ, ਇਸ ਕਾਊਂਸਲਰ ਕੈਂਪ ਵਿੱਚ ਆਉਣ ਵਾਲੇ ਸਾਰੇ ਬਿਨੈਕਾਰਾਂ ਨੂੰ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਜਾਰੀ ਸਿਹਤ ਸਬੰਧੀ ਨਿਯਮਾਂ ਦੀ ਪਾਲਣਾ ਕਰਨ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ। ਇਸ ਵਿੱਚ ਇੱਕ ਸਮੇਂ ਵਿੱਚ ਇੱਕ ਥਾਂ ਉੱਤੇ ਇੱਕਠੇ ਹੋਣ ਵਾਲੇ ਲੋਕਾਂ ਦੀ ਗਿਣਤੀ ਤੇ ਜਨਤਕ ਥਾਵਾਂ ਉੱਤੇ ਫੇਸ ਮਾਸਕ ਲਾਉਣ ਦੀ ਸ਼ਰਤ ਨੂੰ ਮੰਨਣ ਦੀ ਵੀ ਅਪੀਲ ਕੀਤੀ ਜਾਂਦੀ ਹੈ। ਸਾਰੇ ਕੰਮਕਾਜ ਨੂੰ ਸਹੀ ਢੰਗ ਨਾਲ ਚਲਾਉਣ ਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ ਤੋਂ ਬਚਾਉਣ ਲਈ ਬਿਨੈਕਾਰਾਂ ਨੂੰ ਪ੍ਰਬੰਧਕਾਂ ਵੱਲੋਂ ਦਿੱਤੇ ਜਾਣ ਵਾਲੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਵੀ ਅਪੀਲ ਕੀਤੀ ਜਾਂਦੀ ਹੈ। ਤੁਹਾਨੂੰ ਬਿਹਤਰ ਸੇਵਾਵਾਂ ਦੇਣ ਲਈ ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ।

4. ਕਿਰਪਾ ਕਰਕੇ ਉਸ ਸੂਰਤ ਵਿੱਚ ਕਾਊਂਸਲਰ ਕੈਂਪ ਵਾਲੀ ਥਾਂ ਉੱਤੇ ਵਿਜ਼ਿਟ ਨਾ ਕੀਤਾ ਜਾਵੇ ਜੇ ਤੁਹਾਨੂੰ ਕੋਵਿਡ-19 ਹੈ ਜਾਂ ਫਿਰ ਬੁਖਾਰ, ਖੰਘ, ਛਿੱਕਾਂ ਆਉਣ ਤੇ ਨੱਕ ਵਗਣ ਵਰਗੇ ਲੱਛਣ ਹਨ ਜਾਂ ਫਿਰ ਤੁਸੀਂ ਪਿਛਲੇ 14 ਦਿਨਾਂ ਵਿੱਚ ਕੈਨੇਡਾ ਤੋਂ ਬਾਹਰ ਕਿਤੇ ਟਰੈਵਲ ਕੀਤਾ ਹੈ।

5. ਕਾਊਂਸਲਰ ਕੈਂਪ ਦੌਰਾਨ ਸੇਵਾਵਾਂ ਦਾ ਆਨੰਦ ਲੈਣ ਲਈ ਕਿਰਪਾ ਕਰਕੇ ਆਪਣੇ ਵੇਰਵਿਆਂ ਨਾਲ https://forms.gle/v6zj6Ghftd6migHG6 ਉੱਤੇ ਰਜਿਸਟਰ ਕਰੋ।

## ਅੱਜ ਨਾਮਾ

ਤਾਲਿਬਾਨ ਜਦ ਫੇਰ ਹਨ ਆਏ ਮੂਹਰੇ,
ਉਹੀਓ ਨੀਤੀਆਂ ਕੱਢ ਲਿਆਏ ਮੀਆਂ।
ਕੁੜੀਆਂ-ਮੁੰਡੇ ਨਾ ਪੜ੍ਹਨਗੇ ਬੈਠ 'ਕੱਠੇ,
ਸਖਤ ਨਿਯਮ ਆ ਲਾਗੂ ਕਰਾਏ ਮੀਆਂ।
ਰਹਿਣ ਬੀਬੀਆਂ ਬੈਠੀਆਂ ਘਰਾਂ ਅੰਦਰ,
ਘਰੋਂ ਬਾਹਰ ਨਾ ਕੋਈ ਵੀ ਜਾਏ ਮੀਆਂ।
ਮੰਨਣਾ ਪਵੇਗਾ ਹੋਵੇਗਾ ਹੁਕਮ ਜਿਹੜਾ,
ਅੱਗੇ ਕਿੰਤੂ ਨਹੀਂ ਕੋਈ ਉਠਾਏ ਮੀਆਂ।
ਤਾਲਿਬਾਨ ਕੋਈ ਹੁੰਦੀ ਨਾ ਫੌਜ-ਫੋਰਸ,
ਕੱਟੜਵਾਦ ਦੀ ਤਿੱਖੀ ਇਹ ਸੋਚ ਮੀਆਂ।
ਜਿਹੜੇ ਮੁਲਕ ਦੇ ਵਿੱਚ ਵੀ ਹੋਈ ਭਾਰੂ,
ਆਉਂਦੀ ਦੇਸ਼ ਦੀ ਚਾਲ ਨੂੰ ਮੋਚ ਮੀਆਂ।

**ਤੀਸ ਮਾਰ ਖਾਂ**

# ਕੇਜ਼ਰੀਵਾਲ ਦੀ ਹਾਜ਼ਰੀ ਵਿੱਚ ਸੇਵਾ ਸਿੰਘ ਸੇਖਵਾਂ ਨੇ ਵੀ ਆਮ ਆਦਮੀ ਪਾਰਟੀ ਦਾ ਝਾੜੂ ਫੜਿਆ





ਚੰਡੀਗੜ੍ਹ, 26 ਅਗਸਤ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਵਿੱਚ ਕੈਬਿਨੇਟ ਮੰਤਰੀ ਰਹੇ ਸੇਵਾ ਸਿੰਘ ਸੇਖਵਾਂ ਨੇ ਅੱਜ ਆਮ ਆਦਮੀ ਪਾਰਟੀ ਦਾ ਝਾੜੂ ਫੜ ਲਿਆ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਪਿੰਡ ਸੇਖਵਾਂ ਪੁੱਜ ਕੇ ਪਾਰਟੀ ਵਿੱਚਸ਼ਾਮਲ ਕੀਤਾ ਹੈ।

ਇਸ ਮੌਕੇ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਆਪਣੇ ਰਹਿੰਦੇ ਸਾਹਾਂ ਤੱਕ ਇਸ ਪਾਰਟੀ ਦੀ ਸੇਵਾ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਜਿਹੜੀ ਸੇਵਾ ਉਨ੍ਹਾਂ ਨੂੰ ਸੌਂਪੇਗੀ, ਉਹ ਸਿਰ ਮੱਥੇ ਪ੍ਰਵਾਨ ਕਰਨਗੇ।ਸੇਖਵਾਂ ਨੇ ਕਿਹਾ ਕਿ 'ਮੈਂ ਬੀਤੇ 7-8 ਮਹੀਨਿਆਂ ਤੋਂ ਠੀਕ ਨਹੀਂ ਸੀ। ਇਹ ਮੇਰਾ ਪਤਾ ਲੈਣ ਆਏ ਹਨ।ਮੇਰੀ ਤੇ ਇਨ੍ਹਾਂ ਦੀ ਪਾਰਟੀ ਵੱਖ ਸੀ।' ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਅਤੇ ਦੇਸ਼ ਦਾ ਭਵਿੱਖ ਹਨ, ਉਹ ਮੇਰਾ ਪਤਾ ਲੈਣ ਆਏ ਹਨ, ਇਹ ਵੱਡੀ ਗੱਲ ਹੈ। ਮੇਰੇ ਪਿਤਾ ਉਜਾਗਰ ਸਿੰਘ ਸੇਖਵਾਂ ਅਕਾਲੀ ਦਲ ਦੇ ਫਾਊਂਡਰ ਅਤੇ ਅਕਾਲੀ ਦਲ ਦੇ ਪ੍ਰਧਾਨ ਰਹੇ ਹਨ। ਸਾਡੀਆਂ ਤਿੰਨ ਪੀੜ੍ਹੀਆਂ ਨੇ ਅਕਾਲੀ ਦਲ ਦੀ ਸੇਵਾ ਕੀਤੀ, ਪਰ ਇੰਨਾ ਕਰਨ ਦੇ ਬਾਵਜੂਦ ਅਕਾਲੀ ਦਲ ਦਾ ਕੋਈ ਆਗੂ ਮੇਰਾ ਹਾਲ ਪੁੱਛਣ ਵੀ ਨਹੀਂ ਆਇਆ।'

ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਨੇ ਕਿਹਾ ਕਿ ਉਹ ਅਜੇ ਸਿਆਸਤ ਵਿੱਚ ਨਵੇਂ ਹਨ, ਪਰ ਪੰਜਾਬ ਦੇ ਲੋਕ ਜਾਣਦੇ ਹਨ ਕਿ ਸੇਵਾ ਸਿੰਘ ਸੇਖਵਾ ਅਤੇ ਉਨ੍ਹਾਂ ਦੇ ਪਰਿਵਾਰ ਨੇ ਪੰਜਾਬ ਲਈ ਕੀ ਯੋਗਦਾਨ ਪਾਇਆ ਹੈ, ਮੈਂ ਇਨ੍ਹਾਂ ਦਾ ਆਸ਼ੀਰਵਾਦ ਲੈਣ ਆਇਆ ਹਾਂ।' ਕੇਜਰੀਵਾਲ ਦੇ ਨਾਲ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ, ਪੰਜਾਬ ਦੇ ਇੰਚਾਰਜ ਜਰਨੈਲ ਸਿੰਘ, ਉੱਪ ਇੰਚਾਰਜ ਰਾਘਵ ਚੱਢਾ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਚੀਮਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

## ਤਖ਼ਤ ਪਟਨਾ ਸਾਹਿਬ ਤੋਂ 15 ਕਿਲੋ ਸੋਨਾ, 32 ਕਰੋੜ ਰੁਪਏ ਦੀ ਐੱਫ.ਡੀ.ਗ਼ਾਇਬ

ਪਟਨਾ, 26 ਅਗਸਤ, (ਪੋਸਟ ਬਿਊਰੋ)- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੀ ਚੁਣੀ ਗਈ ਨਵੀਂ ਕਮੇਟੀ ਨੂੰ ਤਖ਼ਤ ਸਾਹਿਬ ਦਾ 15 ਕਿਲੋ ਸੋਨਾ ਅਤੇ 32 ਕਰੋੜ ਦੇ ਕਰੀਬ ਐੱਫਡੀ ਨਾ ਸੌਂਪਣ ਤੇ ਗਾਇਬ ਕਰਨ ਦੀ ਸ਼ਿਕਾਇਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੀਤੀ ਗਈ ਹੈ।



ਇਹ ਸ਼ਿਕਾਇਤ ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਸ੍ਰੀ ਅਕਾਲ ਤਖ਼ਤ ਵਿਖੇ ਕਾਰਵਾਈ ਲਈ ਭੇਜੀ ਹੈ, ਜਿਸ ਉੱਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਕਮੇਟੀ ਬਣਾ ਦਿੱਤੀ ਹੈ।ਗਿਆਨੀ ਰਣਜੀਤ ਸਿੰਘ ਗੌਹਰ ਨੇ ਕਿਹਾ ਕਿ ਇਸ ਮੁੱਦੇ ਤੋਂਲੋਕਲ ਸੰਗਤਾਂ ਵਿਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਚੋਣ ਹਾਰ ਗਿਆ ਅਤੇ ਨਵੀਂ ਚੋਣ ਹੋਈ ਹੈ ਤਾਂ ਚੁਣੇ ਅਹੁਦੇਦਾਰਾਂ ਨੂੰ ਚਾਰਜ ਦੇਣ ਦੀ ਥਾਂ ਸਾਬਕਾ ਜਨਰਲ ਸੈਕਟਰੀਅਤੇ ਸੈਕਟਰੀ ਦਫ਼ਤਰ ਨੂੰ ਤਾਲੇ ਮਾਰ ਕੇ ਚਾਬੀਆਂ ਲੈ ਗਏ ਹਨ। ਉਨ੍ਹਾਂ ਕਿਹਾ ਕਿ ਉਥੋਂ ਦਾ ਦਫ਼ਤਰ ਬੰਦ ਹੋਣ ਕਾਰਨ ਕੰਮਰੁਕ ਗਿਆ ਤੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਆਸ ਪ੍ਰਗਟਾਈ ਕਿ ਜਾਂਚ ਕਮੇਟੀ ਜਲਦੀ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਨੂੰ ਸੌਂਪੇਗੀ ਤਾਂ ਜੋ ਅਗਲੀ ਕਾਰਵਾਈਲਈ ਆਦੇਸ਼ ਜਾਰੀ ਹੋ ਸਕੇ। ਜਾਂਚ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਚੂੰਘਾਂ ਅਤੇ ਗੁਰਪ੍ਰੀਤ ਸਿੰਘ ਝੱਬਰ ਨੂੰ ਸ਼ਾਮਲ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੈਕਟਰੀਏਟ ਦੇ ਸੈਕਟਰੀ ਗੁਰਮੀਤ ਸਿੰਘ ਕੋਆਰਡੀਨੇਟਰ ਹੋਣਗੇ।

# ਭਾਰਤ ਸਰਕਾਰ ਵੱਲੋਂ ਅਫਗਾਨਿਸਤਾਨ ਸਮੱਸਿਆ ਬਾਰੇ ਸਰਬ ਪਾਰਟੀ ਮੀਟਿੰਗ

*** ਸਰਕਾਰ ਨੇ ਤਾਲਿਬਾਨ ਨਾਲ ਗੱਲਬਾਤ ਦੇ ਸੰਕੇਤ ਦਿੱਤੇ**



ਨਵੀਂ ਦਿੱਲੀ, 26 ਅਗਸਤ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਇਕ ਵਾਰ ਫਿਰ ਸੰਕੇਤ ਦਿੱਤਾ ਹੈ ਕਿ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੀ ਸਰਕਾਰ ਬਣਨ ਪਿੱਛੋਂ ਉਹ ਉਸ ਨਾਲ ਗੱਲਬਾਤ ਦਾ ਰਾਹ ਖੋਲ੍ਹ ਸਕਦਾ ਹੈ, ਪਰ ਇਸ ਬਾਰੇ ਵਿੱਚ ਹਾਲਾਤ ਦੀ ਪੂਰੀ ਸਮੀਖਿਆ ਅਤੇ ਸੁਰੱਖਿਆ ਨਾਲ ਜੁੜੇ ਮੁੱਦਿਆਂ ਦਾ ਧਿਆਨ ਰੱਖ ਕੇ ਹੀ ਫ਼ੈਸਲਾ ਹੋਵੇਗਾ।ਅੱਜ ਵੀਰਵਾਰ ਨੂੰ ਅਫਗਾਨਿਸਤਾਨ ਬਾਰੇ ਸਰਬ ਪਾਰਟੀ ਬੈਠਕ ਵਿੱਚ ਸਵਾਲਾਂ ਦਾ ਜਵਾਬ ਦੇਂਦਿਆਂ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਵਿਦੇਸ਼ ਸੈਕਟਰੀ ਹਰਸ਼ ਸ਼੍ਰਿੰਗਲਾ ਨੇਇਹ ਸੰਕੇਤ ਦਿੱਤਾ ਹੈ।

ਸਰਬ ਪਾਰਟੀ ਬੈਠਕ ਤੋਂ ਬਾਅਦ ਜੈਸ਼ੰਕਰ ਨੇ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਜੋ ਹਾਲਾਤ ਬਣੇ ਹਨ, ਉਸ ਵਿੱਚ ਭਾਰਤ ਰਾਸ਼ਟਰੀ ਏਕਤਾ ਦੀ ਭਾਵਨਾ ਮੁਤਾਬਕ ਨੀਤੀ ਧਾਰਨ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉੱਥੇ ਹਾਲੇ ਅਸਥਿਰਤਾ ਹੋਣ ਕਾਰਨ ਹਾਲਾਤ ਸਥਿਰ ਹੋਣ ਦੀ ਉਡੀਕ ਕਰਨੀ ਪੈਣੀ ਹੈ। ਇਸ ਸਰਬ ਪਾਰਟੀ ਮੀਟਿੰਗ ਵਿੱਚ 31 ਪਾਰਟੀਆਂ ਦੇ 37 ਪ੍ਰਤੀਨਿਧਾਂ ਨੇ ਹਿੱਸਾ ਲਿਆ ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਵਿਦੇਸ਼ ਸੈਕਟਰੀ ਹਰਸ਼ ਸ਼੍ਰਿੰਗਲਾ ਨੇ ਅਫ਼ਗਾਨਿਸਤਾਨ ਵਿੱਚ ਭਾਰਤ ਦੇ ਹਿੱਤਾਂ ਲਈ ਚੁੱਕੇ ਕਦਮਾਂ ਦੀ ਜਾਣਕਾਰੀ ਦਿੱਤੀ। ਜੈਸ਼ੰਕਰ ਨੇ ਕਿਹਾ ਕਿ ਅਫ਼ਗਾਨਿਸਤਾਨ ਦੇ ਹਾਲਾਤ ਹਾਲੇ ਗੰਭੀਰ ਹਨ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਭਾਰਤ ਨੇ ਅੱਜ ਤਕ 563 ਲੋਕਾਂ ਨੂੰ ਕਾਬੁਲਤੋਂ ਕੱਢਿਆ ਹੈ। ਇਨ੍ਹਾਂ ਵਿੱਚ ਭਾਰਤੀ ਮਿਸ਼ਨਾਂ ਵਿੱਚ ਕੰਮ ਕਰਦੇ 175 ਲੋਕ, 263 ਦੂਸਰੇ ਭਾਰਤੀ, 112 ਅਫ਼ਗਾਨਿਸਤਾਨੀ ਸਿੱਖ ਅਤੇ ਹਿੰਦੂ ਤੇ ਹੋਰ ਦੇਸ਼ਾਂ ਦੇ 15 ਨਾਗਰਿਕ ਸ਼ਾਮਲ ਹਨ। ਕੁਝ ਦੂਸਰੀਆਂ ਏਜੰਸੀਆਂ ਨੇ ਵੀ ਭਾਰਤੀਆਂ ਨੂੰ ਉੱਥੋਂ ਕੱਢਿਆ ਹੈ।ਮੰਤਰਾਲੇ ਦੇ ਸੂਤਰਾਂ ਨੇ ਦਿੱਤੀ ਹੈ ਕਿ ਹਾਲੇ ਉੱਥੋਂ ਲੋਕਾਂ ਨੂੰ ਕੱਢਣਾ ਬਹੁਤ ਔਖਾ ਹੈ। ਕਾਬੁਲ ਏਅਰਪੋਰਟ ਦੇ ਬਾਹਰ ਤੇ ਅੰਦਰ ਗੋਲੀ ਚੱਲ ਰਹੀ ਹੈ ਅਤੇ ਕਿਸੇ ਲਈ ਏਅਰਪੋਰਟ-ਪਹੁੰਚਣਾ ਮੁਸ਼ਕਲ ਹੈ, ਕਿਉਂਕਿ ਜਗ੍ਹਾ-ਜਗ੍ਹਾ ਬੈਰੀਕੇਡ ਲੱਗੇ ਹਨ। ਜਹਾਜ਼ਾਂ ਦੇ ਉਤਰਨ ਤੇ ਉਡਾਣ ਦੀ ਇਜਾਜ਼ਤ ਲੈਣਾ ਵੀ ਔਖਾ ਹੈ। ਕਈ ਦੇਸ਼ਾਂ ਦਾ ਤਾਲਮੇਲ ਬਣਨ ਤੋਂ ਬਾਅਦ ਅਫ਼ਗਾਨਿਸਤਾਨ ਤੋਂ ਉਡਾਣ ਕੀਤੀ ਜਾ ਰਹੀ ਹੈ, ਕਿਉਂਕਿ ਰਾਤ ਨੂੰ ਉਡਾਣਾਂ ਲਈ ਦੂਸਰੇ ਦੇਸ਼ਾਂ ਤੋਂ ਵੀ ਮਨਜ਼ੂਰੀ ਲੈਣੀ ਪੈ ਰਹੀ ਹੈ।

# ਕੈਪਟਨ ਅਮਰਿੰਦਰ ਵੱਲੋਂ ਚੰਡੀਗੜ੍ਹ ਵਿਖੇ ਡਿਨਰ ਡਿਪਲੋਮੇਸੀ ਦੌਰਾਨ ਸ਼ਕਤੀ ਪ੍ਰਦਰਸ਼ਨ

*** ਸਰਕਾਰ ਵੱਲੋਂ ਵੱਡੇ ਖਿਡਾਰੀਆਂ ਨੂੰ ਨੌਕਰੀਆਂ ਦਾ ਰਾਹ ਸਾਫ**



ਚੰਡੀਗੜ੍ਹ, 26 ਅਗਸਤ, (ਪੋਸਟ ਬਿਊਰੋ)- ਪਿਛਲੇ ਦਿਨੀਂਹੋਈਆਂ ਟੋਕੀਓ ਓਲੰਪਿਕ ਖੇਡਾਂ ਵਿੱਚ ਦੇਸ਼ ਦਾ ਨਾਮ ਰੋਸ਼ਨ ਕਰਨ ਵਾਲੇ ਪੰਜਾਬ ਦੇ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਸਨਮਾਨ ਕਰਨ ਮੌਕੇ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ ਅੱਜ ਪੰਜਾਬ ਸਰਕਾਰ ਨੇ ਚੋਟੀ ਦੇ ਖਿਡਾਰੀਆਂ ਲਈ ਨੌਕਰੀਆਂ ਦੇਣ ਦਾ ਰਾਹ ਸਾਫ ਕਰ ਦਿੱਤਾ ਹੈ।

ਇਸ ਦੌਰਾਨ ਪੰਜਾਬ ਕਾਂਗਰਸ ਵਿੱਚ ਬਗਾਵਤ ਵਾਲੀ ਚਿੰਗਾੜੀ ਦਾ ਸੇਕ ਘਟਾਉਣ ਲਈ ਮੁੱਖ ਮੰਤਰੀ ਅਮਰਿੰ-ਦਰ ਸਿੰਘ ਨੇ ਅੱਜ ਆਪਣੀ ਤਾਕਤ ਦਿਖਾਈ ਤੇ ਡਿਨਰ ਡਿਪਲੋਮੇਸੀ ਕੀਤੀ ਹੈ। ਅੱਜ ਵੀਰਵਾਰ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਘਰ ਡਿਨਰ ਵਿੱਚ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਤੋਂ ਬਿਨਾ ਲਗਭਗ 58 ਵਿਧਾਇਕ ਤੇ ਅੱਠ ਪਾਰਲੀਮੈਂਟ ਮੈਂਬਰ ਮੌਜੂਦ ਸਨ।ਇਸ ਮੌਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਮੰਤਰੀਆਂ ਤੇ ਵਿਧਾਇਕਾਂ ਦੀਆਂ ਡਿਨਰ ਮੌਕੇ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ। ਖਾਸ ਗੱਲ ਇਹ ਸੀ ਕਿ ਡਿਨਰ ਉਸ ਸਰਕਾਰੀ ਘਰ ਵਿਚ ਹੋਇਆ ਸੀ, ਜਿਹੜਾ ਕਦੇ ਨਵਜੋਤ ਸਿੰਘ ਸਿੱਧੂ ਨੂੰ ਅਲਾਟ ਕੀਤਾ ਗਿਆ ਸੀ।ਦੱਸਿਆ ਜਾ ਰਿਹਾ ਹੈ ਕਿ ਡਿਨਰ ਲਈ ਇਸ ਜਗ੍ਹਾ ਦੀ ਚੋਣ ਇਸ ਲਈ ਕੀਤੀ ਗਈ ਹੈ ਕਿ ਨਵਜੋਤ ਸਿੰਘ ਸਿੱਧੂਦੇ ਖੇਮੇ ਨੂੰ ਤਾਕਤ ਦਾ ਸੁਨੇਹਾ ਦਿੱਤਾ ਜਾ ਸਕੇ।

ਉਸ ਤੋਂ ਪਹਿਲਾਂ ਅੱਜ ਪੰਜਾਬ ਕੈਬਨਿਟ ਦੀ ਮੀਟਿੰਗ ਦੌਰਾਨ ਪੰਜਾਬ ਖਿਡਾਰੀ ਭਰਤੀ ਨਿਯਮ 1988 ਦੇ ਨਿਯਮ 3 ਵਿੱਚ ਸੋਧ ਕਰ ਕੇ ਇਸ ਵਿੱਚ ਨਿਯਮ 3 ਏ ਸ਼ਾਮਲ ਕਰਨ ਨਾਲ ਓਲੰਪਿਕ ਖੇਡਾਂ, ਏਸ਼ੀਆਈ ਖੇਡਾਂ ਅਤੇ ਕਾਮਨਵੈੱਲਥ ਖੇਡਾਂ ਦੇ ਨਾਲ ਵਿਸ਼ਵ ਕੱਪ ਟੂਰਨਾਮੈਂਟਾਂ ਵਿੱਚ ਬਿਹਤਰ ਪ੍ਰਦਰਸ਼ਨ ਵਾਲੇ ਖਿਡਾਰੀਆਂ ਨੂੰ ਖੇਡ ਕੋਟੇ ਹੇਠ ਭਰਤੀ ਕਰਨ ਦੇ ਲਈ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਨਵੇਂ ਨਿਯਮ ਨੂੰ ਸ਼ਾਮਲ ਕਰਨ ਨਾਲ ਓਲੰਪਿਕ ਖੇਡਾਂ, ਚਾਰ ਸਾਲਾਂ ਬਾਅਦ ਹੋਣ ਵਾਲੇ ਕੌਮਾਂਤਰੀ ਮੁਕਾਬਲਿਆਂ, ਵਿਸ਼ਵ ਕੱਪ/ ਚੈਂਪੀਅਨਸ਼ਿਪਾਂ (ਫੀਫਾ ਵਿਸ਼ਵ ਕੱਪ ਫੁਟਬਾਲ, ਆਈ ਏ ਏ ਐਫ ਵਿਸ਼ਵ ਕੱਪ ਅਥਲੈਟਿਕਸ, ਫੀਬਾ ਬਾਸਕਟਬਾਲ ਵਿਸ਼ਵ ਕੱਪ, ਵਾਲੀਬਾਲ ਵਿਸ਼ਵ ਕੱਪ ਅਤੇ ਹਾਕੀ ਵਿਸ਼ਵ ਕੱਪ), ਏਸ਼ੀਅਨ ਖੇਡਾਂ ਅਤੇ ਕਾਮਨਵੈੱਲਥ ਖੇਡਾਂ ਵਿੱਚ ਤਮਗੇ ਜਿੱਤਣ ਵਾਲੇ ਖਿਡਾਰੀਆਂ ਨੂੰ ਸਟੇਟ ਸਿਵਲ ਸਰਵਿਸਜ਼ ਅਤੇ ਪੰਜਾਬ ਦੇਨਾਲ ਸਬੰਧਤ ਪੋਸਟਾਂ ਉੱਤੇ ਨਿਯੁਕਤੀਆਂ ਮਿਲ ਸਕਣਗੀਆਂ।

ਅੱਜ ਹੀ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪੰਜਾਬ ਪੰਜਾਬ ਵਿਧਾਨ ਸਭਾ ਦਾ ਇਕ ਰੋਜ਼ਾ ਵਿਸ਼ੇਸ਼ ਸੈਸ਼ਨ 3 ਸਤੰਬਰ 2021 ਨੂੰ ਸੱਦਣ ਦਾ ਫੈਸਲਾ ਵੀ ਕੀਤਾ ਹੈ।

# ਹਰੀਸ਼ ਰਾਵਤ ਨੇ ਕਿਹਾ: ਮਾਲੀ ਵਰਗੇ ਸਲਾਹਕਾਰਾਂ ਨੂੰ ਨਵਜੋਤ ਸਿੰਘ ਸਿੱਧੂ ਚੱਲਦਾ ਕਰੇ ਜਾਂ ਮੈਂ ਕਰ ਦੇਵਾਂਗਾ

ਚੰਡੀਗੜ੍ਹ, 26 ਅਗਸਤ, (ਪੋਸਟ ਬਿਊਰੋ)- ਕਾਂਗਰਸ ਦੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰਾਂ, ਤੇ ਖਾਸ ਕਰ ਕੇ ਮਾਲਵਿੰਦਰ ਸਿੰਘ ਮਾਲੀ ਤੋਂ ਕਾਂਗਰਸ ਹਾਈਕਮਾਨ ਪ੍ਰੇਸ਼ਾਨ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਹੈ ਕਿ ਅਜਿਹੇ ਸਲਾਹਕਾਰਾਂ ਦੀ ਕਾਂਗਰਸ ਨੂੰ ਕੋਈ ਲੋੜ ਨਹੀਂ, ਸਿੱਧੂ ਜਾਂ ਤਾਂ ਮਾਲੀ ਨੂੰ ਖੁਦ ਹਟਾ ਦੇਣ, ਨਹੀਂ ਤਾਂ ਇਹ ਕੰਮ ਉਹ ਕਰਨਗੇ। ਇਕ ਨਿੱਜੀ ਚੈਨਲ ਉੱਤੇਹਰੀਸ਼ ਰਾਵਤ ਨੇ ਕਿਹਾ, ਮਾਲੀ ਦਾ ਕਸ਼ਮੀਰ ਬਾਰੇ ਬਿਆਨ ਕਾਂਗਰਸ ਦੀ ਵਿਚਾਰਧਾਰਾ ਦੇ ਉਲਟ ਹੈ।ਉਨ੍ਹਾ ਨੇ ਮਾਲੀ ਦੇ ਬਹਾਨੇ ਸਿੱਧੂ ਨੂੰ ਵੀ ਸੰਦੇਸ਼ ਦਿੱਤਾਅਤੇ ਕਿਹਾ ਕਿ ਮਾਲੀ ਕਾਂਗਰਸ ਦੇ ਨਹੀਂ, ਸਿੱਧੂ ਦੇ ਸਲਾਹਕਾਰ ਹਨ, ਪਾਰਟੀ ਨੂੰਏਦਾਂ ਦੇ ਸਲਾਹਕਾਰਾਂ ਦੀ ਕੋਈ ਲੋੜ ਨਹੀਂ। ਵਰਨਣ ਯੋਗ ਹੈ ਕਿ ਨਵਜੋਤ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਨੇ ਆਪਣੇ ਫੇਸਬੁੱਕ ਉੱਤੇ ਕਸ਼ਮੀਰ ਬਾਰੇ ਲਿਖਿਆ ਸੀ ਕਿ ਕਸ਼ਮੀਰ ਇਕ ਆਜ਼ਾਦ ਦੇਸ਼ ਸੀ,ਭਾਰਤ ਨੇ ਇਸ ਉੱਤੇ ਕਬਜ਼ਾ ਕੀਤਾ ਪਿਆ ਹੈ। ਮਾਲੀ ਦੇ ਇਸ ਬਿਆਨਨਾਲ ਪੰਜਾਬ ਤੋਂ ਦਿੱਲੀ ਤਕ ਸਿਆਸਤ ਗਰਮਾਈ ਅਤੇ ਕਾਂਗਰਸ ਨੇ ਖ਼ੁਦ ਨੂੰ ਇਸ ਬਿਆਨ ਤੋਂ ਵੱਖ ਕਰ ਲਿਆ।ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇ ਪੀ ਨੱਡਾ ਨੇ ਮਾਲੀ ਦੇ ਇਸ ਬਿਆਨ ਬਾਰੇ ਕਾਂਗਰਸ ਦੀ ਨਿੰਦਾ ਕੀਤੀ, ਪਰ ਚਾਰੇ ਪਾਸਿਓਂ ਦਬਾਅ ਦੇ ਬਾਵਜੂਦ



ਨਵਜੋਤ ਸਿੰਘ ਸਿੱਧੂ ਨੇ ਮਾਲਵਿੰਦਰ ਸਿੰਘ ਮਾਲੀ ਦੇ ਬਿਆਨ ਵਿਰੁੱਧ ਮੂੰਹ ਨਹੀਂ ਖੋਲ੍ਹਿਆ, ਜਿਸ ਕਾਰਨ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੂੰ ਕਹਿਣਾ ਪਿਆ ਕਿ ਜੇ ਨਵਜੋਤ ਸਿੰਘ ਸਿੱਧੂ ਉਸ ਨੂੰ ਨਹੀਂ ਹਟਾਉਂਦੇ ਤਾਂ ਉਹ ਆਦੇਸ਼ ਦੇ ਕੇ ਹਟਾ ਦੇਣਗੇ। ਰਾਵਤ ਨੇ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ।

ਸਿਆਸੀ ਜਾਣਕਾਰਾਂ ਮੁਤਾਬਕ ਰਾਵਤ ਨੇ ਇਕ ਤਰ੍ਹਾਂ ਨਵਜੋਤ ਸਿੰਘ ਸਿੱਧੂ ਨੂੰ ਇਹ ਸੰਕੇਤ ਦਿੱਤਾ ਹੈ ਕਿ ਸਥਿਤੀ ਸੰਭਾਲ ਲੈਣ, ਕਿਉਂਕਿ ਉਨ੍ਹਾਂ ਦੇ ਸਲਾਹਕਾਰ ਦੇ ਕਾਰਨ ਕਾਂਗਰਸ ਦਾ ਦੇਸ਼ ਪੱਧਰ ਉੱਤੇ ਨੁਕਸਾਨ ਹੋ ਰਿਹਾ ਹੈ। ਮਾਲੀ ਦਾ ਬਿਆਨ ਪੰਜਾਬ ਤੱਕ ਹੀ ਸੀਮਤ ਨਹੀਂ, ਕਸ਼ਮੀਰ ਨਾਲ ਜੁੜਿਆ ਹੋਣ ਕਾਰਨ ਇਸ ਦਾ ਅਸਰ ਪੂਰੇ ਦੇਸ਼ ਉੱਤੇ ਪੈਂਦਾ ਹੈ। ਦੂਸਰੇ ਪਾਸੇ ਮਾਲਵਿੰਦਰ ਸਿੰਘ ਮਾਲੀ ਕਹਿ ਰਿਹਾ ਹੈ ਕਿ ਮੈਨੂੰ ਸਲਾਹਕਾਰ ਦੇ ਅਹੁਦੇ ਤੋਂ ਉਦੋਂ ਹਟਾਇਆ ਜਾ ਸਕਦਾ ਹੈ, ਜੇ ਮੈਨੂੰ ਕੋਈ ਨਿਯੁਕਤੀ ਪੱਤਰ ਦਿੱਤਾ ਹੋਵੇ, ਮੈਨੂੰ ਤਾਂ ਸਲਾਹਕਾਰ ਬਣਾ ਕੇ ਸਿਰਫ਼ ਮਾਨਤਾ ਦਿੱਤੀ ਗਈ ਹੈ।

ਇਸ ਦੌਰਾਨ ਹਰੀਸ਼ ਰਾਵਤ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਉਨ੍ਹਾਂ ਨੂੰ ਮਿਲੀਆਂ ਦੋ ਜ਼ਿੰਮੇਵਾਰੀਆਂ ਵਿੱਚੋਂ ਇਕ ਤੋਂ ਮੁਕਤ ਹੋਣਾ ਚਾਹੁੰਦੇ ਹਨ। ਜੇ ਪੰਜਾਬ ਦਾ ਕੇਸ ਨਾ ਆਇਆ ਹੁੰਦਾ ਤਾਂ ਉਹ ਅਗਲੇ ਦਿਨਾਂ ਵਿੱਚ ਹਾਈ ਕਮਾਨ ਨੂੰ ਪੰਜਾਬ ਦੀ ਜ਼ਿੰਮੇਵਾਰੀ ਤੋਂ ਮੁਕਤ ਕਰਨ ਦੀ ਅਪੀਲ ਕਰ ਦਿੰਦੇ, ਪਰ ਪੰਜਾਬ ਮੁੱਦੇ ਕਾਰਨ ਕੁਝ ਦਿਨ ਸੇਵਾ ਐਕਸਟੈਂਸ਼ਨ ਮਿਲ ਗਈ ਹੈ। ਅਸਲ ਵਿੱਚ ਉਤਰਾਖੰਡ ਤੇ ਪੰਜਾਬ, ਦੋਵੇਂ ਰਾਜਾਂ ਵਿੱਚ ਅਗਲੇ ਕੁਝ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਪੰਜਾਬ ਦੇ ਇੰਚਾਰਜ ਦੇ ਨਾਲ ਉਤਰਾਖੰਡ ਵਿੱਚ ਪਾਰਟੀ ਦੇ ਚੋਣ ਮੁਹਿੰਮ ਦੇ ਮੁਖੀ ਦੀ ਦੋਹਰੀ ਜ਼ਿੰਮੇਵਾਰੀ ਉਨ੍ਹਾਂ ਕੋਲ ਹੈ। ਇਸ ਬਾਰੇ ਹਰੀਸ਼ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਕੇਂਦਰੀ ਆਗੂਆਂ ਨੂੰ ਆਪਣੀ ਇੱਛਾ ਦੱਸੀ ਹੋਈ ਹੈ, ਪਰ ਉਹ ਜਲਦੀ ਹੀ ਇਹ ਗੱਲ ਹਾਈਕਮਾਨ ਨੂੰ ਕਹਿਣ ਵਾਲੇ ਹਨ ਕਿ ਉਨ੍ਹਾਂ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੱਤਾ ਜਾਵੇ।

# ਘਰਾਂ ਦਾ ਸਾਮਾਨ ਵੇਚਣ ਨੂੰ ਮਜ਼ਬੂਰ ਹਨ ਅਫਗਾਨਿਸਤਾਨ ਦੇ ਲੋਕ

ਕਾਬੁਲ, 26 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕਬਜ਼ੇ ਦੇ ਨੌਂ ਦਿਨ ਪਿੱਛੋਂ ਵੀ ਰਾਜਧਾਨੀ ਕਾਬੁਲ ਦੀਆਂ ਸੜਕਾਂ ਉੱਤੇ ਕਿਸੇ ਪਾਸੇ ਕੋਈ ਔਰਤ ਅਤੇ ਬੱਚੇ ਨਹੀਂ ਦਿਸਣਗੇ। ਬਹੁਤੇ ਬਾਜ਼ਾਰ ਸੁੰਨੇ ਹਨ। ਲੋਕ ਆਪਣੇ ਭਵਿੱਖ ਬਾਰੇ ਦਹਿਸ਼ਤ ਵਿੱਚ ਹਨ। ਇਥੋਂ ਦੇ ਵਪਾਰੀਆਂ ਨੂੰ ਆਪਣਾ ਭਵਿੱਖ ਹਨੇਰੇ ਵਿੱਚ ਦਿੱਸ ਰਿਹਾ ਹੈ। ਸਥਾਨਕ ਵਪਾਰੀ ਦਸਦੇ ਹਨ ਕਿ ਤਾਲਿਬਾਨ ਦੀ ਦਹਿਸ਼ਤ ਕਾਰਨ ਲੋਕ ਘਰਾਂ ਤੋਂ ਨਹੀਂ ਨਿਕਲ ਰਹੇ ਅਤੇ ਪੂਰਾ ਕਾਰੋਬਾਰ ਠੱਪ ਪਿਆ ਹੈ। ਇੱਕੋ ਹਫਤੇ ਵਿੱਚ ਦੇਸ਼ ਦੀ ਸੱਤਾ ਬਾਰੇ ਲੋਕਾਂ ਦਾ ਵਤੀਰਾ ਬਦਲ ਗਿਆ ਹੈ। 27 ਸਾਲਾ ਵਪਾਰੀ ਤਾਸ਼ਗੀ ਨੇ ਕਿਹਾ "ਅਸੀਂ ਆਪਣਾ ਘਰ ਚਲਾਉਣਾ ਹੈ। ਜਾਨ ਖਤਰੇ ਵਿੱਚ ਰੱਖ ਕੇ ਕਈ ਦਿਨਾਂ ਦੇ ਬਾਅਦ ਅੱਜ ਮੈਂ ਅਤੇ ਮੇਰੇ ਗੁਆਂਢੀ ਨੇ ਆਪਣੀਆਂ ਦੁਕਾਨਾਂ ਖੋਲ੍ਹੀਆਂ ਹਨ, ਪ੍ਰੰਤੂ ਇੱਥੇ ਖਰੀਦਦਾਰ ਨਹੀਂ ਹਨ।" ਜੰਗ ਨਾਲ ਤਬਾਹ ਕਾਬੁਲ ਦੇ ਵੱਡੇ ਹਿੱਸੇ ਉਦਾਸ ਹਨ। ਬਿਊਟੀ ਸੈਲੂਨ, ਔਰਤਾਂ ਦੇ ਕੱਪੜੇ ਤੇ ਗਹਿਣਿਆਂ ਦੀਆਂ ਦੁਕਾਨਾਂ ਬੰਦ ਹਨ, ਕਿਉਂਕਿ ਔਰਤਾਂ-ਬੱਚੇ ਘਰਾਂ ਵਿੱਚ ਕੈਦ ਹਨ। ਗਰੀਬੀ ਇੰਨੀ ਵਧ ਗਈ ਹੈ ਕਿ ਲੋਕਾਂ ਨੂੰ ਆਪਣੇ ਘਰਾਂ ਦਾ ਕੀਮਤੀ ਸਾਮਾਨ ਫੁੱਟਪਾਥ ਉਤੇ ਰੱਖ ਕੇ ਵੇਚਦੇ ਹੋਏ ਦੇਖਿਆ ਜਾ ਸਕਦਾ ਹੈ। ਦੁੱਧ, ਮੱਖਣ, ਫਲ ਅਤੇ ਸਬਜ਼ੀਆਂ ਵਰਗੀਆਂ ਰੋਜ਼ਮੱਰਾ ਦੀ ਜ਼ਰੂਰਤ ਦੀਆਂ ਵਸਤੂਆਂ ਦੀ ਕਮੀ ਹੈ। ਦੁੱਗਣੀ ਕੀਮਤ ਦੇ ਕੇ ਵੀ ਸਾਮਾਨ ਨਹੀਂ ਮਿਲਦਾ। ਫਲਾਂ ਅਤੇ ਸਬਜ਼ੀਆਂਦੀ ਮੁੱਖ ਮੰਡੀ ਪਿਛਲੇ ਇੱਕ ਹਫਤੇ ਤੋਂ ਬੰਦ ਹੈ। ਫਲ ਵਿਕਰੇਤਾ ਨੂਰ ਵਲੀ ਮੁਤਾਬਕ ਪਾਕਿਸਤਾਨ ਨਾਲ ਲੱਗਦੀ ਹੱਦ ਫਲਾਂ ਅਤੇ ਸਬਜ਼ੀਆਂ ਦੇ ਵਪਾਰ ਦਾ ਪ੍ਰਮੁੱਖ ਮਾਰਗ ਹੈ। ਇਹ ਕਈ ਦਿਨਾਂ ਤੋਂ ਬੰਦ ਹੈ। ਇਸ ਲਈ ਤਾਜ਼ੇ ਫਲ ਅਤੇ ਸਬਜ਼ੀਆਂ ਦਾ ਅਕਾਲ ਹੈ।

ਦੇਸ਼ ਦੇ ਬਾਕੀ ਇਲਾਕਿਆਂ ਵਿੱਚ ਸਥਿਤੀ ਅਲੱਗ ਹੈ। ਗਜ਼ਨੀ ਸ਼ਹਿਰ ਦੀਆਂ ਸੜਕਾਂ ਉਤੇ ਚਹਿਲ-ਪਹਿਲ ਹੈ। ਇਥੇ ਸਥਾਨਕ ਪਾਰਕ ਵਿੱਚ ਕਬੱਡੀ ਦੇ ਮੈਚ ਹੋ ਰਹੇ ਹਨ। ਇਨ੍ਹਾਂ ਨੂੰ ਤਾਲਿਬਾਨੀ ਲੜਾਕੇ ਅਤੇ ਆਮ ਲੋਕ ਇਕੱਠੇ ਦੇਖਦੇ ਹਨ। ਮੈਚ ਦੇਖ ਰਹੇ ਮੁਸਤਫਾ ਨੇ ਕਿਹਾ, ਇਸ ਵਾਰ ਤਾਲਿਬਾਨ ਬਦਲ ਗਿਆ ਹੈ। ਉਹ ਕਾਫੀ ਮਿਲਣਸਾਰ ਦਿੱਸਦੇ ਹਨ।

# ਸਿੱਖ ਰਾਜ ਅਤੇ ਅੰਗਰੇਜ਼ੀ ਸ਼ਾਸਨ ਵੇਲੇ ਜਾਰੀ ਕੀਤੀਆਂ ਸਜ਼ਾਵਾਂ ਪਾਕਿ ਵਿੱਚ ਅਜੇ ਵੀ ਜਾਰੀ

ਲਾਹੌਰ, 26 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਿੱਖ ਰਾਜ ਅਤੇ ਅੰਗਰੇਜ਼ੀ ਸ਼ਾਸਨ ਵੇਲੇ ਜਾਰੀ ਕੀਤੀਆਂ ਗਈਆਂ ਸਜ਼ਾਵਾਂ ਅਜੇ ਵੀ ਜਾਰੀ ਹਨ। ਓਥੋਂ ਦੇ ਖ਼ੈਬਰ ਪਖਤੂਨਖਵਾ ਰਾਜ ਦੇ ਕਸਬੇ ਲੰਡੀ ਕੋਤਲ ਦੀ ਆਰਮੀ ਛਾਉਣੀ ਵਿੱਚ ਇੱਕ ਬੋਹੜ ਦਾ ਰੁੱਖ ਪਿਛਲੇ 123 ਸਾਲਾਂ ਤੋਂ ਸੰਗਲਾਂ ਨਾਲ ਜਕੜਿਆ ਹੋਇਆ ਹੈ ਅਤੇ ਇਸ ਉੱਤੇ ਲੱਗੇ ਲੱਕੜੀ ਦੇ ਬੋਰਡ ਉੱਤੇ ਅੰਗਰੇਜ਼ੀ ਵਿੱਚ 'ਆਈ ਐਮ ਅੰਡਰ ਅਰੈਸਟ' ਲਿਖ ਕੇ ਹੇਠਾਂ ਇਸ ਰੁੱਖ ਉਤੇਇਸ ਗ੍ਰਿਫ਼ਤਾਰੀ ਬਾਰੇ ਸਾਰੀ ਜਾਣਕਾਰੀ ਵੀ ਦਰਜ ਕੀਤੀ ਗਈ ਹੈ, ਜਿਸ ਨੂੰ ਪੜ੍ਹ ਕੇ ਹਰ ਕੋਈ ਹੈਰਾਨ ਹੋ ਜਾਂਦਾ ਹੈ।

ਮਿਲੇ ਵੇਰਵੇ ਮੁਤਾਬਕ ਸੰਨ 1898 ਵਿੱਚ ਨਸ਼ੇ ਵਿੱਚ ਧੁੱਤ ਇੱਕ ਅੰਗਰੇਜ਼ ਅਫ਼ਸਰ ਜੈਮਸ ਸਕਵਾਈਡ ਉਕਤ ਛਾਉਣੀ ਵਿੱਚ ਘੁੰਮ-ਫਿਰ ਰਿਹਾ ਸੀ ਤਾਂ ਉਸ ਨੂੰ ਲੱਗਾ ਕਿ ਸਾਹਮਣੇ ਤੋਂ ਬੋਹੜ ਦਾ ਰੁੱਖ ਉਸ ਵੱਲ ਆ ਰਿਹਾ ਹੈ। ਉਹ ਇਹ ਵੇਖ ਕੇ ਬੁਰੀ ਤਰ੍ਹਾਂ ਨਾਲ ਘਬਰਾ ਗਿਆ ਅਤੇ ਆਸ-ਪਾਸ ਮੌਜੂਦ ਫੌਜੀਆਂ ਨੂੰ ਹੁਕਮ ਦਿੱਤਾ ਕਿ ਉਹ ਇਸ ਰੁੱਖ ਨੂੰ ਤੁਰੰਤ ਗ੍ਰਿਫ਼ਤਾਰ ਕਰ ਲੈਣ।ਇਸ ਦੇ ਨਾਲ ਹੀ ਉਸ ਨੇ ਬ੍ਰਿਟਿਸ਼ ਰਾਜ ਫ਼ਰੰਟੀਅਰ ਕ੍ਰਾਈਮ ਰੈਗੁਲੈਸ਼ਨ (ਐਫ ਸੀ ਆਰ) ਅਧੀਨ ਇਹ ਹੁਕਮ ਜਾਰੀ ਕੀਤਾ ਕਿ ਇਹ ਰੁੱਖ ਫੌਜ ਦੀ ਗ੍ਰਿਫ਼ਤਤੋਂ ਭੱਜਣਾ ਨਹੀਂ ਚਾਹੀਦਾ ਇਸ ਲਈ ਇਸ ਨੂੰ ਸੰਗਲਾਂ ਨਾਲ ਬੰਨ੍ਹ ਕੇ ਰੱਖਿਆ ਜਾਵੇ। ਉਸ ਵਕਤ ਤੋਂ ਉਸ ਰੁੱਖ ਨੂੰ ਸੰਗਲਾਂ ਨਾਲ ਬੰਨ੍ਹਿਆ ਪਿਆ ਹੈ।

ਇਸ ਦੇ ਇਲਾਵਾ ਖ਼ੈਬਰ ਪਖਤੂਨਖਵਾ ਦੇ ਜ਼ਿਲ੍ਹਾ ਚਰਸਦਾ ਦੇ ਕਿਲ੍ਹਾ ਸ਼ੰਕਰਗੜ੍ਹ ਦੇ ਪ੍ਰਮੁੱਖ ਦਰਵਾਜ਼ੇ ਵੀ ਪਿਛਲੇ 181 ਸਾਲਾਂ ਤੋਂ ਸੰਗਲਾਂ ਵਿੱਚ ਜਕੜੇ ਹੋਏ ਹਨ। ਵਰਨਣ ਯੋਗ ਹੈ ਕਿ ਬਿਜੋੜ ਦੱਰਾ ਕੰਧਾਰ ਅਤੇ ਕਾਬਲ ਵੱਲੋਂ ਪਿਸ਼ਾਵਰ ਉੱਤੇ ਹਮਲਾ ਕਰਨ ਤੋਂ ਪਹਿਲਾਂ ਹਮਲਾਵਰਾਂ ਦੇ ਲਸ਼ਕਰ ਚਰਸਦਾ ਵਿੱਚ ਆਪਣਾ ਪੜ੍ਹਾਅ ਰੱਖਦੇ ਸਨ ਅਤੇ ਇਸੇ ਰਸਤੇ ਪਿਸ਼ਾਵਰ ਵਿੱਚ ਲੁੱਟ-ਮਾਰ ਕਰਨ ਪਿੱਛੋਂ ਪੰਜਾਬ ਵੱਲ ਵਧਦੇ ਸਨ। ਇਸ ਉੱਤੇ ਕਾਬੂ ਪਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1837 ਵਿੱਚ ਇੱਕ ਉਚੇ ਟਿੱਲੇ ਉੱਤੇ ਪੱਥਰਾਂ ਤੇ ਗਾਰੇ ਨਾਲ ਨਕਸ਼ਾਨਵੀਸ ਤੋਤਾ ਰਾਮ ਰਾਹੀਂ ਤਿਆਰ ਕੀਤੇ ਨਕਸ਼ੇ ਦੇ ਆਧਾਰ ਉੱਤੇ ਇਹ ਕਿਲ੍ਹਾ ਬਣਵਾਇਆ ਸੀ। ਦੱਸਿਆ ਜਾਂਦਾ ਹੈ ਕਿ ਸੰਨ 1840 ਵਿੱਚ ਕਬਾਇਲੀ ਪਠਾਣਾਂ ਦਾ ਲਸ਼ਕਰ ਕਿਲ੍ਹੇ ਦੇ 12 ਫੁੱਟ ਉਚੇ ਦਰਵਾਜ਼ੇ ਤੋੜ ਕੇ ਅੰਦਰ ਆ ਗਿਆ ਅਤੇ ਲੜਾਈ ਦੌਰਾਨ ਭਾਵੇਂ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਅਗਵਾਈ ਹੇਠ ਸਿੱਖ ਫ਼ੌਜ ਨੇ ਕਬਾਇਲੀਆਂ ਨੂੰ ਹਰਾ ਦਿੱਤਾ, ਪਰ ਇਸ ਲੜਾਈ ਵਿੱਚ ਸਿੱਖ ਦਰਬਾਰ ਦਾ ਬਹੁਤ ਵੱਡਾ ਜਾਨੀ ਅਤੇ ਮਾਲੀ ਮੁਕਸਾਨ ਹੋਇਆ ਸੀ। ਇਸ ਪਿੱਛੋਂਸ਼ੇਰ ਸਿੰਘਨੇਦੁਸ਼ਮਣ ਫੌਜ ਵੱਲੋਂ ਕਿਲ੍ਹੇ ਵਿੱਚ ਦਾਖ਼ਲ ਹੋਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਮੁਕ-ਦਮਾ ਚਲਾਇਆ ਅਤੇ ਸਿੱਖ ਦਰਬਾਰ ਦੇ ਇਟਾਲੀਅਨ ਜਰਨੈਲ ਸੀ. ਵੈਨਤੂਰਾ ਨੂੰ ਵੀ ਜਿਊਰੀ ਮੈਂਬਰਾਂ ਵਿੱਚ ਸ਼ਾਮਲ ਕੀਤਾ। ਵੈਨਤੂਰਾ ਨੇ ਇਸ ਦੇ ਲਈ ਕਿਲ੍ਹੇ ਦੇ ਦਰਵਾਜ਼ੇ ਕਮਜ਼ੋਰ ਦੱਸ ਕੇ ਦਰਵਾਜ਼ਿਆਂ ਅਤੇ ਦਰਵਾਜ਼ੇ ਬਣਾਉਣ ਵਾਲੇ ਕਾਰੀਗਰਾਂ ਨੂੰ ਦੋਸ਼ੀ ਦੱਸਿਆ। ਫਿਰਕਾਰੀਗਰਾਂ ਨੂੰ ਸਖ਼ਤ ਸਜ਼ਾ ਦੇਣ ਦੇ ਨਾਲ ਦਰਵਾਜ਼ਿਆਂ ਨੂੰ 100 ਸਾਲਾਂ ਲਈ ਲੋਹੇ ਦੇ ਸੰਗਲਾਂ ਵਿੱਚ ਜਕੜੇ ਜਾਣ ਦੀ ਸਜ਼ਾ ਸੁਣਾਈ ਗਈ, ਜੋ ਅਜੇ ਤੱਕ ਕਾਇਮ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Grand Upholstery Ltd

Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212

2053 williams Pkway unit #45, Brampton, ON L6S 5T4 Email: grandupholsery@gmail.com

# ਸੰਪਾਦਕੀ

## ਅਫਗਾਨਸਤਾਨ – ਕੀ ਹੈ ਚੇਤੇ ਰੱਖਣ ਯੋਗ?

'ਜਿਹਨਾਂ ਨੇ ਇਹ ਘਿਨਾਉਣੀ ਕਰਤੂਤ ਕੀਤੀ ਹੈ ਜਾਂ ਜੋ ਲੋਕ ਅਮਰੀਕਾ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ, ਮੈਂ ਉਹਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਬਖਸਾਂਗੇ ਨਹੀਂ, ਅਸੀਂ ਭੁੱਲਾਂਗੇ ਨਹੀਂ, ਅਸੀਂ ਤੁਹਾਡਾ ਖੁਰਾ ਖੋਜ ਕੱਢਾਂਗੇ ਅਤੇ ਇਸਦੀ ਕੀਮਤ ਅਦਾ ਕਰਵਾਈ ਜਾਵੇਗੀ', ਇਹ ਸ਼ਬਦ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਕਾਬੁਲ ਵਿੱਚ ਹੋਏ ਦੋ ਧਮਾਕਿਆਂ ਵਿੱਚ 12 ਅਮਰੀਕੀਆਂ ਅਤੇ 60 ਅਫਗਾਨੀ ਨਾਗਰਿਕਾਂ ਦੇ ਮਾਰੇ ਜਾਣ ਤੋਂ ਬਾਅਦ ਅਮਰੀਕਾ ਜਨਤਾ ਨੂੰ ਸੰਬੋਧਨ ਕਰਦੇ ਹੋਏ ਆਖੇ। ਇਸਦੇ ਉਲਟ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਉਬਿਕ ਸਿਟੀ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਬਿਆਨ ਦਿੱਤਾ, 'ਇਹ ਸਿਰਫ਼ ਅਫਗਾਨਸਤਾਨ ਲਈ ਹੀਂ ਨਹੀਂ ਸਗੋਂ ਕੈਨੇਡਾ ਸਮੇਤ ਪੂਰੇ ਵਿਸ਼ਵ ਲਈ ਬਹੁਤ ਹੀ ਕਰੜਾ ਦਿਨ ਹੈ ਅਤੇ ਅਸੀਂ ਆਪਣਾ ਕੰਮ ਜਾਰੀ ਰੱਖਾਂਗੇ'। ਦਿਲਚਸਪ ਸੀ ਕਿ ਟਰੂਡੋ ਨੇ ਇਹ ਬਿਆਨ ਦੇਣ ਦੀ ਸ਼ੁਰੂਆਤ ਆਪਣੇ ਰਿਵਾਇਤੀ ਹਾਸੇ ਭਰੇ ਚਿਹਰੇ ਨਾਲ ਕੀਤੀ। ਗੰਭੀਰਤਾ ਉਹਨਾਂ ਦੇ ਹੋਠਾਂ ਅਤੇ ਚਿਹਰੇ ਉੱਤੇ ਨਹੀਂ ਸੀ।

ਟਰੂਡੋ ਕਿੰਨੀ ਗੰਭੀਰ ਸਖਸ਼ਿਅਤ ਦੇ ਮਾਲਕ ਹਨ, ਇਹ ਇੱਕ ਵੱਖਰੀ ਚਰਚਾ ਦਾ ਵਿਸ਼ਾ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਕੈਨੇਡੀਅਨ ਪਬਲਿਕ ਅਫਗਾਨਸਤਾਨ ਵਿੱਚ ਫੈਡਰਲ ਸਰਕਾਰ ਦੀ ਲਾਹਪਰਵਾਹ ਪਹੁੰਚ ਨੂੰ ਲੈ ਕੇ ਲੈ ਕੇ ਗੰਭੀਰ ਨਹੀਂ ਹੈ। ਸਹੀ ਕਿ ਫੈਡਰਲ ਮੰਤਰੀ ਮਰੀਅਮ ਮੌਨਸਫ ਲਈ ਤਾਲੀਬਾਨ 'ਭਰਾ' ਹਨ। ਇਸ ਦ੍ਰਿਸ਼ਟੀਕੋਣ ਤੋਂ ਕਾਬੁਲ ਵਿੱਚ ਧਮਾਕੇ ਕਰਨ ਵਾਲੇ 'ਆਈਸਿਸ' ਅਤਿਵਾਦੀ ਵੀ ਮਰੀਅਮ ਮੋਨਸਫ ਦੇ ਭਰਾ ਹੀ ਹਨ। ਜੇ ਅਜਿਹਾ ਇੱਕ ਸ਼ਬਦ ਵੀ ਕਿਸੇ ਹੋਰ ਸਿਆਸੀ ਪਾਰਟੀ ਖਾਸ ਕਰਕੇ ਕਿਸੇ ਕੰਜ਼ਰਵੇਟਿਵ ਆਗੂ ਦੇ ਮੂੰਹੋਂ ਨਿਕਲ ਗਿਆ ਹੁੰਦਾ ਤਾਂ ਸਮੁੱਚੇ ਕੈਨੇਡਾ ਵਿੱਚ ਸਿਆਸੀ ਭੁਚਾਲ ਆ ਚੁੱਕਾ ਹੁੰਦਾ। ਸਾਡੀ ਫੈਡਰਲ ਸਰਕਾਰ ਵੱਲੋਂ ਅਪਣਾਈ ਗਈ ਢਿੱਲੀ ਅਤੇ ਗੈਰ ਜੁੰਮੇਵਾਰਾਨਾ ਪਹੁੰਚ ਦੀ ਤਕਲੀਫ਼ ਜੇ ਕਿਸੇ ਨੂੰ ਹੈ ਤਾਂ ਉਹਨਾਂ ਕੈਨੇਡੀਅਨ ਫੌਜੀਆਂ ਨੂੰ ਹੈ ਜੋ ਪਿਛਲੇ 20 ਸਾਲਾਂ ਦੌਰਾਨ ਅਫਗਾਨਸਤਾਨ ਵਿੱਚ ਜਾਨ ਤਲੀ ਉੱਤੇ ਧਰਕੇ ਲੜਦੇ ਰਹੇ ਹਨ, ਉਹਨਾਂ ਅਫਗਾਨ ਨਾਗਰਿਕਾਂ ਨੂੰ ਹੈ ਜੋ ਇਸ ਆਸ ਨਾਲ ਸਾਡੀਆਂ ਫੌਜਾਂ ਦਾ ਸਾਥ ਦੇਂਦੇ ਰਹੇ ਕਿ ਇੱਕ ਦਿਨ 'ਇਹਨਾਂ ਭਰਾਵਾਂ' ਦੇ ਪਰੇਮ ਭਰੇ ਚੁੰਗਲ ਵਿੱਚੋਂ ਆਪਣੇ ਮੁਲਕ ਨੂੰ ਕੱਢ ਦੇਣਗੇ ਜਾਂ ਖੁਦ ਕਿਸੇ ਅਮਨ ਪਸੰਦ ਮੁਲਕ ਜਾ ਵੱਸਣਗੇ।

ਤਕਲੀਫ ਹੈ ਕੈਨੇਡੀਅਨ ਪੰਜਾਬੀ ਪੋਸਟ ਨਾਲ ਆਪਣੇ ਕੈਨੇਡੀਅਨ ਸਿਟੀਜ਼ਨ ਰਿਸ਼ਤੇਦਾਰ ਰਾਹੀਂ ਸੰਪਰਕ ਕਰਨ ਵਾਲੀ ਉਸ ਅਫਗਾਨੀ ਸੰਸਦ ਮੈਂਬਰ ਨੂੰ ਜੋ ਅੱਜ ਕੱਲ ਕਾਬੁਲ ਤੋਂ ਬਾਹਰ ਕਿਸੇ ਅਣਦੱਸੀ ਥਾਂ ਉੱਤੇ ਲੁਕੀ ਹੋਈ ਹੈ। ਉਸਦੇ ਰਿਸ਼ਤੇਦਾਰ ਨੇ ਦੱਸਿਆ ਕਿ ਜੇ ਹਾਲਾਤ ਇਹੀ ਰਹੇ ਤਾਂ 'ਤਾਲੀਬਾਨ ਭਰਾਵਾਂ' ਨੇ ਅੱਜ ਜਾਂ ਕੱਲ ਆਪਣੀ ਇਸ ਭੈਣ ਨੂੰ ਕੱਢ ਮਾਰ ਹੀ ਦੇਣਾ ਹੈ। ਇਸ ਭੈਣ ਦੇ ਮਾਰੇ ਜਾਣ ਡਰ ਇਸ ਲਈ ਵੀ ਹੈ ਕਿ ਇਸ ਸੰਸਦ ਮੈਂਬਰ ਦੀ ਬੇਟੀ ਨੇ ਕਾਬੁਲ ਵਿੱਚ ਲੜਕੀਆਂ ਲਈ ਸਕੂਲ ਖੋਲਿਆ ਹੋਇਆ ਸੀ ਜਿਸਨੂੰ ਛੱਡ ਕੇ ਹੁਣ ਉਹ ਕਿਸੇ ਅਣਦੱਸੇ ਦੇਸ਼ ਭੱਜ ਚੁੱਕੀ ਹੈ। ਇਸ ਅਫਗਾਨੀ ਔਰਤ ਸੰਸਦ ਮੈਂਬਰ ਦਾ ਜ਼ਿਕਰ ਆਪਣੀ ਥਾਂ ਅਹਿਮ ਹੈ ਪਰ ਵਧੇਰੇ ਲਾਜ਼ਮੀ ਹੈ ਹਜ਼ਾਰਾਂ ਉਹਨਾਂ ਲੋਕਾਂ ਦੀ ਜਾਨ ਮਾਨ ਦਾ ਸੁਆਲ ਜਿਹਨਾਂ ਨਾਲ ਕੈਨੇਡੀਅਨ ਫੌਜਾਂ ਨੇ ਇੱਕਠੇ ਜਿਉਣ ਮਰਨ ਦੇ ਵਾਅਦੇ ਕੀਤੇ ਸਨ।

ਪ੍ਰਧਾਨ ਮੰਤਰੀ ਟਰੂਡੋ ਨੇ ਸੰਸਦ ਵਿੱਚ ਬਹੁ ਗਿਣਤੀ ਹਾਸਲ ਕਰਨ ਦੇ ਲਾਲਚ ਵਿੱਚ ਚੋਣਾਂ ਜੋ ਸੱਪ ਆਪਣੇ ਗਲ ਪਾਇਆ ਹੈ, ਸੰਭਾਵਨਾ ਹੈ ਕਿ ਉਸ ਸੱਪ ਨੂੰ ਕੀਲਣ ਵਾਲੀ ਬੀਨ ਚੋਣਾਂ ਦੇ ਦਿਨ 20 ਸਤੰਬਰ ਤੱਕ ਅਫਗਾਨਸਤਾਨ ਦੀਆਂ ਗਲੀਆਂ ਵਿੱਚੋਂ ਵੱਜਦੀ ਸੁਣਦੀ ਰਹੇਗੀ। ਉਹਨਾਂ ਗਲੀਆਂ ਵਿੱਚੋਂ ਜਿੱਥੇ ਤੋਂ ਕੱਲ ਤੱਕ ਪ੍ਰਧਾਨ ਮੰਤਰੀ 20 ਹਜ਼ਾਰ ਲੋਕਾਂ ਨੂੰ ਕੱਢ ਲਿਆਉਣ ਦੀ ਗੱਲ ਕਰਦੇ ਸਨ ਪਰ ਤਾਲੀਬਾਨ ਭਰਾਵਾਂ ਨੇ ਅਚਾਨਕ ਬਰੇਕ ਲਾ ਦਿੱਤੀ ਹੈ। ਇਹਨਾਂ ਗਲੀਆਂ ਵਿੱਚ ਪਿਛਲੇ 20 ਸਾਲਾਂ ਦੌਰਾਨ 40,000 ਤੋਂ ਵੱਧ ਕੈਨੇਡੀਅਨ ਸੇਵਾਵਾਂ ਦੇ ਚੁੱਕੇ ਹਨ ਅਤੇ 158 ਕੈਨੇਡੀਅਨਾਂ ਦੀਆਂ ਜਾਨਾਂ ਗਈਆਂ ਹਨ, 18 ਬਿਲੀਅਨ ਡਾਲਰ ਤੋਂ ਵੱਧ ਦਾ ਖਰਚਾ ਟੈਕਸ ਅਦਾਕਰਤਾਵਾਂ ਨੂੰ ਭੁਗਤਣਾ ਪਿਆ। ਇਸਦੇ ਬਾਵਜੂਦ ਇਹਨਾਂ ਗਲੀਆਂ ਵਿੱਚੋਂ ਨਮੋਸ਼ੀ ਪੱਲੇ ਪਾ ਕੇ ਵਾਪਸ ਪਰਤਣਾ ਪੈ ਰਿਹਾ ਹੈ।

ਟਰੂਡੋ ਹੋਰਾਂ ਵੱਲੋਂ ਚੋਣ ਪ੍ਰਚਾਰ ਵੇਲੇ ਇਹ ਦਾਅਵਾ ਕਰਨਾ ਹਾਸੋਹੀਣਾ ਹੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਹਿੰਮਤ ਕਰਕੇ 3700 ਲੋਕਾਂ ਨੂੰ ਅਫਗਾਨਸਤਾਨ ਵਿੱਚੋਂ ਕੱਢ ਲਿਆਂਦਾ ਹੈ ਜਦੋਂ ਕਿ ਵਾਅਦਾ 20 ਹਜ਼ਾਰ ਦਾ ਕੀਤਾ ਗਿਆ ਹੈ। ਜਿਸ ਅਫਗਾਨਸਤਾਨੀ ਸੰਸਦ ਮੈਂਬਰ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ, ਉਹ ਕਿਸੇ ਦਿਹਾਤੀ ਇਲਾਕੇ ਵਿੱਚ ਲੁਕੀ ਆਪਣੇ ਕੈਨੇਡੀਅਨ ਸਿਟੀਜ਼ਨ ਰਿਸ਼ਤੇਦਾਰਾਂ ਨੂੰ ਚੋਰੀ ਛਿਪੇ ਟੈਕਸਟ ਮੈਸੇਜ ਕਰ ਕੇ ਕਈ ਦੋਸ਼ ਲਾ ਰਹੀ ਹੈ। ਇਹ ਵੀ ਕਿ ਇੰਮੀਗਰੇਸ਼ਨ ਮੰਤਰੀ ਮਾਰਕੋ ਮੈਂਡੀਸੀਨੋ ਵਾਸਤੇ ਗਿਣਤੀ ਮਿਣਤੀ ਪੂਰੀ ਕਰਨ ਲਈ ਕੈਨੇਡੀਅਨ ਅਧਿਕਾਰੀ ਯੋਗ ਅਫਗਾਨੀਆਂ ਨੂੰ ਸ਼ਰਣ ਦੇਣ ਦੀ ਥਾਂ ਕਈ ਅਯੋਗਾਂ ਨੂੰ ਵੀ ਲਿਆ ਚੁੱਕੇ ਹਨ। ਪਤਾ ਨਹੀਂ ਕਿ ਕੈਨੇਡੀਅਨ ਪਬਲਿਕ ਆਪਣੇ ਸਿਆਸੀ ਆਕਾਵਾਂ ਦੀਆਂ ਸਿਆਸੀ ਲਾਲਸਾਵਾਂ ਦੇ ਘੋਰ ਅਨਿਆ ਨੂੰ 20 ਸਤੰਬਰ ਨੂੰ ਕਿੰਨਾ ਕੁ ਚੇਤੇ ਰੱਖੇਗੀ ਪਰ ਜਸਟਿਨ ਟਰੂਡੋ ਹੋਰਾਂ ਦੇ ਕਦਮ ਦੱਸਦੇ ਹਨ ਕਿ ਉਹਨਾਂ ਲਈ ਅਫਗਾਨਸਤਾਨ ਇੱਕ ਮੁੱਦਾ ਹੈ ਨਾ ਕਿ ਪ੍ਰਤੀਬੱਧਤਾ।

## ਰਿਵਰਸਟੋਨ ਆਈ ਕੇਅਰ ਸੈਂਟਰ ਦੀ ਗ੍ਰੈਂਡ ਓਪਨਿੰਗ ਬੜੀ ਧੂਮਧਾਮ ਨਾਲ ਹੋਈ

...ਪੰਨਾ 1 ਦਾ ਬਾਕੀ

ਅੱਖਾਂ ਦੀ ਜਾਂਚ ਲਈ ਡਾ. ਗਿੱਲ ਆਪ ਮੌਜੂਦ ਰਹੇ। ਇੱਥੇ ਦੱਸਣਾ ਬਣਦਾ ਹੈ ਕਿ ਰਿਵਰਸਟੋਨ ਆਈ ਕੇਅਰ ਵਿਖੇ ਅੱਖਾਂ ਨਾਲ ਸਬੰਧਤ ਹਰ ਕਿਸਮ ਦੀਆਂ ਸਮੱਸਿਆਵਾਂ ਦਾ ਹੱਲ ਮੁਹੱਈਆ ਕਰਵਾਇਆ ਜਾਂਦਾ ਹੈ। ਇੱਥੇ ਹਫਤੇ ਵਿੱਚ ਛੇ ਦਿਨਾਂ ਲਈ ਫੁੱਲ ਟਾਈਮ ਡਾਕਟਰ ਵੀ ਉਪਲਬਧ ਹੈ।

ਅੱਖਾਂ ਦੀ ਮੁਕੰਮਲ ਜਾਂਚ ਦੇ ਨਾਲ-ਨਾਲ ਡਾਇਗਨੌਸਟਿਕ ਇਮੇਜਿੰਗ ਤੇ ਟੈਸਟਿੰਗ ਅਤੇ ਗਲਾਕੋਮਾ ਵਰਗੇ ਅੱਖਾਂ ਦੇ ਰੋਗ ਦੀ ਜਾਂਚ ਤੇ ਇਲਾਜ ਵੀ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨੂੰ ਡਾਇਰੈਕਟ ਬਿਲਿੰਗ ਕੀਤੀ ਜਾਂਦੀ ਹੈ। ਮੌਕੇ ਉੱਤੇ ਹੀ ਅੱਖਾਂ ਦੀ ਵਿਸ਼ੇਸ਼ ਜਾਂਚ ਵੀ ਕੀਤੀ ਜਾਂਦੀ ਹੈ। ਇੱਥੇ ਹਰ ਕਿਸਮ ਦੇ ਉਮਦਾ ਲੈਂਸ ਤੇ ਕਸਟਮ ਫਰੇਮਜ਼ ਵੀ ਉਪਲਬਧ ਹਨ।

ਸਭ ਤੋਂ ਵਧੀਆ ਗੱਲ ਇਹ ਹੈ ਕਿ ਇੱਥੇ 20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉੱਤੇ ਬਜ਼ੁਰਗਾਂ ਤੇ ਡਾਇਬਟਿਕ ਮਰੀਜ਼ਾਂ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ। ਡਾ. ਪਰਮਵੀਰ ਗਿੱਲ ਤੇ ਡਾ. ਹਰਪ੍ਰੀਤ ਗਿੱਲ ਵੱਲੋਂ ਇਹ ਸਾਰੀਆਂ ਸਹੂਲਤਾਂ 25 ਚੈਰੀਕ੍ਰੈਸਟ ਡਰਾਈਵ, ਯੂਨਿਟ 4, ਬਰੈਂਪਟਨ, ਓਨਟਾਰੀਓ, ਐਲ6ਪੀ 3ਡਬਲਿਊ4 ਉੱਤੇ ਤੁਹਾਡੇ ਗੁਆਂਢ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਸਹੂਲਤਾਂ ਦਾ ਫਾਇਦਾ ਉਠਾਉਣ ਲਈ ਤੁਸੀਂ 905-915-9255 ਉੱਤੇ ਕਾਲ ਕਰਕੇ ਆਪਣੀ ਅਪੁਆਇੰਟਮੈਂਟ ਅੱਜ ਹੀ ਬੁੱਕ ਕਰਵਾ ਸਕਦੇ ਹੋਂ ਤੇ ਇਸ ਲਈ ਰਿਵਰਸਟੋਨ ਆਈ ਕੇਅਰ ਦੀ ਵੈੱਬਸਾਈਟ www.riverstoneeyecare.com ਉੱਤੇ ਵੀ ਜਾ ਸਕਦੇ ਹੋਂ।

## ਅਫਗਾਨਿਸਤਾਨ ਤੇ ਮਹਾਂਮਾਰੀ ਕਾਰਨ ਲਿਬਰਲਾਂ ਦੇ ਚੋਣ ਸੁਨੇਹਿਆਂ ਤੋਂ ਲੋਕਾਂ ਦਾ ਧਿਆਨ ਭਟਕਿਆ

ਓਟਵਾ, 26 ਅਗਸਤ (ਪੋਸਟ ਬਿਊਰੋ) : ਅਫਗਾਨਿਸਤਾਨ ਸੰਕਟ ਦੇ ਨਾਲ ਨਾਲ ਕੋਵਿਡ-19 ਮਹਾਂਮਾਰੀ ਦਾ ਅਸਰ ਫੈਡਰਲ ਚੋਣਾਂ ਉੱਤੇ ਵੀ ਵੇਖਣ ਨੂੰ ਮਿਲ ਸਕਦਾ ਹੈ। ਇਨ੍ਹਾਂ ਮੁੱਦਿਆਂ ਦਾ ਲਿਬਰਲ ਆਗੂ ਜਸਟਿਨ ਟਰੂਡੋ ਦੀ ਚੋਣ ਕੈਂਪੇਨ ਸਬੰਧੀ ਕੋਸ਼ਿਸ਼ਾਂ ਉੱਤੇ ਵੀ ਅਸਰ ਪੈ ਸਕਦਾ ਹੈ ਕਿਉਂਕਿ ਉਨ੍ਹਾਂ ਦੀ ਸਰਕਾਰ ਦੇ ਰਿਕਾਰਡ ਦਾ ਮੁਲਾਂਕਣ ਹੋ ਸਕਦਾ ਹੈ।

ਇੱਕ ਪਾਸੇ ਕੋਵਿਡ-19 ਦੀ ਚੌਥੀ ਵੇਵ ਸ਼ੁਰੂ ਹੋਣ ਦੀਆਂ ਕਨਸੋਆਂ ਹਨ ਤੇ ਦੂਜੇ ਪਾਸੇ ਅਫਗਾਨਿਸਤਾਨ ਉੱਤੇ ਤਾਲਿਬਾਨ ਦੇ ਮੁੜ ਕਬਜਾ ਕਰ ਲਏ ਜਾਣ ਨਾਲ ਕੈਨੇਡਾ ਨੂੰ ਜਲਦ ਤੋਂ ਜਲਦ ਆਪਣੇ ਅਮਲੇ ਤੇ ਹੋਰਨਾਂ ਨਾਗਰਿਕਾਂ ਦੇ ਨਾਲ ਨਾਲ ਅਫਗਾਨੀਆਂ ਤੇ ਹੋਰਨਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਵੀ ਬਾਹਰ ਕੱਢਣਾ ਪਿਆ। ਵੀਰਵਾਰ ਸਵੇਰੇ ਕੈਨੇਡਾ ਦੇ ਆਖਰੀ ਜਹਾਜ਼ ਨੇ ਕਾਬੁਲ ਛੱਡਿਆ।

ਅਫਗਾਨਿਸਤਾਨ ਵਿਚਲੇ ਹਾਲਾਤ ਬਾਰੇ ਟਰੂਡੋ ਨੂੰ ਨਿੱਤ ਨਵੇਂ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਕੁੱਝ ਹਫਤਿਆਂ ਵਿੱਚ ਹੀ ਕੈਨੇਡਾ ਨੇ 3700 ਕੈਨੇਡੀਅਨ ਨਾਗਰਿਕਾਂ ਤੇ ਅਫਗਾਨ ਰਫਿਊਜੀਆਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢਿਆ ਹੈ। ਵੀਰਵਾਰ ਸਵੇਰੇ ਹੀ ਕਾਬੁਲ ਏਅਰਪੋਰਟ ਦੇ ਬਾਹਰ ਧਮਾਕੇ ਦੀ ਪੈਂਟਾਗਨ ਵੱਲੋਂ ਪੁਸ਼ਟੀ ਕੀਤੀ ਗਈ। ਇਸ ਹਮਲੇ ਨਾਲ ਇੱਕ ਵਾਰੀ ਫਿਰ ਲਿਬਰਲ ਆਗੂ ਦੇ ਉਸ ਕੈਂਪੇਨ ਮੈਸੇਜ ਤੋਂ ਲੋਕਾਂ ਦਾ ਧਿਆਨ ਭਟਕ ਗਿਆ ਜਿਸ ਵਿੱਚ ਉਨ੍ਹਾਂ ਕਿਊਬਿਕ ਸਿਟੀ ਵਿੱਚ ਪੜਾਅ ਦੌਰਾਨ ਘੱਟ ਆਮਦਨ ਵਾਲੇ ਸੀਨੀਅਰਜ਼ ਦੀ ਮਦਦ ਦਾ ਐਲਾਨ ਕੀਤਾ ਸੀ। ਟਰੂਡੋ ਨੇ ਇਸ ਨੂੰ ਬਹੁਤ ਹੀ ਮੁਸ਼ਕਲ ਦਿਨ ਦੱਸਿਆ ਪਰ ਉਨ੍ਹਾਂ ਆਖਿਆ ਕਿ ਓਟਵਾ ਵੱਲੋਂ 20,000 ਅਫਗਾਨੀਆਂ ਨੂੰ ਕੈਨੇਡਾ ਵਿੱਚ ਮੁੜ ਵਸਾਉਣ ਦਾ ਜਿਹੜਾ ਵਾਅਦਾ ਕੀਤਾ ਸੀ ਉਹ ਜਾਰੀ ਰਹੇਗਾ। ਉਨ੍ਹਾਂ ਆਖਿਆ ਕਿ ਇੱਕ ਵਾਰੀ ਅਫਗਾਨਿਸਤਾਨ ਤੋਂ ਸਾਨੂੰ ਸਾਰਾ ਕੁੱਝ ਸਮੇਟਨਾ ਪਿਆ ਹੈ ਪਰ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ।

ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਕੈਨੇਡਾ ਵੱਲੋਂ ਅਫਗਾਨਿਸਤਾਨ ਤੋਂ ਇਸ ਤਰ੍ਹਾਂ ਬਾਹਰ ਆਉਣਾ ਅਸਫਲਤਾ ਨਹੀਂ ਤਾਂ ਹੋਰ ਕੀ ਹੈ? ਉਨ੍ਹਾਂ ਆਖਿਆ ਕਿ ਅਸੀਂ ਭਰੇ ਮਨ ਨਾਲ ਇਹ ਦੇਖ ਰਹੇ ਹਾਂ ਕਿ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਜਿਨ੍ਹਾਂ ਲੋਕਾਂ ਨੇ ਸਾਡੀਆਂ ਫੌਜੀ ਟੁਕੜੀਆਂ ਦੀ ਮਦਦ ਕੀਤੀ ਸੀ ਉਨ੍ਹਾਂ ਨੂੰ ਹੁਣ ਪਿੱਛੇ ਛੱਡ ਦਿੱਤਾ ਗਿਆ ਹੈ। ਵਿਨੀਪੈਗ ਵਿੱਚ ਆਪਣੀ ਚੋਣ ਮੁਹਿੰਮ ਦੌਰਾਨ ਜਗਮੀਤ ਸਿੰਘ ਨੇ ਹਾਊਸਿੰਗ ਦੀ ਆਪਣੀ ਵਚਨਬੱਧਤਾ ਦੁਹਰਾਈ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਬੁੱਧਵਾਰ ਨੂੰ ਆਖਿਆ ਸੀ ਕਿ ਟਰੂਡੋ ਨੇ ਉੱਧਰ ਲੋਕਾਂ ਨੂੰ ਇੱਕਲਿਆਂ ਛੱਡ ਦਿੱਤਾ ਤੇ ਕਾਰਵਾਈ ਕਰਨ ਵਿੱਚ ਵੀ ਦੇਰ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੈਨੇਡਾ ਨੇ ਕਾਬੁਲ ਤੋਂ ਆਪਣੇ ਨਾਗਰਿਕਾਂ ਨੂੰ ਬਾਹਰ ਕੱਢਣ ਦੇ ਮਿਸ਼ਨ ਨੂੰ ਕੀਤਾ ਖ਼ਤਮ


...ਪੰਨਾ 1 ਦਾ ਬਾਕੀ

ਪਰ ਕੁੱਝ ਕੈਨੇਡੀਅਨ ਨਾਗਰਿਕ ਤੇ ਅਫਗਾਨੀ ਲੋਕ ਪਿੱਛੇ ਹੀ ਰਹਿ ਗਏ ਜਿਹੜੇ ਸਮੇਂ ਸਿਰ ਜਹਾਜ਼ ਨਹੀਂ ਫੜ੍ਹ ਪਾਏ। ਇਸ ਤੋਂ ਕੁੱਝ ਸਮੇਂ ਬਾਅਦ ਹੀ ਕਾਬੁਲ ਏਅਰਪੋਰਟ ਦੇ ਬਾਹਰ ਦੋ ਧਮਾਕੇ ਹੋਏ ਜਿਸ ਵਿੱਚ ਦਰਜਨਾਂ ਤੋਂ ਵੱਧ ਲੋਕ ਮਾਰੇ ਗਏ। ਇਹ ਖੁਲਾਸਾ ਰੂਸ ਦੇ ਵਿਦੇਸ਼ ਮੰਤਰਾਲੇ ਵੱਲੋਂ ਕੀਤਾ ਗਿਆ। ਲਿਬਰਲ ਆਗੂ ਜਸਟਿਨ ਟਰੂਡੋ ਨੇ ਆਖਿਆ ਕਿ ਇਹ ਬਹੁਤ ਹੀ ਮੁਸ਼ਕਲ ਦਿਨ ਰਿਹਾ ਪਰ ਅਜੇ ਵੀ ਉਸ ਦੇਸ਼ ਦਾ ਕੰਮ ਪੂਰੀ ਤਰ੍ਹਾਂ ਨਹੀਂ ਮੁੱਕਿਆ ਹੈ। ਉਨ੍ਹਾਂ ਆਖਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਅਸੀਂ ਦਿਨ ਰਾਤ ਇੱਕ ਕਰਕੇ ਕੰਮ ਕਰ ਰਹੇ ਹਾਂ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਉੱਥੋਂ ਬਾਹਰ ਕੱਢਿਆ ਜਾ ਸਕੇ। ਅਸੀਂ ਉਨ੍ਹਾਂ ਦਾ ਦਰਦ ਵੀ ਸਮਝਦੇ ਹਾਂ ਜਿਹੜੇ ਸਮੇਂ ਸਿਰ ਇਨ੍ਹਾਂ ਆਰਜ਼ੀ ਪ੍ਰਬੰਧਾਂ ਦਾ ਫਾਇਦਾ ਨਹੀਂ ਉਠਾ ਸਕੇ।

ਟਰੂਡੋ ਨੇ ਭਰੋਸਾ ਦਿਵਾਇਆ ਕਿ ਅਸੀਂ ਆਪਣੇ ਭਾਈਵਾਲਾਂ ਤੇ ਰੀਜਨਲ ਪਾਰਟਨਰਜ਼ ਨਾਲ ਰਲ ਕੇ ਕੰਮ ਕਰਦੇ ਰਹਾਂਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸੈਂਕੜੇ ਅਫਗਾਨੀਆਂ ਨੂੰ ਪਰਿਵਾਰਾਂ ਸਮੇਤ ਕੈਨੇਡਾ ਲਿਆ ਸਕੀਏ। ਇਸ ਤੋਂ ਇਲਾਵਾ ਅਸੀਂ ਤਾਲਿਬਾਨ ਉੱਤੇ ਇਹ ਦਬਾਅ ਵੀ ਪਾ ਕੇ ਰੱਖਾਂਗੇ ਕਿ ਉਹ ਲੋਕਾਂ ਨੂੰ ਅਫਗਾਨਿਸਤਾਨ ਵਿੱਚੋਂ ਬਾਹਰ ਨਿਕਲਣ ਦੇਣ।

## ਗੁਰਭਜਨ ਗਿੱਲ ਦੀ ਕਵਿਤਾ ਦੀਆਂ ਦੋ ਕਿਤਾਬਾਂ ਬਰੈਂਪਟਨ ਵਿੱਚ ਲੋਕ ਅਰਪਣ

(ਸਤਿੰਦਰ ਪਾਲ ਸਿੰਘ ਸਿੱਧਵਾਂ): ਗੁਰਭਜਨ ਗਿੱਲ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਨਾਲ ਗੜੂੰਦ ਸ਼ਖ਼ਸੀਅਤ ਹੈ ।ਦੁਨੀਆਂ ਭਰ ਵਿੱਚ ਬੈਠੇ ਪੰਜਾਬੀ ਕਲਮਕਾਰਾਂ, ਬੁੱਧੀ-ਜੀਵੀਆਂ, ਮੀਡੀਆਕਾਰਾਂ ਤੇ ਹਰ ਵਰਗ ਦੇ ਪੰਜਾਬੀਆਂ ਨਾਲ ਗੁਰਭਜਨ ਗਿੱਲ ਆਪਣੇ ਸੰਵਾਦ ਨਾਲ ਮਿੱਟੋ ਮਿੱਟੀ ਜੁੜਿਆ ਪੰਜਾਬੀ ਦਾ ਅੰਤਰਰਾਸ਼ਟਰੀ ਰਾਜਦੂਤ ਹੈ। ਸਾਹਿਤ ਦੇ ਰਸੀਏ ਸਰਦਾਰ ਇੰਦਰਜੀਤ ਸਿੰਘ ਬੱਲ ਚੇਅਰਮੈਨ ਬਰੈਪਟਨ ਕਰੈਮੇਟੋਰੀਅਨ ਵੱਲੋਂ ਗੁਰਭਜਨ ਗਿੱਲ ਦੀਆਂ ਦੋ ਕਿਤਬਾਂ ਦੇ ਲੋਕ ਅਰਪਣ ਦਾ ਬਹੁਤ ਹੀ ਪ੍ਰਭਾਵਸ਼ਾਲੀ। ਸਮਾਗਮ ਰਖਿਆ ਗਿਆ। ਸਰਦਾਰ ਬੱਲ ਦੀ ਪ੍ਰਧਾਨਗੀ ਹੇਠ ( ਸੁਰਤਾਲ ਅਤੇ ਚਰਖੜੀ ) ਗੁਰਭਜਨ ਗਿੱਲ ਦੀ ਕਵਿਤਾ ਦੀਆਂ ਦੋ ਕਿਤਾਬਾਂ ਦੇ ਲੋਕ ਅਰਪਣ ਦਾ ਮੰਚ ਸੰਚਾਲਨ ਪ੍ਰਸਿੱਧ ਬਰਾਡਕਾਸਟਰ ਤੇ ਪ੍ਰਮੋਟਰ ਇਕਬਾਲ ਮਾਹਲ ਜੀ ਨੇ ਕੀਤਾ ।ਮੁੱਖ ਬੁਲਾਰਿਆਂ ਪ੍ਰਿੰਸੀਪਲ ਸਰਵਣ ਸਿੰਘ, ਸਤਿੰਦਰ ਪਾਲ ਸਿੰਘ ਸਿੱਧਵਾਂ,



ਗੁਰਭਜਨ ਗਿੱਲ ਦੀ ਕਵਿਤਾ ਦੀਆਂ ਦੋ ਕਿਤਾਬਾਂ ਲੋਕ ਅਰਪਣ ਕਰਦੇ ਹੋਏ ।ਪ੍ਰਿੰਸੀਪਲ ਸਰਵਣ ਸਿੰਘ,ਵਰਿਆਮ ਸੰਧੂ, ਇਕਬਾਲ ਮਾਹਲ, ਅਮਰ ਸਿੰਘ ਭੁੱਲਰ , ਇੰਦਰਜੀਤ ਸਿੰਘ ਬੱਲ, ਸਤਿੰਦਰ ਪਾਲ ਸਿੰਘ ਸਿੱਧਵਾ ਤੇ ਸਾਹਿਤਕ ਖੇਤਰ ਦੀਆਂ ਸਤਿਕਾਰ ਯੋਗ ਬੀਬੀਆਂ।

ਅਮਰ ਸਿੰਘ ਭੁੱਲਰ , ਵਰਿਆਮ ਸਿੰਘ ਸੰਧੂ ਨੇ ਗੁਰਭਜਨ ਗਿੱਲ ਦੀ ਪੰਜਾਬੀ ਸਭਿਆਚਾਰ ਨੂੰ ਦੇਣ ਅਤੇ ਗੁਰਭਜਨ ਗਿੱਲ ਦੀ ਮਿਲਾਪੜੇ ਸੁਭਾ ਦੀ ਮਿਕਨਾਤੀਸੀ ਹਸਤੀ ਅਤੇ ਉਸਦੀ ਕਵਿਤਾ ਦੀ ਰੱਜ ਕੇ ਸ਼ਲਾਘਾ ਕੀਤੀ ।ਸਤਿੰਦਰ ਪਾਲ ਸਿੰਘ ਸਿੱਧਵਾਂ ਨੇ ਕਿਹਾ ਕਿ ਗੁਰਭਜਨ ਗਿੱਲ ਦਸਤਾਰ, ਰਫ਼ਤਾਰ ਤੇ ਗੁੱਫਤਾਰ ਦਾ ਧਨੀ ਹੈ ।ਜਗਦੇਵ ਸਿੰਘ ਜਸੋਵਾਲ ਵੀ ਆਪਣੀ ਵਿਰਾਸਤ ਦੀ ਗੁਰਜ ਗੁਰਭਜਨ ਗਿੱਲ ਨੂੰ ਦੇ ਕੇ ਗਏ ਹਨ ।ਗੁਰਭਜਨ ਗਿੱਲ ਚਾਹੁੰਦਾ ਤਾਂ ਕਿਸੇ ਵੀ ਸਿਆਸੀ ਪਾਰਟੀ ਦੇ ਘਨੇੜੇ ਚੜ੍ਹ ਕੇ ਮੰਤਰੀ ਚੇਅਰਮੈਂਨ ਬਣ ਸਕਦਾ ਸੀ।ਪਰ ਉਸ ਨੇ ਪੰਜਾਬੀਅਤ ਦਾ ਅੰਤਰਰਾਸ਼ਟਰੀ ਸਪੂਤ ਬਣਨ ਨੂੰ ਹੀ ਪਹਿਲ ਦਿੱਤੀ ਅਤੇ ਸਿਆਸੀ ਆਗੂਆਂ ਨੂੰ ਵੀ ਪੰਜਾਬੀ ਦੀ ਸਦਾ ਸਲਾਮਤੀ ਲਈ ਯੋਗਦਾਨ ਪਾਉਣ ਲਈ ਪ੍ਰੇਰਨਾ ਦਿੱਤੀ ।ਤਾੜੀਆਂ ਦੀ ਗੂੰਜ ਤੇ ਚਾਹ ਦੀਆਂ ਚੁਸਕੀਆਂ ਨਾਲ ਇਹ ਰੌਚਿਕ ਸਮਾਗਮ ਯਾਦਗਾਰੀ ਹੋ ਨਿਬੜਿਆ।ਕੋਵਿਡ ਦੇ ਲੌਕ ਡਾਊਨ ਤੋ ਬਾਅਦ ਹੋਏ ਇਸ ਸਮਾਗਮ ਚਿਰਾਂ ਤੋ ਲੱਗੀਆਂ ਬੰਦਸ਼ਾਂ ਤੋ ਬਾਅਦ ਇਕ ਰਮਣੀਕ ਸ਼ਾਮ ਦਾ ਅਹਿਸਾਸਕਰਵਾਇਆ ਤੇ ਇਸ ਲਈ ਗੁਰਭਜਨ ਗਿੱਲ ਅਤੇ ਇੰਦਰਜੀਤ ਸਿੰਘ ਬੱਲ ਜੀ ਮੁਬਾਰਕਬਾਦ ਦੇ ਹੱਕ ਦਾਰ ਹਨ।

## ਬਾਲਟੀ ਵਿੱਚ ਡੁੱਬ ਕੇ ਇੱਕ ਸਾਲਾ ਬੱਚੀ ਦੀ ਮੌਤ

ਡੇਰਾਬੱਸੀ, 26 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੇ ਨਾਲ ਲੱਗਦੇ ਪਿੰਡ ਸੈਦਪੁਰਾ ਵਿਖੇ ਦੁਕਾਨਾਂ ਉਪਰ ਪਹਿਲੀ ਮੰਜ਼ਿਲ ਉੱਤੇ ਪਾਣੀ ਦੀ ਬਾਲਟੀ ਵਿੱਚ ਡੁੱਬਣ ਨਾਲ ਇੱਕ ਸਾਲ ਦੀ ਬੱਚੀ ਅਨੁਸ਼ਕਾ ਦੀ ਮੌਤ ਹੋ ਗਈ। ਘਟਨਾ ਦੌਰਾਨ ਲੜਕੀ ਦੀ ਮਾਂ ਕੱਪੜੇ ਧੋ ਰਹੀ ਸੀ ਅਤੇ ਭਰਾ ਬਾਹਰ ਖੇਡ ਰਿਹਾ ਸੀ। ਪੰਜ ਸਾਲਾ ਭਰਾ ਨੇ ਆਪਣੀ ਮਾਂ ਨੂੰ ਨੰਨ੍ਹੀ ਭੈਣ ਦੇ ਬਾਲਟੀ ਵਿੱਚ ਡਿੱਗਣ ਦੀ ਸੂਚਨਾ ਦਿੱਤੀ, ਜਿਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਕੱਢ ਕੇ ਗੁਆਂਢੀਆਂ ਦੀ ਮਦਦ ਨਾਲ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਬੱਚੀ ਦੀ ਪਛਾਣ ਅਨੁਸ਼ਕਾ ਪੁੱਤਰੀ ਸੀਲੂ ਵਾਸੀ ਪਿੰਡ ਸਰੋਈ ਜ਼ਿਲ੍ਹਾ ਸੀਤਾਪੁਰ ਉਤਰ ਪ੍ਰਦੇਸ਼ ਵਜੋਂ ਹੋਈ ਹੈ।

ਸੀਲੂ ਨੇ ਦੱਸਿਆ ਕਿ ਦੁਪਹਿਰੇ ਕਰੀਬ ਸਾਢੇ ਤਿੰਨ ਵਜੇ ਉਹ ਆਪਣੀ ਲੜਕੀ ਦਾ ਜਨਮ ਸਰਟੀਫਿਕੇਟ ਬਣਾਉਣ ਲਈ ਡੇਰਾਬੱਸੀ ਆਇਆ ਤਾਂ ਪਤਨੀ ਮਕਾਨ ਦੀ ਉਪਰਲੀ ਛੱਤ ਉਤੇ ਕੱਪੜੇ ਧੋਣ ਚਲੀ ਗਈ, ਜਦੋਂ ਕਿ ਉਸ ਦਾ ਪੁੱਤਰ ਗਰਾਊਂਡ ਫਲੋਰ ਉੱਤੇ ਦੁਕਾਨਾਂ ਅੱਗੇ ਖੇਡਣ ਲੱਗ ਪਿਆ। ਇਸ ਦੌਰਾਨ ਲੜਕੀ ਘਰ ਵਿੱਚ ਪੀਣ ਲਈ ਪਈ ਪਾਣੀ ਦੀ ਬਾਲਟੀ ਦਾ ਢੱਕਣ ਖੋਲ੍ਹ ਕੇ ਉਸ ਨਾਲ ਖੇਡਣ ਲੱਗ ਪਈ ਅਤੇ ਖੇਡਦੀ-ਖੇਡਦੀ ਬਾਲਟੀ ਵਿੱਚ ਡਿੱਗ ਗਈ। ਉਸ ਦਾ ਸਿਰ ਪਾਣੀ ਵਿੱਚ ਡੁੱਬ ਗਿਆ ਅਤੇ ਲੱਤਾਂ ਉਪਰ ਉਠ ਗਈਆਂ। ਉਸ ਦਾ ਪੰਜ ਸਾਲਾ ਪੁੱਤਰ ਘਰ ਆਇਆ ਤਾਂ ਭੈਣ ਨੂੰ ਡੁੱਬੀ ਹੋਈ ਵੇਖ ਕੇ ਉਸ ਨੇ ਰੌਲਾ ਪਾਇਆ। ਉਸ ਦੀ ਪਤਨੀ ਰਾਣੀ ਨੇ ਆ ਕੇ ਪਾਣੀ ਵਿੱਚੋਂ ਧੀ ਨੂੰ ਬਾਹਰ ਕੱਢਿਆ, ਪਰ ਉਦੋਂ ਤਕ ਦੇਰ ਹੋ ਚੁੱਕੀ ਸੀ।

## ਨਾਬਾਲਗ ਮਰੀਜ਼ ਨਾਲ ਬਲਾਤਕਾਰ ਕਰਨ ਵਾਲੇ ਡਾਕਟਰ ਨੂੰ 20 ਸਾਲ ਕੈਦ ਅਤੇ 15 ਲੱਖ ਜੁਰਮਾਨਾ

ਲੁਧਿਆਣਾ, 26 ਅਗਸਤ (ਪੋਸਟ ਬਿਊਰੋ)- ਆਪਣੇ ਕਲੀਨਿਕ ਵਿੱਚ ਜਾਂਚ ਕਰਨ ਦੇ ਬਹਾਨੇ ਇੱਕ ਨਾਬਾਲਗ ਕੁੜੀਨਾਲਬਲਾਤਕਾਰ ਦੇ ਦੋਸ਼ੀ ਡਾ. ਤਪਿੰਦਰ ਸਿੰਘ ਪਿੰਡ ਲੀਲ, ਲੁਧਿਆਣਾ ਨੂੰ ਅਡੀਸ਼ਨਲ ਸ਼ੈਸ਼ਨ ਜੱਜ ਕੇ ਕੇ ਜੈਨ ਦੀ ਅਦਾਲਤ ਨੇ 20 ਸਾਲ ਕੈਦ ਅਤੇ 15ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਸਰਕਾਰੀ ਵਕੀਲ ਨੇ ਦੱਸਿਆ ਕਿ ਇਸ ਬਾਰੇ ਥਾਣਾ ਸੁਧਾਰ ਦੀ ਪੁਲਸ ਵੱਲੋਂ 30 ਅਗਸਤ 2018 ਨੂੰ ਪੀੜਤਾ ਦੀ ਸ਼ਿਕਾਇਤ ਉੱਤੇ ਉਸ ਡਾਕਟਰ ਦੇ ਵਿਰੁੱਧ ਉਸ ਨਾਲ ਬਲਾਤਕਾਰ ਕਰਨ ਅਤੇ ਹੋਰ ਧਾਰਾਵਾਂ ਦਾ ਕੇਸ ਦਰਜ ਕਰਾਇਆ ਸੀ।ਪੁਲਸ ਨੂੰ ਦਿੱਤੇ ਬਿਆਨਾਂ ਵਿੱਚ 14 ਸਾਲਾ ਨੌਂਵੀਂ ਕਲਾਸ ਦੀ ਵਿਦਿਆਰਥਣ ਨੇ ਦੋਸ਼ ਲਾਇਆ ਸੀ ਕਿ ਬੀਮਾਰ ਹੋਣ ਦੇ ਕਾਰਨ ਉਸਦਾ ਇਲਾਜ ਉਕਤ ਡਾਕਟਰ ਵੱਲੋਂ ਰਾਜ ਕਲੀਨਿਕ ਪੱਖੋਵਾਲ ਮਾਰਗ ਵਿਖੇ ਤਿੰਨ ਦਿਨ ਤੋਂ ਚੱਲ ਰਿਹਾ ਸੀ ਅਤੇ ਉਸ ਨੂੰ ਗੁਲੂਕੋਜ਼ ਦੀਆਂ ਬੋਤਲਾਂ ਲਾਈਆਂ ਜਾ ਰਹੀਆਂ ਸਨ। ਇੱਕ ਸ਼ਾਮ ਕਰੀਬ ਛੇ ਵਜੇ ਜਦੋਂ ਉਹ ਆਪਣੇ ਮਾਤਾ-ਪਿਤਾ ਨਾਲ ਡਾਕਟਰ ਦੇ ਕਲੀਨਿਕ ਉੱਤੇ ਗੁਲੂਕੋਜ਼ ਲਵਾਉਣ ਲਈ ਗਈ ਤਾਂ ਉਹ ਉਸ ਨੂੰ ਆਪਣੇ ਨਾਲ ਅੰਦਰ ਲੈ ਗਿਆ। ਉਸਦੀ ਮਾਂ ਨੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਡਾਕਟਰ ਨੇ ਮਨ੍ਹਾ ਕਰ ਦਿੱਤਾ।ਅੰਦਰ ਜਾ ਕੇ ਦੋਸ਼ੀ ਨੇ ਜਾਂਚ ਦੇ ਬਹਾਨੇ ਉਸ ਨਾਲ ਗਲਤ ਹਰਕਤ ਸ਼ੁਰੂ ਕਰ ਦਿੱਤੀ। ਜਦੋਂ ਉਸ ਨੇ ਮਨਾ ਕੀਤਾ ਤਾਂ ਡਾਕਟਰ ਨੇ ਉਸ ਨੂੰ ਧਮਕਾਇਆ ਕਿ ਜੇ ਉਸ ਨੇ ਸ਼ੋਰ ਕੀਤਾਤਾਂ ਉਹ ਉਸ ਨੂੰ ਜ਼ਹਿਰ ਦਾ ਇੰਜੈਕਸ਼ਨ ਲਾ ਕੇ ਮਾਰ ਦੇਵੇਗਾ। ਉਹ ਡਰ ਦੇ ਮਾਰੇ ਚੁਪ ਹੋ ਗਈ ਅਤੇ ਡਾਕਟਰ ਨੇ ਉਸਦੇ ਨਾਲ ਬਲਾਤਕਾਰ ਕੀਤਾ। ਘਰ ਜਾ ਕੇ ਉਸ ਨੇ ਡਾਕਟਰ ਦੀ ਹਰਕਤ ਬਾਰੇ ਆਪਣੀ ਮਾਂ ਨੂੰ ਦੱਸ ਦਿੱਤਾ, ਜਿਸ ਉੱਤੇ ਉਨ੍ਹਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ। ਸਰਕਾਰੀ ਵਕੀਲ ਨੇ ਦੱਸਿਆ ਕਿ ਅਦਾਲਤ ਦੇ ਫੈਸਲੇ ਦੇ ਮੁਤਾਬਕ ਜੇ ਦੋਸ਼ੀ ਤੋਂ 15 ਲੱਖ ਰੁਪਏ ਵਸੂਲ ਹੁੰਦੇ ਹਨ ਤਾਂ ਉਹ ਪੀੜਤਾ ਨੂੰ ਅਦਾ ਕੀਤੇ ਜਾਣਗੇ।

## ਕਾਬੁਲ ਏਅਰਪੋਰਟ ਦੇ ਬਾਹਰ 2 ਆਤਮਘਾਤੀ ਹਮਲਿਆਂ ਵਿਚ 73 ਹਲਾਕ, 140 ਜ਼ਖ਼ਮੀ

...ਪੰਨਾ 1 ਦਾ ਬਾਕੀ

ਮੈਕੈਂਜ਼ੀ ਨੇ ਆਖਿਆ ਕਿ ਅਜੇ ਵੀ 5000 ਲੋਕ ਏਅਰਫੀਲਡ ਉੱਤੇ ਫਲਾਈਟਸ ਦੀ ਉਡੀਕ ਕਰ ਰਹੇ ਹਨ।

ਵੈਸਟਰਨ ਅਧਿਕਾਰੀਆਂ ਵੱਲੋਂ ਹਮਲਾ ਹੋਣ ਦੀ ਚੇਤਾਵਨੀ ਦਿੱਤੇ ਜਾਣ ਤੋਂ ਕਈ ਘੰਟੇ ਬਾਅਦ ਇਹ ਧਮਾਕੇ ਹੋਏ। ਚੇਤਾਵਨੀ ਦੇ ਚੱਲਦਿਆਂ ਲੋਕਾਂ ਨੂੰ ਏਅਰਪੋਰਟ ਛੱਡ ਕੇ ਜਾਣ ਲਈ ਵੀ ਆਖਿਆ ਗਿਆ ਸੀ। ਪਰ ਦੇਸ਼ ਛੱਡ ਕੇ ਜਾਣ ਲਈ ਤਿਆਰ ਬੈਠੇ ਲੋਕਾਂ ਉੱਤੇ ਉਸ ਚੇਤਾਵਨੀ ਦਾ ਕੋਈ ਅਸਰ ਨਹੀਂ ਹੋਇਆ। ਇਸ ਦੌਰਾਨ ਅਮਾਕ ਨਿਊਜ਼ ਚੈਨਲ ਉੱਤੇ ਇਸ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਗਰੁੱਪ ਵੱਲੋਂ ਲਈ ਗਈ ਹੈ। ਅਫਗਾਨਿਸਤਾਨ ਵਿੱਚ ਮੌਜੂਦ ਆਈਐਸ ਤਾਲਿਬਾਨ ਨਾਲੋਂ ਵੀ ਕਿਤੇ ਜ਼ਿਆਦਾ ਇੰਤਿਹਾਪਸੰਦ ਹੈ, ਇਸੇ ਵੱਲੋਂ ਹੀ ਦੇਸ਼ ਦਾ ਨਿਯੰਤਰਣ ਹਥਿਆਇਆ ਗਿਆ ਹੈ। ਇਨ੍ਹਾਂ ਹਮਲਿਆਂ ਵਿੱਚ ਤਾਲਿਬਾਨ ਦੇ ਸ਼ਾਮਲ ਹੋਣ ਦੀ ਉਮੀਦ ਨਹੀਂ ਹੈ ਸਗੋਂ ਤਾਲਿਬਾਨ ਵੱਲੋਂ ਹਮਲਿਆਂ ਦੀ ਨਿਖੇਧੀ ਕੀਤੀ ਗਈ ਹੈ।





ਇਸ ਦੌਰਾਨ ਵਾਈਟ ਹਾਊਸ ਤੋਂ ਭਾਵੁਕ ਭਾਸ਼ਣ ਦਿੰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਇਹ ਤਾਜ਼ਾ ਖ਼ੂਨ ਖਰਾਬਾ ਅਮਰੀਕਾ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਅਫਗਾਨਿਸਤਾਨ ਤੋਂ ਬਾਹਰ ਆਉਣ ਲਈ ਮਜਬੂਰ ਨਹੀਂ ਕਰ ਸਕਦਾ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਵੱਲੋਂ ਅਮਰੀਕੀ ਫੌਜ ਨੂੰ ਆਈਐਸਆਈਐਸ ਉੱਤੇ ਹਮਲਾ ਕਰਨ ਲਈ ਪਲੈਨ ਤਿਆਰ ਕਰਨ ਦੀ ਹਦਾਇਤ ਵੀ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਕਈ ਦੇਸ਼ਾਂ ਵੱਲੋਂ ਲੋਕਾਂ ਨੂੰ ਏਅਰਪੋਰਟ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਸੀ ਕਿਉਂਕਿ ਆਤਮਘਾਤੀ ਹਮਲੇ ਦੀ ਧਮਕੀ ਮਿਲੀ ਹੋਈ ਸੀ। ਪਰ ਕੁੱਝ ਦੇਸ਼ਾਂ ਵੱਲੋਂ ਅਫਗਾਨਿਸਤਾਨ ਛੱਡ ਕੇ ਜਾਣ ਦੀਆਂ ਕੋਸ਼ਿਸ਼ਾਂ ਆਖਰੀ ਚਰਣ ਵਿੱਚ ਸਨ, ਜਿਸ ਕਾਰਨ ਪਿੱਛੇ ਬਚੇ ਲੋਕ ਡਰਦੇ ਮਾਰੇ ਛੇਤੀ ਤੋਂ ਛੇਤੀ ਦੇਸ਼ ਛੱਡ ਕੇ ਜਾਣ ਲਈ ਏਅਰਪੋਰਟ ਦੇ ਕੋਲ ਇੱਕਠੇ ਹੋਣ ਲੱਗੇ ਸਨ। ਬ੍ਰਿਟਿਸ਼ ਆਰਮਡ ਫੋਰਸਿਜ਼ ਮੰਤਰੀ ਜੇਮਜ਼ ਹੀਪੇਅ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਕੁੱਝ ਘੰਟਿਆਂ ਵਿੱਚ ਹੀ ਏਅਰਪੋਰਟ ਉੱਤੇ ਹਮਲਾ ਹੋਣ ਦੀ ਜਾਣਕਾਰੀ ਮਿਲੀ ਸੀ। ਬੈਲਜੀਅਮ ਦੇ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਡੀ ਕਰੂ ਨੇ ਵੀ ਆਖਿਆ ਕਿ ਅਮਰੀਕਾ ਕੋਲੋਂ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਆਤਮਘਾਤੀ ਹਮਲੇ ਦੀ ਜਾਣਕਾਰੀ ਮਿਲ ਗਈ ਸੀ। ਬੁੱਧਵਾਰ ਨੂੰ ਅਮਰੀਕੀ ਅੰਬੈਸੀ ਨੇ ਆਪਣੇ ਨਾਗਰਿਕਾਂ ਨੂੰ ਇਹ ਚੇਤਾਵਨੀ ਦਿੱਤੀ ਸੀ ਕਿ ਏਅਰਪੋਰਟ ਦੇ ਤਿੰਨਾਂ ਗੇਟਾਂ ਤੋਂ ਪਾਸੇ ਰਿਹਾ ਜਾਵੇ ਕਿਉਂਕਿ ਉਨ੍ਹਾਂ ਨੂੰ ਸਕਿਊਰਿਟੀ ਸਬੰਧੀ ਧਮਕੀ ਮਿਲੀ ਸੀ। ਇਸੇ ਤਰ੍ਹਾਂ ਬ੍ਰਿਟੇਨ, ਨਿਊਜ਼ੀਲੈਂਡ ਨੇ ਵੀ ਆਪਣੇ ਨਾਗਰਿਕਾਂ ਨੂੰ ਏਅਰਪੋਰਟ ਨਾ ਜਾਣ ਲਈ ਆਖਿਆ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਟੋਕੀਉ ਉਲੰਪਿਕ 2020 ਵਿੱਚ ਭਾਰਤ ਦਾ ਪ੍ਰਦਰਸ਼ਨ



ਡਾ.ਕਰਨਜੀਤ ਸਿੰਘ ਬੇਦੀ

ਟੋਕੀਉ ਉਲੰਪਿਕ 2020 ਦਾ ਆਯੋਜਨ ਕੋਵਿਡ ਮਹਾਂਮਾਰੀ ਕਾਰਨ ਇਸ ਸਾਲ 23 ਜੁਲਾਈ ਤੋਂ 8 ਅਗਸਤ ਨੂੰ ਕਰਾਇਆ ਗਿਆ। ਇਸ ਦੇਰੀ ਕਾਰਨ ਕਈ ਉੱਚ ਦਰਜੇ ਦੇ ਭਾਰਤੀ ਖਿਡਾਰੀ ਸ਼ੁਸ਼ੀਲ ਕੁਮਾਰ, ਸਾਕਸ਼ੀ ਮਲਿਕ, ਸਾਇਨਾ ਨੇਹਵਾਲ, ਦੀਪਾ ਕਮਰਾਕਰ ਆਦਿ ਮੌਕਿਆਂ ਦੀ ਘਾਟ ਜਾਂ ਸੱਟਾਂ ਦੇ ਕਾਰਨ ਉਲੰਪਿਕ ਲਈ ਕੁਆਲੀਫਾਈ ਨਾ ਕਰ ਸਕੇ। ਭਾਰਤ ਨੇ ਹੁਣ ਤੱਕ ਦਾ ਸਭ ਤੋਂ ਵੱਡਾ 127 ਖਿਡਾਰੀਆਂ ਦਾ ਦਲ ਇਸ ਖੇਡ ਮਹਾਂਕੁੰਭ ਲਈ ਭੇਜਿਆ ਸੀ, ਜਿਸ ਵਿੱਚ 73 ਪੁਰਸ਼ ਅਤੇ 54 ਔਰਤਾਂ ਸ਼ਾਮਿਲ ਸਨ। ਭਾਰਤੀ ਖਿਡਾਰੀਆਂ ਵਲੋਂ 18 ਖੇਡਾਂ ਵਿੱਚ 85 ਤਗਮਿਆ ਲਈ ਚਣੌਤੀ ਪੇਸ਼ ਕੀਤੀ ਗਈ। ਖੇਡ ਅਧਿਕਾਰੀਆਂ ਦੇ ਮੁਤਾਬਿਕ ਭਾਰਤ ਇਹਨਾਂ ਖੇਡਾਂ ਵਿੱਚ 15 ਤੋਂ 18 ਤਗਮੇ ਜਿੱਤਣ ਦਾ ਦਾਅਵੇਦਾਰ ਸੀ ਕਿਉਕਿ ਭਾਰਤੀ ਦਲ ਵਿੱਚ 13 ਦੇ ਕਰੀਬ ਅਜਿਹੇ ਖਿਡਾਰੀ ਸਨ ਜੋ ਵਿਸ਼ਵ ਦਰਜਾਬੰਦੀ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਕਾਬਜ਼ ਸਨ।

ਵੇਟ ਲਿਫਟਿੰਗ : ਖੇਡਾਂ ਦੀ ਸ਼ੁਰੁਆਤ ਵਿੱਚ ਹੀ ਭਾਰਤੀ ਅਧਿਕਾਰੀਆਂ ਦੀਆਂ ਆਸਾਂ ਨੂੰ ਉਸ ਵੇਲੇ ਬੂਰ ਪੈਂਦਾ ਨਜ਼ਰ ਆਇਆ ਜਦੋਂ ਤਗਮੇ ਦੀ ਦਾਅਵੇਦਾਰ ਭਾਰਤ ਦੀ ਇਕੋ ਇੱਕ ਵੇਟ ਲਿਫਟਰ ਮੀਰਾਬਾਈ ਚਾਨੂੰ ਨੇ ਮਹਿਲਾ 49 ਕਿਲੋ ਵਰਗ ਵਿੱਚ 202 ਕਿਲੋ ਭਾਰ ਚੁੱਕ ਕੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ।

ਨਿਸ਼ਾਨੇਬਾਜ਼ੀ : ਵਿਸ਼ਵ ਦੇ 8 ਉੱਤਮ ਨਿਸ਼ਾਨਚੀਆਂ ਨਾਲ ਸਜੇ 15 ਮੈਂਬਰੀ ਨਿਸ਼ਾਨੇਬਾਜ਼ੀ ਦਲ ਤੋਂ ਭਾਰਤ ਨੂੰ ਸਭ ਤੋਂ ਜ਼ਿਆਦਾ ਉਮੀਦਾਂ ਸਨ। ਇਸਦੀ ਸ਼ੁਰੂਆਤ ਵੀ ਵਧੀਆ ਰਹੀ ਜਦੋਂ ਸੌਰਭ ਚੌਧਰੀ ਨੇ ਪੁਰਸ਼ਾ ਦੇ 10 ਮੀਟਰ ਏਅਰ ਪਿਸਟਲ ਵਿੱਚ ਸਿਖਰ ’ਤੇ ਰਹਿੰਦਿਆਂ ਫਾਈਨਲ ਵਿੱਚ ਪ੍ਰਵੇਸ਼ ਕੀਤਾ ਪਰ ਫਾਈਨਲ ਵਿੱਚ ਉਹ ਕੇਵਲ ਸੱਤਵਾਂ ਸਥਾਨ ਹੀ ਪ੍ਰਾਪਤ ਕਰ ਸਕਿਆ। ਟੋਕੀਉ ਵਿੱਚ ਭਾਰਤੀ ਨਿਸ਼ਾਨੇਬਾਜ਼ਾਂ ਵਿੱਚੋਂ ਸੌਰਭ ਦਾ ਪ੍ਰਦਰਸ਼ਨ ਹੀ ਸਭ ਤੋਂ ਚੰਗਾ ਸੀ ਕਿਉਂਕਿ ਕੋਈ ਹੋਰ ਨਿਸ਼ਾਨੇਬਾਜ਼ ਫਾਈਨਲ ਵਿੱਚ ਵੀ ਨਹੀਂ ਪਹੁੰਚ ਸਕਿਆ। ਅਭੀਸ਼ੇਕ ਵਰਮਾ, ਦਿਵਯਾਸ਼ ਪੰਵਰ, ਮਨੂੰ ਭਾਕਰ, ਯਸ਼ਵਨੀ ਦੇਸਵਾਲ, ਅਲਵੇਨਿਲ ਵਾਲਾਰੀਵਨ ਅਤੇ ਰਾਹੀ ਸਰਨੋਬਤ ਵਰਗੇ ਵਿਸ਼ਵ ਦੇ ਅੱਵਲ ਨਿਸ਼ਾਨਚੀ ਆਪਣੇ ਵਰਗ ਦੇ ਏਕਲ ਮੁਕਾਬਲਿਆਂ ਵਿੱਚ ਕ੍ਰਮਵਾਰ 17, 32, 12, 13, 16 ਅਤੇ 32ਵੇ ਸਥਾਨ ’ਤੇ ਰਹੇ। ਭਾਵੇਂ ਮਨੂੰ ਭਾਕਰ ਦੀ ਪਿਸਤੋਲ ਵਿੱਚ ਖਰਾਬੀ ਚਰਚਾ ਦਾ ਵਿਸ਼ਾ ਰਹੀ ਪਰ ਹਾਰ ਦਾ ਕੋਈ ਬਹਾਨਾ ਨਹੀ ਬਣਾਇਆ ਜਾ ਸਕਦਾ ਕਿਉਂਕਿ ਖਿਡਾਰੀਆਂ ਨੂੰ ਆਪਣੇ ਏਕਲ ਮੁਕਾਬਲਿਆਂ ਤੋਂ ਇਲਾਵਾ ਟੀਮ ਮੁਕਾਬਲਿਆਂ ਵਿੱਚ ਵੀ ਮੌਕੇ ਮਿਲੇ ਪਰ ਉਹ ਆਪਣੇ ਨਾਮ ਮੁਤਾਬਿਕ ਕੋਈ ਜਲਵਾ ਨਾ ਦਿਖਾ ਸਕੇ। ਉਲੰਪਿਕ ਭਾਵਨਾ ਇਹਨਾਂ ਖੇਡਾਂ ਵਿੱਚ ਭਾਗ ਲੈਣ ਨੂੰ ਵਧੇਰੇ ਮਹੱਤਵਪੂਰਨ ਮੰਨਦੀ ਹੈ ਪਰ ਭਾਰਤੀ ਨਜ਼ਰੀਏ ਤੋਂ ਨਿਸ਼ਾਨੇਬਾਜਾਂ ਦੇ ਇਸ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਹੀ ਕਿਹਾ ਜਾ ਸਕਦਾ ਹੈ।













ਤੀਰਅੰਦਾਜ਼ੀ : ਭਾਰਤ ਬਹੁਤ ਸਮੇਂ ਤੋਂ ਤਗਮੇ ਦੀ ਆਸ ਨਾਲ ਉਲੰਪਿਕ ਦੀ ਤੀਰਅੰਦਾਜ਼ੀ ਵਿੱਚ ਭਾਗ ਲੈਂਦਾ ਆ ਰਿਹਾ ਹੈ ਪਰ ਕਦੇ ਵੀ ਤੀਰਅੰਦਾਜ਼ੀ ਦਾ ਨਾਮ ਤਗਮਾ ਸੂਚੀ ਵਿੱਚ ਅੰਕਿਤ ਨਹੀਂ ਕਰਵਾ ਸਕਿਆ। ਭਾਰਤੀ ਤੀਰਅੰਦਾਜ਼ਾਂ ਨੇ ਕਈ ਤਕੜੇ ਵਿਰੋਧੀਆਂ ਨੂੰ ਹਰਾ ਕੇ ਸ਼ੁਰੁਆਤ ਕੀਤੀ ਪਰ ਉਹ ਆਪਣੀ ਇਕਾਗਰਤਾ ਅਤੇ ਇਕਸਾਰਤਾ ਬਰਕਰਾਰ ਨਾ ਰੱਖ ਸਕੇ। ਅੰਤਨੂੰ ਦਾਸ ਦੇ ਪਹਿਲੇ ਤਿੰਨੇ ਮੁਕਾਬਲੇ ਹੀ ਟੋਕੀਉ ਉਲੰਪਿਕ ਪੁਰਸ਼ ਟੀਮ ਵਰਗ ਦੇ ਚਾਂਦੀ, ਸੋਨੇ ਅਤੇ ਕਾਂਸੀ ਤਗਮੇ ਦੇ ਜੇਤੂ ਤੀਰਅੰਦਾਜ਼ਾਂ ਨਾਲ ਸੀ, ਉਹ ਦੋ ਮੁਕਾਬਲੇ ਜਿੱਤਣ ਤੋਂ ਬਾਅਦ ਤੀਜੇ ਮੁਕਾਬਲੇ ਵਿੱਚ ਹਾਰ ਗਿਆ। ਭਾਰਤੀ ਪੁਰਸ਼ ਟੀਮ, ਮਿਕਸ ਟੀਮ ਅਤੇ ਦੀਪਕਾ ਕੁਮਾਰੀ ਆਪਣੇ ਤਿੰਨੇ ਵਰਗਾਂ ਵਿੱਚ ਕੁਆਟਰ ਫਾਈਨਲ ਵਿੱਚ ਪਹੁੰਚ ਗਏ ਸਨ ਪਰ ਉਹ ਮਜ਼ਬੂਤ ਦੱਖਣੀ ਕੋਰੀਆ ਚਣੌਤੀ ਤੋਂ ਪਾਰ ਨਾ ਪਾ ਸਕੇ ਅਤੇ ਤਿੰਨੇ ਹੀ ਮੁਕਾਬਲਿਆਂ ਵਿੱਚੋਂ ਹਾਰ ਕੇ ਬਾਹਰ ਹੋ ਗਏ। ਵਿਸ਼ਵ ਦੀ ਨੰਬਰ ਇੱਕ ਦੀਪਕਾ ਕੁਮਾਰੀ ਨੇ ਰਾਉਂਡ 16 ਵਿੱਚ ਰਿਉ ਉਲੰਪਿਕ ਚਾਂਦੀ ਤਗਮਾ ਜੇਤੂ ਕਸੇਨੀਆ ਪਿਰੋਵਾ ਨੂੰ ਹਰਾ ਕੇ ਕੁਆਟਰ ਫਾਇਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਤੀਰਅੰਦਾਜ਼ ਹੋਣ ਦਾ ਮਾਣ ਹਾਸਿਲ ਕੀਤਾ। ਭਾਰਤੀ ਪੁਰਸ਼ ਟੀਮ, ਮਿਕਸ ਟੀਮ ਅਤੇ ਦੀਪਕਾ ਕੁਮਾਰੀ ਨੂੰ ਕੁਆਟਰ ਫਾਈਨਲ ਵਿੱਚ ਹਰਾਉਣ ਵਾਲੇ ਦੱਖਣੀ ਕੋਰੀਆ ਦੇ ਤੀਰਅੰਦਾਜ਼ਾਂ ਨੇ ਹੀ ਇਹਨਾਂ ਤਿੰਨੇ ਮੁਕਾਬਲਿਆਂ ਦੇ ਫਾਈਨਲ ਵਿੱਚ ਪਹੁੰਚ ਕੇ ਤਿੰਨ ਸੋਨ ਤਗਮੇ ਹਾਸਿਲ ਕੀਤੇ। ਭਾਰਤੀ ਤੀਰਅੰਦਾਜ਼ਾਂ ਨੇ ਆਪਣੀ ਸਮਰੱਥਾ ਤਾਂ ਦਿਖਾਈ ਪਰ ਜੇਕਰ ਦੱਖਣੀ ਕੋਰੀਆ ਵਿਰੁੱਧ ਪ੍ਰਦਰਸ਼ਨ ਬੇਹਤਰ ਹੁੰਦਾ ਤਾਂ ਭਾਰਤੀ ਤਗਮਾ ਸੂਚੀ ਕੁਝ ਹੋਰ ਹੋਣੀ ਸੀ।

ਮੁੱਕੇਬਾਜ਼ੀ : ਮੁੱਕੇਬਾਜ਼ੀ ਵਿੱਚ ਵੀ ਭਾਰਤ ਦਾ ਪ੍ਰਦਰਸ਼ਨ ਵਧੀਆ ਰਹਿਣ ਦੀ ਉਮੀਦ ਸੀ। ਮੈਰੀ ਕਾਮ ਨੇ ਆਪਣਾ ਪਹਿਲਾ ਮੁਕਾਬਲਾ ਸ਼ਾਨਦਾਰ ਢੰਗ ਨਾਲ ਜਿੱਤਿਆ ਪਰ ਦੂਸਰੇ ਸੰਘਰਸ਼ਪੂਰਨ ਅਤੇ ਵਿਵਾਦਪੂਰਨ ਮੁਕਾਬਲੇ ਵਿੱਚ ਕੋਲੰਬੀਆ ਦੀ ਇੰਗ੍ਰਿਟ ਵਲੈਂਸੀਆ ਤੋਂ ਹਾਰ ਦਾ ਸਾਹ-ਮਣਾ ਕਰਨਾ ਪਿਆ। ਮੈਰੀ ਕਾਮ ਦੇ ਸ਼ਾਨਦਾਰ ਖੇਡ ਜੀਵਨ ਤੇ ਝਾਤ ਮਾਰੀਏ ਤਾਂ ਇਹ ਹਾਰ ਵੀ ਕਈਆਂ ਲਈ ਪ੍ਰੇਰਣਾਸ੍ਰੋਤ ਸਾਬਿਤ ਹੋਵੇਗੀ। ਲਵਲੀਨਾ ਬੋਰਗੀਅਨ, ਪੂਜਾ ਰਾਣੀ ਅਤੇ ਸਤੀਸ਼ ਕੁਮਾਰ ਆਪਣੇ ਪਹਿਲੇ ਮੁਕਾਬਲੇ ਜਿੱਤਣ ਨਾਲ ਹੀ ਕੁਆਟਰ ਫਾਈਨਲ ਵਿੱਚ ਪਹੁੰਚ ਗਏ, ਜਿਸ ਕਰਕੇ ਉਹ ਤਗਮੇ ਤੋਂ ਕੇਵਲ ਇੱਕ ਕਦਮ ਦੂਰ ਸੀ। ਲਵਲੀਨਾ ਨੇ ਕੁਆਟਰ ਫਾਇਨਲ ਵਿੱਚ ਸਾਬਕਾ ਵਿਸ਼ਵ ਚੇਪਿਅਨ ਤਾਈਪੇ ਦੀ ਚਿਨ ਚੇਨ ਨੂੰ ਹਰਾ ਕੇ ਸੈਮੀ ਫਾਈਨਲ ਵਿੱਚ ਜਗ੍ਹਾ ਬਣਾਈ ਪਰ ਸੈਮੀ ਫਾਈਨਲ ਵਿੱਚ ਉਹ ਵਿਸ਼ਵ ਦੀ ਨੰਬਰ ਇੱਕ ਮੁੱਕੇਬਾਜ਼ ਤੁਰਕੀ ਦੀ ਬੁਸੇਨਾਜ ਸੁਰਮੇਨੇਲੀ ਤੋਂ ਹਾਰ ਗਈ ਅਤੇ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ। ਪੂਜਾ ਰਾਣੀ ਆਪਣੇ ਕੁਆਟਰ ਫਾਈਨਲ ਮੁਕਾਬਲੇ ਵਿੱਚ ਰਿਉ ਉਲੰਪਿਕ ਵਿੱਚ ਕਾਂਸੀ ਤਗਮਾ ਜੇਤੂ ਤਾਈਪੇ ਦੀ ਲੀ ਕਿਉਆਨ ਤੋਂ ਹਾਰ ਗਈ ਅਤੇ ਸਤੀਸ਼ ਕੁਮਾਰ ਉਜਬੇਕਿਸਤਾਨ ਦੇ ਵਿਸ਼ਵ ਚੈਪਿਅਨ ਬਖੋਦਿਰ ਜਲੋਲੋਵ ਤੋਂ ਹਾਰ ਗਿਆ। ਵਿਸ਼ਵ ਦੇ ਨੰਬਰ ਇੱਕ ਭਾਰਤੀ ਮੁੱਕੇਬਾਜ਼ ਅਮਿਤ ਪੰਗਾਲ ਰਿਉ ਉਲੰਪਿਕ ਵਿੱਚ ਚਾਂਦੀ ਤਗਮਾ ਜੇਤੂ ਕੋਲੰਬੀਆ ਦੇ ਯੁਬੇਰਜੇਨ ਮਾਰਟੀਨੇਜ ਤੋਂ ਆਪਣਾ ਪਹਿਲਾ ਮੁਕਾਬਲਾ ਹੀ ਨਾ ਜਿੱਤ ਸਕਿਆ ਇਸ ਤਰ੍ਹਾਂ ਭਾਰਤ ਦੇ ਪੰਜ ਮੁੱਕੇਬਾਜ਼ ਆਪਣਾ ਪਹਿਲਾ ਹੀ ਮੁਕਾਬਲਾ ਹਾਰ ਕੇ ਬਾਹਰ ਹੋ ਗਏ।

ਬੈਡਮਿੰਟਨ : ਇਸ ਵਿੱਚ ਪੁਰਸ਼ਾਂ ਦੀ ਜੋੜੀ ਸਾਤਵਿਕ ਸਰਾਜ ਅਤੇ ਚਿਰਾਗ ਸ਼ੈਟੀ ਨੇ ਪਹਿਲੇ ਮੁਕਾਬਲੇ ਵਿੱਚ ਵਿਸ਼ਵ ਦੀ ਤੀਸਰਾ ਦਰਜ਼ਾ ਪ੍ਰਾਪਤ ਤਾਈਪੇ ਦੀ ਜੋੜੀ ਨੂੰ ਹਰਾ ਕੇ ਚੰਗਾ ਪ੍ਰਦਰਸ਼ਨ ਕੀਤਾ।ਇਹ ਭਾਰਤੀ ਜੋੜੀ ਦੂਜੇ ਮੁਕਾਬਲੇ ਵਿੱਚ ਵਿਸ਼ਵ ਦੀ ਪਹਿਲਾ ਦਰਜਾ ਪ੍ਰਾਪਤ ਇੰਡੋਨੇਸ਼ੀਆਈ ਜੋੜੀ ਤੋਂ ਹਾਰ ਗਈ ਅਤੇ ਬਾਅਦ ਵਿੱਚ ਆਖਿਰ ਅੰਕਾਂ ਦੇ ਹੇਰ ਫੇਰ ਕਾਰਨ ਕੁਆਟਰ ਫਾਈਨਲ ਵਿੱਚ ਜਗ੍ਹਾ ਨਾਂ ਬਣਾ ਸਕੀ। ਰਿਉ ਉਲੰਪਿਕ ਦੀ ਚਾਂਦੀ ਦਾ ਤਗਮਾ ਜੇਤੂ ਪੀ. ਵੀ. ਸਿੰਧੂ ਮਹਿਲਾ ਏਕਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਪਹਿਲੇ ਤਿੰਨੋ ਮੈਚ ਜਿੱਤਣ ਤੋਂ ਬਾਅਦ ਕੁਆਟਰ ਫਾਈਨਲ ਵਿੱਚ ਵਿਸ਼ਵ ਦੀ ਪੰਜਵਾਂ ਦਰਜਾ ਪ੍ਰਾਪਤ ਜਾਪਾਨ ਦੀ ਅਕਾਨੇ ਯਾਮਾਗੁਚੀ ਨੂੰ ਹਰਾ ਕਿ ਸੈਮੀ ਫਾਈਨਲ ਵਿੱਚ ਪਹੁੰਚੀ। ਸੈਮੀ ਫਾਈਨਲ ਵਿੱਚ ਉਹ ਤਾਈਪੇ ਦੀ ਵਿਸ਼ਵ ਦੀ ਨੰਬਰ ਦੋ ਖਿਡਾਰੀ ਤਾਈ ਜ਼ੁ ਜਿੰਗ ਤੋਂ ਹਾਰ ਗਈ ਪਰ ਚੀਨ ਦੀ ਹੀਬਿੰਗ ਜਿਆਓ ਨੂੰ ਹਰਾ ਕੇ ਉਸ ਨੇ ਕਾਂਸੀ ਦਾ ਤਗਮਾ ਹਾਸਿਲ ਕੀਤਾ। ਪੀ,ਵੀ, ਸਿੰਧੂ ਲਗਾਤਾਰ ਦੋ ਉਲੰਪਿਕ ਖੇਡਾਂ ਵਿੱਚ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ।

ਹਾਕੀ : ਭਾਰਤੀ ਪੁਰਸ਼ ਅਤੇ ਮਹਿਲਾ ਟੀਮਾਂ ਨੇ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨ-ਾਇਕ ਦੇ ਯਤਨਾਂ, ਕੋਚ ਗ੍ਰਾਹਿਮ ਰੀਡ ਅਤੇ ਐਸ. ਮੈਰੀਜਨੇ ਦੀ ਮਿਹਨਤ ਸਦਕਾ ਇਹਨਾਂ ਖੇਡਾਂ ਵਿੱਚ ਆਪਣੀ ਚਣੋਤੀ ਪੇਸ਼ ਕੀਤੀ। ਪੁਰਸ਼ ਟੀਮ ਨਿਉਜ਼ੀਲੈਂਡ ਤੋਂ 3-2, ਸਪੇਨ ਤੋਂ 3-0, ਅਰਜਨਟਾਈਨਾ ਤੋਂ 3-1, ਜਾਪਾਨ ਤੋਂ 5-3 ਦੀ ਜਿੱਤ ਅਤੇ ਆਸਟਰੇਲੀਆ ਤੋਂ 1-7 ਦੀ ਹਾਰ ਨਾਲ ਕੁਆਟਰ ਫਾਈਨਲ ਵਿੱਚ ਪਹੁੰਚ ਗਈ। ਭਾਰਤੀ ਹਾਕੀ ਟੀਮ ਨੇ ਕੁਆਟਰ ਫਾਈਨਲ ਵਿੱਚ ਇੰਗਲੈਂਡ ਨੂੰ 3-1 ਨਾਲ ਹਰਾ ਕੇ ਸੈਮੀ ਫਾਈਨਲ ਵਿੱਚ ਜਗ੍ਹਾ ਬਣਾਈ ਅਤੇ 41 ਸਾਲਾਂ ਬਾਅਦ ਉਲੰਪਿਕ ਹਾਕੀ ਵਿੱਚ ਪਹਿਲੀਆਂ ਚਾਰ ਟੀਮਾਂ ਵਿੱਚ ਸ਼ਾਮਿਲ ਹੋਈ। ਭਾਰਤ ਦਾ ਮੁਕਾਬਲਾ ਸੈਮੀ ਫਾਈਨਲ ਵਿੱਚ ਵਿਸ਼ਵ ਦੀ ਨੰਬਰ ਇੱਕ ਟੀਮ ਬੈਲਜ਼ਿਅਮ ਨਾਲ ਸੀ ਜਿਸ ਵਿੱਚ ਭਾਰਤ 2-5 ਨਾਲ ਹਾਰ ਗਿਆ। ਪੁਰਸ਼ ਹਾਕੀ ਟੀਮ ਨੇ ਤੀਸਰੇ ਸਥਾਨ ਲਈ ਜਰਮਨੀ ਨਾਲ ਖੇਡੇ ਮੈਚ ਵਿੱਚ 5-4 ਨਾਲ ਜਿੱਤ ਕੇ ਕਾਂਸੀ ਤਗਮੇ ਤੇ ਕਬਜ਼ਾ ਕੀਤਾ ਅਤੇ 41 ਸਾਲਾਂ ਦਾ ਭਾਰਤੀ ਉਲੰਪਿਕ ਹਾਕੀ ਵਿੱਚ ਤਗਮੇ ਦਾ ਸੋਕਾ ਖ਼ਤਮ ਕੀਤਾ। ਇਸੇ ਤਰ੍ਹਾਂ ਮਹਿਲਾ ਹਾਕੀ ਟੀਮ ਆਪਣੀਆਂ ਪਹਿਲੀਆਂ ਤਿੰਨ ਹਾਰਾਂ (ਹਾਲੈਂਡ ਤੋਂ 1-5, ਜਰਮਨੀ ਤੋਂ 0-2, ਇੰਗਲੈਂਡ ਤੋਂ 1-4) ਦੇ ਬਾਵਜੂਦ ਆਖਰੀ ਦੋ ਜਿੱਤਾਂ (ਆਇਰਲੈਂਡ ਤੋਂ 1-0, ਸਾਉਥ ਅਫਰੀਕਾ ਤੋਂ 4-3) ਨਾਲ ਕੁਆਟਰ ਫਾਈਨਲ ਵਿੱਚ ਪਹੁੰਚ ਗਈ। ਭਾਰਤੀ ਮਹਿਲਾ ਹਾਕੀ ਟੀਮ ਨੇ ਟੋਕੀਉ ਉਲੰਪਿਕ ਹਾਕੀ ਦਾ ਸਭ ਤੋਂ ਵੱਡਾ ਉਲਟ ਫੇਰ ਕਰਦਿਆਂ ਆਸਟ੍ਰੇਲੀਆ ਨੂੰ ਕੁਆਟਰ ਫਾਈਨਲ ਵਿੱਚ 1-0 ਨਾਲ ਹਰਾਇਆ ਅਤੇ ਪੁਰਸ਼ ਹਾਕੀ ਵਾਂਗ ਹੀ 41 ਸਾਲ ਬਾਅਦ ਪਹਿਲੀਆਂ ਚਾਰ ਟੀਮਾਂ ਵਿੱਚ ਸ਼ਾਮਿਲ ਹੋਈ। ਮਹਿਲਾ ਹਾਕੀ ਸੈਮੀ ਫਾਈਨਲ ਵਿੱਚ ਅਰਜਨਟਾਈਨਾ ਤੋਂ 1-2 ਨਾਲ ਹਾਰ ਗਈ ਅਤੇ ਤੀਸਰੇ ਸਥਾਨ ਲਈ ਇੰਗਲੈਂਡ ਨਾਲ ਖੇਡੇ ਮੈਚ ਵਿੱਚ 3 -4 ਨਾਲ ਹਾਰ ਕੇ ਚੌਥੇ ਸਥਾਨ’ਤੇ ਰਹੀ। ਭਾਰਤੀ ਮਹਿਲਾ ਹਾਕੀ ਟੀਮ ਭਾਵੇਂ ਕੋਈ ਤਗਮਾ ਨਾ ਜਿੱਤ ਸਕੀ ਪਰ ਕਰੋੜਾਂ ਭਾਰਤੀਆਂ ਦਾ ਦਿਲ ਜਰੂਰ ਜਿੱਤ ਲਿਆ।

ਐਥਲੈਟਿਕਸ : ਐਥਲੈਟਿਕਸ ਵਿੱਚ ਤਗਮੇ ਦੀਆਂ ਜਿਆਦਾ ਆਸਾਂ ਨਹੀਂ ਸਨ ਕੇਵਲ ਦੋ ਤਿੰਨ ਖਿਡਾਰੀਆਂ ਦੇ ਪ੍ਰਦਰਸ਼ਨ ’ਤੇ ਨਿਗਾਹਾਂ ਸਨ। ਭਾਰਤੀ ਪੁਰਸ਼ ਐਥਲੀਟ ਸਟੀਪਲਚੇਜ਼, 400 ਮੀਟਰ ਅੜਿੱਕਾ ਦੌੜ, ਲੰਬੀ ਛਾਲ, ਸ਼ਾਟ ਪੁੱਟ, ਰਿਲੇਅ ਰੇਸ ਮਹਿਲਾ ਅਥਲੀਟ 100, 200 ਮੀਟਰ, ਜੈਵਲਿਨ ਥ੍ਰੋਅ ਅਤੇ ਮਿਕਸ ਰਿਲੇਅ ਪਹਿਲੇ ਦੌਰ ਵਿੱਚ ਹੀ ਬਾਹਰ ਹੋ ਗਏ। ਅਵਿਨਾਸ਼ ਨੇ ਸਟੀਪਲਚੇਜ ਵਿੱਚ ਆਪਣੇ ਨਿੱਜੀ ਪ੍ਰਦਰਸ਼ਨ ਵਿਚ ਸੁਧਾਰ ਕਰਦਿਆਂ ਨਵਾਂ ਕੌਮੀ ਰਿਕਾਰਡ ਬਣਾਇਆ ਅਤੇ ਭਾਰਤੀ 4 ਗੁਣਾ 400 ਰਿਲੇਅ ਰੇਸ ਨੇ ਨਵਾਂ ਏਸ਼ੀਆਈ ਰਿਕਾਰਡ ਬਣਾਇਆ। ਡਿਸਕਸ ਥ੍ਰੋਅਰ ਕਮਲਪ੍ਰੀਤ ਕੌਰ ਨੇ ਆਪਣੇ ਗਰੁੱਪ ਵਿੱਚ 64 ਮੀਟਰ ਚੱਕਾ ਸੁੱਟ ਕੇ ਦੂਜੇ ਨੰਬਰ ’ਤੇ ਰਹਿੰਦਿਆਂ ਫਾਈਨਲ ਵਿੱਚ ਪ੍ਰਵੇਸ਼ ਕੀਤਾ ਅਤੇ ਫਾਈਨਲ ਵਿੱਚ ਉਹ 63.70 ਮੀਟਰ ਥ੍ਰੋਅ ਨਾਲ 6ਵੇਂ ਸਥਾਨ ’ਤੇ ਰਹੀ। ਇਹਨਾਂ ਖੇਡਾਂ ਲਈ ਭਾਰਤ ਦੇ ਪੋਸਟਰ ਬੁਆਏ ਨੀਰਜ ਚੋਪੜਾ ਨੇ ਜੈਵਲਿਨ ਥ੍ਰੋਅ ਦੇ ਕੁਆਲੀਫਾਈ ਰਾਉਂਡ ਵਿਚ 86.65 ਥ੍ਰੋਅ ਨਾਲ ਆਪਣੇ ਗਰੁੱਪ ਵਿੱਚ ਸਿਖਰ ’ਤੇ ਰਹਿੰਦਿਆ ਫਾਇਨਿਲ ਵਿੱਚ ਜਗ੍ਹਾ ਬਣਾਈ। ਨੀਰਜ ਚੋਪੜਾ ਨੇ ਫਾਇਨਲ ਵਿੱਚ ਇਤਿਹਾਸ ਰਚਦਿਆਂ 87.58 ਮੀਟਰ ਜੈਵਲਿਨ ਸੁੱਟ ਕੇ ਸੋਨੇ ਦਾ ਤਗਮਾ ਜਿੱਤਿਆ।ਭਾਰਤੀ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਤੋਂ ਬਾਅਦ ਇਹ ਤਗਮਾ ਭਾਰਤ ਦਾ ਦੂਜਾ ਨਿੱਜੀ ਉਲੰਪਿਕ ਤਗਮਾ ਸੀ ਪਰ ਐਥਲੈਟਿਕਸ ਵਿੱਚ ਭਾਰਤ ਦਾ ਇਹ ਪਹਿਲਾ ਸੋਨ ਤਗਮਾ ਸੀ।

ਕੁਸ਼ਤੀ: ਉਲੰਪਿਕ ਖੇਡਾਂ ਵਿੱਚ ਭਾਰਤ ਦੇ ਹਲਕੇ ਪ੍ਰਦਰਸ਼ਨ ਤੋਂ ਬਾਅਦ ਨਜ਼ਰਾਂ ਕੁਸ਼ਤੀ ’ਤੇ ਸਨ ਕਿਉਂਕਿ ਇਸ ਵਿੱਚ 3-4 ਤਗਮਿਆਂ ਦੀ ਸੰਭਾਵਨਾ ਸੀ। ਰਵੀ ਕੁਮਾਰ ਦਹੀਆ ਨੇ ਆਪਣੇ ਪਹਿਲੇ ਮੁਕਾਬਲੇ ਵਿੱਚ ਕੋਲੰਬੀਆਂ ਦੇ ਟਾਈਗਰੋਸ ਨੂੰ 13-2 ਤੋਂ, ਕੁਆਟਰ ਫਾਈਨਲ ਵਿੱਚ ਬੁਲਗਾਰੀਆ ਦੇ ਜੋਰਜੀ ਵਾਂਗੇਲੋਵ ਨੂੰ 14-4 ਤੋਂ ਤਕਨੀਕੀ ਸ੍ਰੇਸ਼ਠਤਾ ਨਾਲ ਹਰਾਇਆ।ਦਹੀਆ ਨੇ ਸੈਮੀ ਫਾਈਨਲ ਵਿੱਚ ਕਜ਼ਾਕਿਸਤਾਨ ਦੇ ਨੂਰਇਸਲਾਮ ਸਾਨੇਵ ਨਾਲ ਹੋਏ ਜ਼ਬਰਦਸਤ ਮੁਕਾਬਲੇ ਵਿੱਚ 2-9 ਨਾਲ ਪਛੜਣ ਤੋਂ ਬਾਅਦ ਉਸਦੇ ਮੋਢੇ ਲਵਾ ਕੇ ਜਿੱਤਿਆ। ਇਸ ਤਰ੍ਹਾਂ ਉਹ ਫਾਈਨਲ ਵਿੱਚ ਪ੍ਰਵੇਸ਼ ਕਰਨ ਵਾਲਾ ਦੂਜਾ ਭਾਰਤੀ ਪਹਿਲਵਾਨ ਬਣ ਗਿਆ। ਰਵੀ ਕੁਮਾਰ ਦਹੀਆ ਫਾਈਨਲ ਵਿੱਚ ਰਸ਼ੀਅਨ ਉਲੰਪਿਕ ਕਮੇਟੀ ਦੇ ਵਿਸ਼ਵ ਚੈਪਿਅਨ ਜ਼ਾਵੂਰ ਯੁਗੇਵ ਤੋਂ ਹਾਰ ਗਿਆ ਅਤੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਦੀਪਕ ਪੁਨੀਆ ਨੇ 86 ਕਿਲੋ ਵਰਗ ਵਿੱਚ ਆਪਣੇ ਪਹਿਲੇ ਮੁਕਾਬਲੇ ਵਿੱਚ ਨਾਈਜ਼ੇਰੀਆ ਦੇ ਏਕਰੇਕਰਨੇ ਅਜਾਰਨਰ ਨੂੰ, ਕੁਆਟਰ ਫਾਈਨਲ ਵਿੱਚ ਚੀਨ ਦੇ ਜੁ ਸ਼ੇਨ ਲੀ ਨੂੰ ਹਰਾਇਆ ਪਰ ਸੈਮੀ ਫਾਈਨਲ ਵਿੱਚ ਉਹ ਅਮਰੀਕਾ ਦੇ ਡੇਵਿਡ ਟੇਲਰ ਤੋਂ ਹਾਰ ਗਿਆ। ਕਾਂਸੀ ਦੇ ਤਗਮੇ ਲਈ ਰੈਪਚੇਜ ਰਾਉਂਡ ਵਿੱਚ ਦੀਪਕ ਪੁਨੀਆ ਸੇਨ ਮਰੀਨੋ ਦੇ ਮੈਲਿਸ ਅਮੀਨੇ ਤੋਂ ਅੰਤਿਮ ਪਲਾਂ ਵਿੱਚ ਹਾਰ ਕੇ ਤਗਮੇ ਤੋਂ ਵਾਂਝਾਂ ਰਹਿ ਗਿਆ। ਭਾਰਤ ਲਈ ਤਗਮੇ ਦੀ ਉਮੀਦ ਵਿਨੇਸ਼ ਫੋਗਾਟ ਆਪਣੇ ਦੂਜੇ ਮੁਕਾਬਲੇ ਵਿੱਚ ਬੇਲਾਰੂਸ ਦੀ ਸਾਬਕਾ ਵਿਸ਼ਵ ਚੈਂਪਿਅਨ ਵਨੀਸਾ ਕੈਲਾਦਜ਼ੀ ਤੋਂ ਚਿੱਤ ਹੋ ਗਈ। ਭਾਰਤੀ ਸਟਾਰ ਪਹਿਲਵਾਨ ਬਜਰੰਗ ਪੁਨੀਆ ਨੇ 65 ਕਿਲੋ ਵਰਗ ਵਿੱਚ ਪਹਿਲੇ ਮੁਕਾਬਲੇ ਵਿੱਚ ਕਰਗਿਸਤਾਨ ਦੇ ਅਕਮਾਤੀਲੇਵ ਨੂੰ, ਦੂਜੇ ਮੁਕਾਬਲੇ ਵਿੱਚ ਇਰਾਨ ਦੇ ਮੁਰਤਜਾ ਗਿਆਸੀ ਨੂੰ ਹਰਾਇਆ ਪਰ ਸੈਮੀ ਫਾਈਨਲ ਵਿੱਚ ਅਜਰਬਾਈਜਾਨ ਦੇ ਹਾਜੀ ਅਲੀਯੇਵ ਤੋਂ ਹਾਰ ਗਿਆ। ਬਜਰੰਗ ਪੁਨੀਆ ਨੇ ਕਾਂਸੀ ਦੇ ਤਗਮੇ ਲਈ ਖੇਡੇ ਰੈਪਚੇਜ ਰਾਉਂਡ ਵਿੱਚ ਕਜ਼ਾਕਿਸਤਾਨ ਦੇ ਦੌਲੇਤ ਨਿਯਾਜਬੇਕੋਵ ਨੂੰ ਹਰਾ ਕਿ ਇਹਨਾਂ ਉਲੰਪਿਕ ਖੇਡਾਂ ਵਿੱਚ ਦੇਸ਼ ਦਾ ਛੇਵਾਂ ਤਗਮਾ ਜਿੱਤਿਆ।

ਮਹਿਲਾ ਗੋਲਫਰ ਅਦਿੱਤੀ ਅਸ਼ੋਕ ਨੇ ਸਭ ਨੂੰ ਅਚੰਭਿਤ ਕਰਦਿਆਂ ਪਹਿਲੇ ਤਿੰਨ ਦਿਨ ਤੱਕ ਤਗਮੇ ਦੀ ਦੋੜ ਵਿੱਚ ਬਣੀ ਰਹੀ ਪਰ ਚੌਥੇ ਨਿਰਣਾਇਕ ਦਿਨ ਇੱਕ ਸ਼ਾਟ ਤੋਂ ਖੁੰਝ ਗਈ ਅਤੇ ਚੌਥੇ ਸਥਾਨ ’ਤੇ ਰਹੀ। ਟੇਬਲ ਟੈਨਿਸ ਵਿੱਚ ਮੋਨਿਕਾ ਬਤਰਾ ਅਤੇ ਸ਼ਰਦ ਕਮਲ ਨੇ ਲਗਾਤਾਰ ਦੋ-ਦੋ ਜਿੱਤਾਂ ਦਰਜ਼ ਕਰਕੇ ਅਪਣੇ ਨਿੱਜੀ ਪ੍ਰਦਰਸ਼ਨ ਵਿੱਚ ਸੁਧਾਰ ਕੀਤਾ ਪਰ ਤਗਮਾ ਜਿੱਤਣ ਤੋਂ ਦੂਰ ਰਹੇ। ਰੋਇੰਗ ਵਿੱਚ ਅਰਵਿੰਦ ਸਿੰਘ ਅਤੇ ਅਰਜੁਨ ਜਾਟ ਦੀ ਜੋੜੀ ਦਾ ਸੈਮੀ ਫਾਈਨਲ ਵਿੱਚ ਪਹੁੰਚਣਾ ਭਾਰਤ ਦੇ ਨਜ਼ਰੀਏ ਤੋਂ ਚੰਗੀ ਕਾਰਗੁਜਾਰੀ ਮੰਨੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੁਡੋ, ਜਿਮਨ-ਾਸਟਿਕ, ਤਲਵਾਰਬਾਜ਼ੀ, ਤੈਰਾਕੀ, ਸੇਲਿੰਗ, ਘੋੜ ਸਵਾਰੀ ਅਤੇ ਲਾਅਨ ਟੈਨਿਸ ਵਿੱਚ ਖਿਡਾਰੀਆਂ ਦਾ ਪ੍ਰਦਰਸ਼ਨ ਭਾਵੇਂ ਭਾਗ ਲੈਣ ਤੱਕ ਹੀ ਸੀਮਤ ਰਿਹਾ ਪਰ ਉਲੰਪਿਕ ਖੇਡਾਂ ਲਈ ਕੁਆਲੀਫਾਈ ਕਰਨਾ ਹੀ ਖਿਡਾਰੀਆਂ ਵਾਸਤੇ ਇੱਕ ਪ੍ਰਾਪਤੀ ਸੀ।


ਭਾਰਤ ਦੀ ਝੋਲੀ ਇਹਨਾਂ ਖੇਡਾਂ ਵਿੱਚ ਪਹਿਲੀ ਵਾਰ ਸੋਨਾ, ਚਾਂਦੀ ਅਤੇ ਕਾਂਸੀ ਦੇ ਕੁੱਲ ਸੱਤ ਤਗਮੇ ਪਏ, ਪਹਿਲਾ ਮਹਿਲਾ ਵੇਟ ਲਿਫਟਰ ਮੀਰਾ ਬਾਈ ਚਾਨੂੰ ਦਾ 49 ਕਿਲੋ ਵਰਗ ਵਿੱਚ ਚਾਂਦੀ ਦਾ ਤਗਮਾ, ਦੂਜਾ ਪੀ,ਵੀ, ਸਿੰਧੂ ਦਾ ਬੈਡਮਿੰਟਨ ਵਿੱਚ ਕਾਂਸੀ ਦਾ ਤਗਮਾ, ਤੀਜਾ ਮੁੱਕੇਬਾਜ਼ ਲਵਲੀਨਾ ਦਾ 69 ਕਿਲੋ ਵਰਗ ਵਿੱਚ ਕਾਂਸੀ ਦਾ ਤਗਮਾ, ਚੌਥਾ ਪੁਰਸ਼ ਹਾਕੀ ਦਾ ਕਾਂਸੀ ਦਾ ਤਗਮਾ, ਪੰਜਵਾਂ ਪਹਿਲਵਾਨ ਰਵੀ ਦਹੀਆ ਦਾ 57 ਕਿਲੋ ਵਰਗ ਵਿੱਚ ਚਾਂਦੀ ਦਾ ਤਗਮਾ, ਛੇਵਾਂ ਪਹਿਲਵਾਨ ਬਜਰੰਗ ਪੁਨੀਆ ਦਾ 65 ਕਿਲੋ ਵਰਗ ਵਿੱਚ ਅਤੇ ਸੱਤਵਾਂ ਨੀਰਜ ਚੋਪੜਾ ਦਾ ਜੈਵਲਿਨ ਥ੍ਰੋਅ ਵਿੱਚ ਪ੍ਰਾਪਤ ਹੋਇਆ। ਉਲੰਪਿਕ ਖੇਡਾਂ ਵਿੱਚ ਜਿੱਤੇ ਤਗਮਿਆਂ ਦੀ ਤੁਲਨਾ ਭਾਰਤ ਦੀ ਜਨਸੰਖਿਆ ਨਾਲ ਨਹੀਂ ਕਰਨੀ ਚਾਹੀਦੀ ਕਿਉਂਕਿ ਮੈਡਲ ਤਾਂ ਖਿਡਾਰੀਆਂ ਨੂੰ ਮੁੱਹਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਨਾਲ ਜਿੱਤੇ ਜਾਂਦੇ ਹਨ ਪਰ ਭਾਰਤੀ ਖਿਡਾਰੀਆਂ ਦੇ ਪ੍ਰਦਰਸ਼ਨ ਵਿੱਚ ਖੇਡ ਮਾਹਿਰਾਂ ਨੂੰ ਉਸ ਜੁਝਾਰੂਪਣ ਦੀ ਘਾਟ ਜਰੂਰ ਨਜ਼ਰ ਆਈ ਜੋ ਉਲੰਪਿਕ ਖੇਡਾਂ ਲਈ ਪਹਿਲਵਾਨ ਰਵੀ ਦਹੀਆ, ਨੀਰਜ ਚੋਪੜਾ ਜਾਂ ਹਾਕੀ ਦੇ ਖਿਡਾਰੀਆਂ ਨੇ ਦਿਖਾਇਆ। ਖਿਡਾਰੀਆਂ ਨੂੰ ਅਗਲੇ ਸਾਲਾਂ ਵਿੱਚ ਹੋਣ ਵਾਲੀਆਂ ਏਸ਼ੀਅਨ, ਰਾਸ਼ਟਰਮੰਡਲ ਅਤੇ ਉਲੰਪਿਕ ਖੇਡਾਂ ਲਈ ਸ਼ੁੱਭਕਾਮਨਾਂਵਾਂ ।

ਵਲੋਂ:
ਡਾ.ਕਰਨਜੀਤ ਸਿੰਘ ਬੇਦੀ
ਬਾਬਾ ਬੁੱਢਾ ਕਾਲਜ,ਬੀੜ ਸਾਹਿਬ, ਤਰਨ ਤਾਰਨ।
8146199033


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਅੰਗਹੀਣਾਂ ਨੂੰ ਨਾ ਕੀਤਾ ਜਾਵੇ ਧਰਨਿਆਂ ਲਈ ਮਜ਼ਬੂਰ



ਓਮੇਸ਼ ਕੁਮਾਰ

ਜਿਸ ਤਰ੍ਹਾਂ ਪਿਛਲੇ ਲੰਮੇ ਸਮੇ ਤੋ ਵੱਖ ਵੱਖ ਰੀਤੀ ਰਿਵਾਜਾਂ ਮੁਤਾਬਕ ਦਿਵਾਲੀ, ਦੁਸਹਿਰਾ, ਰੱਖੜੀ, ਵਿਸਾਖੀ, ਈਦ ਆਦਿ ਹਰ ਤਰ੍ਹਾਂ ਦੇ ਤਿਉਹਾਰ ਸਾਲ ਬਾਅਦ ਆਉਦੇ ਹਨ ਅਤੇ ਲੀਪ ਦਾ ਸਾਲ 4 ਸਾਲ ਬਾਅਦ ਆਉਦਾ ਹੈ ਉਸ ਤਰ੍ਹਾਂ ਹੀ ਧਰਨਿਆ ਦਾ ਸਾਲ ਵੀ ਹਰੇਕ ਪੰਜ ਸਾਲ ਬਾਅਦ ਆਉਦਾ ਕਹਿ ਦੇਈਏ ਤਾਂ ਇਸ ਵਿੱਚ ਕੋਈ ਅਤਕਥਨੀ ਨਹੀ ਹੋਵੇਗੀ । ਲੱਗਭੱਗ ਹਰੇਕ ਸਟੇਟ ਵਿੱਚ ਪੰਜ ਸਾਲ ਬਾਅਦ ਵਿਧਾਨ ਸਭਾ ਅਤੇ ਲੋਕ ਸਭਾ ਦੇ ਇਲੈਕਸ਼ਨ ਆਉਦੇ ਹਨ । ਵੱਖ ਵੱਖ ਪਾਰਟੀਆਂ ਆਪਣੀ ਸਰਕਾਰ ਬਣਾਉਣ ਲਈ ਹਰ ਤਰ੍ਹਾਂ ਦੇ ਵਰਗ ਨੂੰ ਧਿਆਨ ਵਿੱਚ ਰੱਖ ਕੇ ਮੈਨੀਫੈਸਟੋ ਤਿਆਰ ਕਰਦੀਆਂ ਹਨ ਜਿਵੇ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਹੈਡੀਕੈਪਟ ਪੈਨਸ਼ਨ, ਗਲੀਆਂ-ਨਾਲੀਆਂ ਬਣਾ ਕੇ ਦੇਣ, ਸਸਤੀ ਬਿਜਲੀ, ਵੱਖ ਵੱਖ ਤਰ੍ਹਾਂ ਦੀਆਂ ਸਬਸਿਡੀਆਂ, ਫਰੀ ਸਿੰਲਡਰ, ਕਰਜਾ ਮੁਆਫੀ, ਆਟਾ-ਦਾਲ ਆਦਿ । ਇੰਨੇ ਲੋਕ ਲੁਭਾਉ ਲਾਰੇ ਲਾ ਕੇ ਭੋਲੇ ਭਾਲੇ ਲੋਕਾਂ ਤੋ ਵੋਟਾਂ ਵਸੂਲ ਕੇ ਜਦ ਕਿਸੇ ਵੀ ਪਾਰਟੀ ਦੀ ਸਰਕਾਰ ਬਣ ਕੇ ਆਪਣੇ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਨਿਭਾਉਣ ਵਿੱਚ ਅਸਮਰਥ ਹੁੰਦੀ ਹੈ ਤਾਂ ਵੱਖ ਵੱਖ ਜਥੇਬੰਦੀਆਂ ਜਿਵੇ : ਭਾਰਤੀ ਕਿਸਾਨ ਯੂਨੀਅਨ, ਅਧਿਆਪਕ ਫਰੰਟ ਯੂਨੀਅਨ, ਮਜਦੂਰ ਯੂਨੀਅਨ ਆਦਿ ਆਪਣੀਆਂ ਮੰਗਾਂ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਨਾਲ ਮਜੌਦਾ ਸਰਕਾਰਾਂ ਦਾ ਵਿਰੋਧ ਕਰਦੀਆਂ ਆਮ ਦੇਖੀਆਂ ਜਾਂਦੀਆਂ ਹਨ ਜਿਵੇ : ਸੜਕਾਂ ਅਤੇ ਰੇਲ ਮਾਰਗਾਂ ਨੂੰ ਜਾਮ ਕਰਕੇ ਆਵਾਜਾਈ ਨੂੰ ਪ੍ਰਭਾਵਿਤ ਕਰਨਾ, ਡੀ ਸੀ ਦਫਤਰਾਂ ਅੱਗੇ ਧਰਨੇ ਦੇਣਾ ਮੰਤਰੀਆਂ ਦੇ ਪੁੱਤਲੇ ਸਾੜਨਾਂ ਜਾਂ ਮੰਤਰੀਆਂ ਦੇ ਘਰਾਂ ਦਾ ਘਰਾਓ ਕਰਨਾ ਆਦਿ । ਜਦ ਇਹ ਜਥੇਬੰਦੀਆਂ ਜੋ ਸਰਕਾਰਾਂ ਖਿਲਾਫ ਧਰਨੇ ਦਿੰਦੀਆਂ ਜਾਂ ਰੋਸ ਮੁਜਹਾਰੇ ਕਰਦੀਆਂ ਹਨ ਤਾਂ ਇਹਨਾਂ ਧਰਨਿਆਂ ਨੂੰ ਰੋਕਣ ਲਈ ਵੀ ਸਰਕਾਰਾਂ ਵੱਲੋ ਵੱਖ-ਵੱਖ ਤਰ੍ਹਾਂ ਦੇ ਹੱਥ ਕੰਡੇ ਅਪਣਾਏ (ਪੁੱਖਤਾ ਪ੍ਰਬੰਧ ਕੀਤੇ) ਜਾਂਦੇ ਹਨ ਜਿਵੇ ਅੱਥਰੂ ਗੈਸ ਦੇ ਗੋਲੇ ਸੁੱਟਣਾ , ਪਾਣੀ ਦੀ ਬੁਛਾੜਾ ਤੋ ਇਲਾਵਾ ਪੁਲਿਸ ਦੀਆਂ ਵਧੀਕੀਆਂ ਦਾ ਵੀ ਸਹਾਮਣਾ ਕਰਨਾ ਆਦਿ ਜਿਸ ਨਾਲ ਜਥੇਬੰਦੀਆਂ ਦੇ ਆਗੂਆਂ ਦੀ ਬਜਾਏ ਆਮ ਸਧਾਰਨ ਲੋਕਾਂ ਨੂੰ ਅਨੇਕਾਂ ਪ੍ਰਕਾਰ ਦੇ ਕਸਟ ਸਹਿਣ ਕਰਨ ਦੇ ਨਾਲ-ਨਾਲ ਕਈ ਵਿਅਕਤੀਆਂ ਜਾਂ ਔਰਤਾਂ ਨੂੰ ਤਾਂ ਆਪਣੀ ਜਾਨ ਤੋ ਂਵੀ ਹੱਥ ਧੋਣੇ ਪੈ ਜਾਂਦੇ ਹਨ ਜਿਸ ਨਾਲ ਲੋਕਾਂ ਦੇ ਮਸਲੇ ਜਿਵੇ ਬਿਜਲੀ,ਪਾਣੀ ਦੀ ਸਮੱਸਿਆ, ਕਿਸਾਨ ਨੂੰ ਫਸਲਾਂ ਦੇ ਸਹੀ ਭਾਅ ਨਾ ਮਿਲਣਾ, ਕਿਸਾਨ ਦੀ ਸੋਨੇ ਵਰਗੀ ਫਸਲ ਦਾ ਮੰਡੀਆ ਵਿਚ ਰੁੱਲਣਾ, ਗਰੀਬਾਂ ਤੱਕ ਸਹੂਲਤਾਂ ਦਾ ਬਹੁਤ ਘੱਟ ਪਹੁੰਚ ਕੇ ਕਾਗਜਾਂ ਤੱਕ ਸੀਮਿਤ ਹੋਣਾ, ਮੁਲਾਜਮ ਵਰਗ ਨੂੰ ਸਮੇ ਸਿਰ ਤਨਖਾਹਾਂ ਨਾ ਮਿਲਣਾ, ਆਦਿ ਅੱਧ ਵਿਚਕਾਰ ਹੀ ਲਟਕਦੇ ਰਹਿ ਜਾਂਦੇ ਹਨ ।

ਅਮੀਰ, ਗਰੀਬ ਜਾਂ ਮਧੱਮ ਵਰਗ ਜੋ ਵੀ ਹੋਵੇ ਪ੍ਰਮਾਤਮਾ ਦੀ ਕ੍ਰਿਪਾ ਨਾਲ ਇਨ੍ਹਾਂ ਦੇ ਸਰੀਰ ਤਾਂ ਚੱਲਣ ਫਿਰਨ ਅਤੇ ਕਮਾਉਣ ਦੇ ਕਾਬਲ ਹੁੰਦੇ ਹਨ ਇਸ ਸਭ ਤੋ ਇਲਾਵਾ ਇਕ ਬਹੁਤ ਹੀ ਗੰਭੀਰ ਵਰਗ ਹੈ ਜਿਸ ਬਾਰੇ ਅੱਜ ਤੱਕ ਕਿਸੇ ਵੀ ਸਰਕਾਰ ਨੇ ਸੋਚਣ ਜਾਂ ਉਸ ਵਰਗ ਨੂੰ ਉਚਾ ਚੁੱਕਣ ਦਾ ਜਤਨ ਨਹੀ ਕੀਤਾ ਉਹ ਹੈ ਅੰਗਹੀਣ ਵਰਗ । ਅੰਗਹੀਣ ਵਰਗ ਨੂੰ ਉਚਾ ਚੁੱਕਣ ਦੀ ਬਜਾਏ ਉਨ੍ਹਾਂ ਨੂੰ ਹੈਡੀਕੈਪਟ ਪੈਨਸ਼ਨ ਦਾ ਲਾਰਾ ਲਾਉਣ ਤੋ ਇਲਾਵਾ ਕੋਈ ਵੀ ਸਹੂਲਤ ਨਹੀ ਦਿੱਤੀ । ਕੀ ਅੰਗਹੀਣ ਵਰਗ ਨੂੰ ਸਰਕਾਰਾਂ ਵੱਲੋ ਤਾਂ ਹੀ ਅਣਦੇਖੇ ਕੀਤਾ ਜਾਂਦਾ ਹੈ ਕਿ ਧਰਨੇ ਦੇਣ, ਮੰਤਰੀਆਂ ਦੇ ਪੁਤਲੇ ਸਾੜਨ, ਮੰਤਰੀਆਂ ਦਾ ਘਰਾਓ ਕਰਨ ਜਾਂ ਫਿਰ ਇਹ ਆਪਣੀ ਵੱਡੇ ਪੱਧਰ ਤੇ ਯੂਨੀਅਨ ਬਣਾਉਣ ਤੋ ਅਸਮਰਥ ਹੁੰਦੇ ਹਨ ।

ਅੰਤ ਵਿੱਚ ਮੈ ਇਹੀ ਕਹਿਣਾ ਚਾਹਾਂਗਾਂ ਕਿ ਜਿਆਦਾਤਰ ਅੰਗਹੀਣ ਵਿਆਕਤੀ ਵੀ ਆਮ ਵਾਂਗ ਕੁੱਝ ਕੁ ਨੂੰ ਛੱਡ ਕੇ ਆਪਣਾ ਕਾਰੋਬਾਰ ਕਰਕੇ ਆਪਣੇ ਪੈਰਾਂ ਤੇ ਖੜਾ ਹੋਣ ਵਿੱਚ ਵਿਸਵਾਸ ਰੱਖਦੇ ਹਨ ਜਦ ਕਿ ਆਰਥਿਕ ਪੱਖੋ ਕਮਜੋਰ ਹੋਣ ਕਰਕੇ ਅੱਗੇ ਵਧਣ ਤੋ ਅਸਮਰਥ ਹੋ ਜਾਂਦੇ ਹਨ । ਪਰ ਜੇਕਰ ਸਰਕਾਰਾਂ ਹੈਡੀਕੈਪਟਾਂ ਨੂੰ ਵੀ ਆਪਣੇ ਪੈਰਾਂ ਖੜੇ ਕਰਨ ਲਈ ਜਤਨਸੀਲ ਹੋਣ ਤਾਂ ਉਨ੍ਹਾਂ ਨੂੰ ਬਿਨ੍ਹਾਂ ਵਿਆਜ ਅਸਾਨ ਕਿਸਤਾਂ ਤੇ ਲੋਨ ਦੇਣੇ ਚਾਹੀਦੇ ਹਨ ਤਾਂ ਜੋ ਅੰਗਹੀਣ ਕਿਸੇ ਦਾ ਮੁਥਾਜ ਨਾ ਹੋ ਕੇ ਆਪਣੇ ਪੈਰਾ ਤੇ ਖੜਾ ਹੋ ਕੇ ਦੇਸ ਦੀ ਤਰੱਕੀ ਵਿੱਚ ਵੱਧ ਤੋ ਵੱਧ ਹਿਸਾ ਪਾ ਸਕੇ ।

# ਸੋਸ਼ਲ ਮੀਡੀਆ ਦੇ ਚੰਗੇ-ਮਾੜੇ ਪੱਖ

ਰਵਿੰਦਰਪਾਲ ਸਿੰਘ



ਕਿਹਾ ਜਾਂਦਾ ਹੈ ਕਿ ਜਾਣਕਾਰੀ ਦੋ ਧਾਰੀ ਤਲਵਾਰ ਵਰਗੀ ਹੁੰਦੀ ਹੈ। ਇੱਕ ਪਾਸੇ ਇਸਦੀ ਵਰਤੋਂ ਉਲਝਣ ਅਤੇ ਤਬਾਹੀ ਫੈਲਾਉਣ ਲਈ ਕੀਤੀ ਜਾ ਸਕਦੀ ਹੈ, ਦੂਜੇ ਪਾਸੇ ਇਸਨੂੰ ਰਚਨ-ਾਤਮਕ ਕਾਰਜਾਂ ਵਿੱਚ ਵੀ ਵਰਤਿਆ ਜਾ ਸਕਦਾ ਹੈ। ਸੂਚਨਾ ਕ੍ਰਾਂਤੀ ਦੇ ਇਸ ਆਧੁਨਿਕ ਯੁੱਗ ਵਿੱਚ, ਸੋਸ਼ਲ ਮੀਡੀਆ ਦੀ ਭੂਮਿਕਾ ਬਾਰੇ ਹਮੇਸ਼ਾਂ ਪ੍ਰਸ਼ਨ ਉੱਠਦੇ ਰਹੇ ਹਨ। ਇਹ ਪ੍ਰਸ਼ਨ ਹਨ - ਕੀ ਸੋਸ਼ਲ ਮੀਡੀਆ ਸਾਡੇ ਸਮਾਜ ਵਿੱਚ ਧਰੁਵੀਕਰਨ ਦੀ ਸਥਿਤੀ ਪੈਦਾ ਕਰ ਰਿਹਾ ਹੈ? ਸਮਾਜ ਦੀ ਤਰੱਕੀ ਵਿੱਚ ਸੋਸ਼ਲ ਮੀਡੀਆ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ? ਅਸੀਂ ਅਜਿਹੀ ਦੁਨੀਆਂ ਵਿੱਚ ਰਹਿੰਦੇ ਹਾਂ ਜਿੱਥੇ ਅਸੀਂ ਨਾ ਸਿਰਫ ਜਾਣਕਾਰੀ ਦੇ ਖਪਤਕਾਰ ਹਾਂ, ਬਲਕਿ ਉਤਪਾਦਕ ਵੀ ਹਾਂ। ਇਹ ਅੰਦਰੂਨੀ ਸੰਘਰਸ਼ ਸਾਨੂੰ ਇਸਦੇ ਨਿਯੰਤਰਣ ਤੋਂ ਬਾਹਰ ਲੈ ਜਾਂਦਾ ਹੈ। ਕਈ ਅਰਬ ਲੋਕ ਹਰ ਰੋਜ਼ ਫੇਸਬੁੱਕ ’ਤੇ ਲੌਗ ਇਨ ਕਰਦੇ ਹਨ। ਟਵਿੱਟਰ 'ਤੇ ਹਰ ਸਕਿੰਟ ਟਵੀਟ ਕੀਤੇ ਜਾਂਦੇ ਹਨ ਅਤੇ ਬਹੁਤ ਸਾਰੀਆਂ ਤਸਵੀਰਾਂ ਇੰਸਟਾਗ੍ਰਾਮ ’ਤੇ ਪੋਸਟ ਕੀਤੀਆਂ ਜਾਂਦੀਆਂ ਹਨ।

ਸੋਸ਼ਲ ਮੀਡੀਆ ਅੱਜ ਸਾਡੇ ਜੀਵਨ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ. ਸਾਡੇ ਕੋਲ ਕੋਈ ਜਾਣਕਾਰੀ ਸਿਰਫ ਇੱਕ ਬਟਨ ਦੂਰ ਹੈ। ਸੋਸ਼ਲ ਮੀਡੀਆ ਦੀ ਸ਼ਕਤੀ ਬਹੁਤ ਜ਼ਿਆਦਾ ਹੈ ਅਤੇ ਇਹ ਹਰ ਕਿਸੇ ਨੂੰ ਪ੍ਰਭਾਵਤ ਕਰਦੀ ਹੈ. ਅੱਜ ਸੋਸ਼ਲ ਮੀਡੀਆ ਬਿਨਾ ਸਾਡੀ ਜ਼ਿੰਦਗੀ ਦੀ ਕਲਪਨਾ ਕਰਨਾ ਮੁਸ਼ਕਲ ਹੈ। ਸਮੁੱਚੇ ਤੌਰ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਬਾਰੇ ਬਹੁਤ ਬਹਿਸ ਚੱਲ ਰਹੀ ਹੈ। ਕੁਝ ਸੋਚਦੇ ਹਨ ਕਿ ਇਹ ਇੱਕ ਬਰਕਤ ਹੈ ਜਦੋਂ ਕਿ ਦੂਸਰੇ ਸੋਚਦੇ ਹਨ ਕਿ ਇਹ ਇੱਕ ਸਰਾਪ ਹੈ। ਹਰ ਚੀਜ਼ ਜੋ ਕਿ ਇੰਨੀ ਵਿਆਪਕ ਤੌਰ ’ਤੇ ਫੈਲੀ ਹੋਈ ਹੈ ਉਸਦੇ ਸਕਾਰ-ਾਤਮਕ ਅਤੇ ਨਾਕਾਰਾਤਮਕ ਦੋਵੇਂ ਹੁੰਦੇ ਹਨ।

ਸੋਸ਼ਲ ਮੀਡੀਆ ਦੇ ਸਕਾਰਾਤਮਕ ਪ੍ਰਭਾਵ: ਸੋਸ਼ਲ ਮੀਡੀਆ ਸਮਾਜਿਕ ਵਿਕਾਸ ਦੀ ਆਗਿਆ ਦਿੰਦਾ ਹੈ ਅਤੇ ਬਹੁਤ ਸਾਰੇ ਕਾਰੋਬਾਰਾਂ ਵਿੱਚ ਸਹਾਇਤਾ ਵੀ ਕਰਦਾ ਹੈ। ਇਹ ਸੋਸ਼ਲ ਮੀਡੀਆ ਮਾਰਕੀਟਿੰਗ ਵਰਗੇ ਸਾਧਨ ਮੁਹੱਈਆ ਕਰਦਾ ਹੈ ਜੋ ਲੱਖਾਂ ਸੰਭਾਵੀ ਗਾਹਕਾਂ ਤੱਕ ਪਹੁੰਚ ਸਕਦਾ ਹੈ। ਅਸੀਂ ਸੋਸ਼ਲ ਮੀਡੀਆ ਰਾਹੀਂ ਅਸਾਨੀ ਨਾਲ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਅਤੇ ਖ਼ਬਰਾਂ ਪ੍ਰਾਪਤ ਕਰ ਸਕਦੇ ਹਾਂ।

ਸੋਸ਼ਲ ਮੀਡੀਆ ਕਿਸੇ ਵੀ ਸਮਾਜਿਕ ਕਾਰਨ ਬਾਰੇ ਜਾਗਰੂਕਤਾ ਪੈਦਾ ਕਰਨ ਦਾ ਇੱਕ ਵਧੀਆ ਸਾਧਨ ਹੈ। ਰੁਜ਼ਗਾਰਦਾਤਾ ਨੌਕਰੀ ਲੱਭਣ ਵਾਲਿਆਂ ਤੱਕ ਪਹੁੰਚ ਸਕਦੇ ਹਨ। ਇਹ ਬਹੁਤ ਸਾਰੇ ਲੋਕਾਂ ਨੂੰ ਸਮਾਜਕ ਤੌਰ ’ਤੇ ਵਿਕਸਤ ਕਰਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਵਿਸ਼ਵ ਨਾਲ ਗੱਲਬਾਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।

ਬਹੁਤ ਸਾਰੇ ਲੋਕ ਆਪਣੇ ਆਪ ਨੂੰ ਉੱਚ ਅਧਿਕਾਰੀਆਂ ਦੀ ਗੱਲ ਸੁਣਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਇਹ ਸਮਾਨ ਸੋਚ ਵਾਲੇ ਲੋਕਾਂ ਨੂੰ ਮਿਲਣ ਵਿੱਚ ਤੁਹਾਡੀ ਮਦਦ ਵੀ ਕਰ ਸਕਦਾ ਹੈ।

ਸੋਸ਼ਲ ਮੀਡੀਆ ਦੇ ਨਕਾਰਾਤਮਕ ਪ੍ਰਭਾਵ: ਬਹੁਤ ਸਾਰੇ ਭੌਤਿਕ ਵਿਗਿਆਨੀਆਂ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਸਭ ਤੋਂ ਵੱਡਾ ਕਾਰਨ ਹੈ ਜੋ ਲੋਕਾਂ ਵਿੱਚ ਉਦਾਸੀ ਅਤੇ ਚਿੰਤਾ ਦਾ ਕਾਰਨ ਬਣਦਾ ਹੈ। ਇਹ ਬੱਚਿਆਂ ਦੇ ਮਾੜੇ ਮਾਨਸਿਕ ਵਿਕਾਸ ਦਾ ਕਾਰਨ ਵੀ ਹੈ। ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਨਾਲ ਨੀਂਦ ਦੇ ਪੈਟਰਨ ਖਰਾਬ ਹੋ ਸਕਦੇ ਹਨ। ਹੋਰ ਵੀ ਬਹੁਤ ਸਾਰੇ




ਨਕਾਰਾਤਮਕ ਪ੍ਰਭਾਵ ਹਨ ਜਿਵੇਂ ਕਿ ਸਾਈਬਰ ਧੱਕੇਸ਼ਾਹੀ, ਆਨ ਲਾਈਨ ਪੈਸਿਆਂ ਦੀ ਧੋਖਾਧੜੀ, ਤਸਵੀਰਾਂ ਦੀ ਗਲਤ ਵਰਤੋਂ ਦੇ ਮੁੱਦੇ ਆਦਿ। ਸੋਸ਼ਲ ਮੀਡੀਆ ਦੇ ਕਾਰਨ ਨੌਜਵਾਨਾਂ ਵਿੱਚ ( ) 'ਗੁੰਮ ਹੋਣ ਦਾ ਡਰ' () ਹਰ ਸਮੇਂ ਉੱਚ ਪੱਧਰ 'ਤੇ ਹੈ।

ਸਿੱਟਾ:

ਸੋਸ਼ਲ ਮੀਡੀਆ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਨੂੰ ਇੱਕ ਨਵਾਂ ਆਯਾਮ ਦਿੱਤਾ ਹੈ। ਅੱਜ ਹਰ ਵਿਅਕਤੀ ਬਿਨਾਂ ਕਿਸੇ ਡਰ ਦੇ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਸਕਦਾ ਹੈ ਅਤੇ ਹਜ਼ਾਰਾਂ ਲੋਕਾਂ ਤੱਕ ਇਸ ਨੂੰ ਪਹੁੰਚਾ ਸਕਦਾ ਹੈ, ਪਰ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੇ ਇਸਨੂੰ ਇੱਕ ਖਤਰਨਾਕ ਸਾਧਨ ਵਜੋਂ ਵੀ ਸਥਾਪਤ ਕਰ ਦਿੱਤਾ ਹੈ ਜਿਸ ਕਾਰਨ ਇਸਦੇ ਨਿਯਮ ਦੀ ਲੋੜ ਲਗਾਤਾਰ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ, ਗੁਪਤਤਾ ਦੇ ਅਧਿਕਾਰ ਦੀ ਉਲੰਘਣਾ ਕੀਤੇ ਬਗੈਰ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਰੋਕਣ ਲਈ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਨਵੇਂ ਵਿਕਲਪ ਲੱਭਣੇ ਜ਼ਰੂਰੀ ਹਨ, ਤਾਂ ਜੋ ਭਵਿੱਖ ਵਿੱਚ ਇਸਦੇ ਸੰਭਾਵੀ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

ਰਵਿੰਦਰਪਾਲ ਸਿੰਘ
9815292572

# ਦਿਨੋਂ ਦਿਨ ਮਨਫ਼ੀ ਹੋ ਰਿਹਾ ਕਿਰਤ ਸੱਭਿਆਚਾਰ

ਹਰਕੀਰਤ ਕੌਰ

ਕਿਸੇ ਦਾਰਸ਼ਨਿਕ ਨੇ ਕਿਹਾ ਹੈ," ਮਨੁੱਖ ਕੋਲ ਜਿਉਣ ਲਈ ਇੱਕ ਜਿੰਦਗੀ ਹੈ । " ਉਸਨੇ ਇਹ ਦੇਖਣਾ ਹੈ ਕਿ ਉਸਨੂੰ ਕਿਵੇ ਜਿਊਣਾ ਹੈ? ਇਸਦੇ ਨਾਲ ਇੱਕ ਸਵਾਲ ਹੋਰ ਪੈਦਾ ਹੁੰਦਾ ਹੈ ਕਿ ਮਨੁੱਖ ਨੇ ਇਸ ਜੀਵਨ ਵਿੱਚ ਹਾਸਿਲ ਕੀ ਕੀਤਾ? ਮੇਰੇ ਅਨੁਸਾਰ ਮਨੁੱਖੀ ਜਿੰਦਗੀ ਦਾ ਹਾਸਿਲ ਇਹ ਹੈ ਕਿ ਮਨੁੱਖ ਨੇ ਜਿੰਦਗੀ ਨੂੰ ਕਿਵੇਂ ਜੀਵਿਆ। ਸਾਡਾ ਧਰਤੀ ਤੇ ਆਉਣਾ ਤਾਂ ਹੀ ਸਾਰਥਿਕ ਹੈ ਜੇਕਰ ਅਸੀ ਉਸ ਸਮੇਂ ਦੌਰਾਨ ਵੱਧ ਤੋਂ ਵੱਧ ਉਹ ਕਾਰ ਵਿਹਾਰ ਕਰੀਏ ਜਿੰਨ੍ਹਾਂ ਨਾਲ ਸਾਡੀ ਸ਼ਖਸੀਅਤ ਵਿੱਚ ਵੀ ਨਿਖਾਰ ਆਵੇ ਅਤੇ ਸਮਾਜ ਦਾ ਵੀ ਭਲਾ ਹੋਵੇ। ਪੁਰਾਣੇ ਸਮਿਆਂ ਵਿੱਚ ਇੱਕ ਅਖਾਣ ਵਰਤਿਆ ਜਾਂਦਾ ਸੀ ਕਿ 'ਕਿਰਤ ਵਿੱਚ ਸਦਾ ਬਰਕਤਾਂ ਨੇ। 'ਭਾਵ ਕਿਰਤ ਮਨੁੱਖ ਨੂੰ ਆਰਥਿਕ ਪੱਖੋਂ ਹੀ ਨਹੀਂ, ਸ਼ਰੀਰਕ ਅਤੇ ਮਾਨਸਿਕ ਪੱਖੋਂ ਵੀ ਸਿਹਤਮੰਦ ਬਣਾਉਂਦੀ ਹੈ। ਕਿਰਤ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ ਕਿ " ਕਿਰਤ ਉਹ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਸ਼ਾਮਿਲ ਹੁੰਦੇ ਹਨ।

ਅਸੀਂ ਪੰਜਾਬ ਦੇ ਲੋਕ ਜੇ ਕਿਸੇ ਮਹਾਨ ਸ਼ਖਸੀਅਤ ਨੂੰ ਸਭ ਤੋਂ ਵੱਧ ਮਾਣ ਦਿੰਦੇ ਹਾਂ ਤਾਂ ਉਹ ਹਨ ਗੁਰੂ ਨਾਨਕ ਦੇਵ ਜੀ। ਉਹਨਾਂ ਦਾ ਪਹਿਲਾ ਉਪਦੇਸ਼ ਹੀ ਕਿਰਤ ਕਰੋ ਦਾ ਹੈ। ਉਹਨਾਂ ਗੁਰਬਾਣੀ ਦੀਆਂ ਕਈ ਪੰਗਤੀਆਂ ਵਿੱਚ ਕਿਰਤ ਕਰਨ ਦੀ ਮਹਾਨਤਾ ਦਾ ਜ਼ਿਕਰ ਕੀਤਾ ਹੈ

ਜਿਹੜੇ ਸਮਾਜਾਂ ਵਿੱਚ ਬਹੁਗਿਣਤੀ ਲੋਕ ਕਿਰਤ ਨਾਲ ਜੁੜੇ ਹੁੰਦੇ ਹਨ, ਉੱਥੇ ਲੋਕਾਂ ਵਿੱਚ ਚੰਗੀਆਂ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ। ਇਸਦਾ ਪ੍ਰਭਾਵ ਅਗਲੀਆਂ ਪੀੜ੍ਹੀਆਂ ਤਕ ਵੀ ਰਹਿੰਦਾ ਹੈ। ਅੱਜ ਲੋਕ ਵੱਡੀ ਗਿਣਤੀ ਵਿੱਚ ਮਾਨਸਿਕ ਤਨਾਵਾਂ ਦਾ ਸ਼ਿਕਾਰ ਹਨ। ਕੋਈ ਸਮਾਂ ਸੀ ਜਦੋਂ ਸਮਾਜ ਵਿੱਚ ਮਰਦ ਮਿਲ ਕੇ ਖੇਤੀ ਕਰਦੇ ਸਨ ਅਤੇ ਔਰਤਾਂ ਕਈ ਤਰ੍ਹਾਂ ਦੇ ਕੰਮ ਕਰਦੀਆਂ ਸਨ। ਪਰ ਅੱਜ ਕਿਰਤ ਨਾਲ ਜੁੜੀਆਂ ਸਾਂਝਾਂ ਲਗਪਗ ਖਤਮ ਹੋ ਗਈਆਂ ਹਨ। ਚੀਨੀ ਦਾਰਸ਼ਨਿਕ ਕਨਫਿਊਸ਼ੀਅਸ਼ ਦਾ ਕਹਿਣਾ ਹੈ ਕਿ ਧਰਮ ਅਤੇ ਸਿੱਖਿਆ ਗ੍ਰਹਿਣ ਕਰਨ ਨਾਲ ਕੋਈ ਪੂਰਨ ਮਨੁੱਖ ਨਹੀਂ ਬਣ ਜਾਂਦਾ, ਇਸ ਲਈ ਉਸਦਾ ਕਿਰਤ ਨਾਲ ਜੁੜਨਾ ਬਹੁਤ ਜਰੂਰੀ ਹੈ। ਭਾਵ ਕਿਰਤ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ । ਅੱਜ ਸਾਡੇ ਦੇਸ਼ ਦੇ ਨੌਜਵਾਨ ਵੱਡੀਆਂ ਰਕਮਾਂ ਖਰਚ ਕੇ ਵਿਕਸਿਤ ਦੇਸ਼ਾਂ ਵਿੱਚ ਜਾਣ ਨੂੰ ਬੇਤਾਬ ਹਨ। ਉੱਥੇ ਸਾਡੇ ਨਾਲੋਂ ਕੀ ਵੱਖਰਾ ਹੈ? ਇਸਦਾ ਉੱਤਰ ਇਹ ਹੈ ਕਿ ਉੱਥੇ ਕਿਰਤ ਨੂੰ ਸਨਮਾਨ ਮਿਲਦਾ ਹੈ। ਔਖੇ ਭਾਰੇ ਕੰਮ ਕਰਨ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਮਿਲਦਾ ਹੈ। ਇੱਕ ਪ੍ਰੋਫੈਸਰ ਨਾਲੋਂ ਟਰੱਕ ਡਰਾਈਵਰ ਨੂੰ ਵੱਧ ਇਵਜ਼ਾਨਾ ਮਿਲਦਾ ਹੈ। ਪਰ ਸਾਡੇ ਦੇਸ਼ ਵਿੱਚ ਔਖੇ ਭਾਰੇ ਕੰਮ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਤਾਂ ਕੀ ਮਿਲਣਾ, ਉਲਟਾ ਉਸਨੂੰ ਨੀਵਾਂ ਸਮਝਿਆ ਜਾਂਦਾ ਹੈ ।

ਹਰ ਦੇਸ਼ ਦੀ ਪ੍ਰਸ਼ਾਸਨਿਕ ਵਿਵਸਥਾ ਚੰਗੇ ਮਾੜੇ ਸਮਾਜਾਂ ਦੀ ਸਿਰਜਣਾ ਕਰਦੀ ਹੈ। ਅੱਜ ਜੇਕਰ ਸਾਡੇ ਸਮਾਜ ਦੀ ਬਹੁਗਿਣਤੀ ਕਿਰਤ ਵਿਹੂਣੀ ਹੋ ਗਈ ਹੈ ਤਾਂ ਉਸਦਾ ਕਾਰਨ ਇਹ ਕਿ ਜਿਸ ਤਰ੍ਹਾਂ ਲੋਕਾਂ ਲਈ ਕਿਰਤ ਦੇ ਵਸੀਲੇ ਪੈਦਾ ਕੀਤੇ ਜਾਣੇ ਸਨ ਨਹੀਂ ਕੀਤੇ ਗਏ। ਅੱਜਕੱਲ੍ਹ ਇਲੈਕਟ੍ਰਿਕ ਅਤੇ ਸ਼ੋਸ਼ਲ ਮੀਡੀਆ ਤੇ ਇੱਕ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਹੁੰਦਾ ਹੈ ਕਿ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਚੀਨ ਵਰਗਾ ਮੁਲਕ ਆਪਣੇ ਦੇਸ਼ ਦੀ ਵੱਡੀ ਆਬਾਦੀ ਨੂੰ ਵੱਖ ਵੱਖ ਕੰਮਾਂ ਨਾਲ ਜੋੜ ਕੇ ਆਲਮੀ ਬਾਜ਼ਾਰ ਤੇ ਕਾਬਜ਼ ਹੋ ਸਕਦਾ ਹੈ ਤਾਂ ਅਸੀਂ ਭਾਰਤ ਕਿਉਂ ਨਹੀਂ? ਪਰ ਸਾਡੇ ਮੁਲਕ ਵਿੱਚ ਲੋਕਾਂ ਨੂੰ ਧਰਮ ਕਰਮ, ਜਾਤਾਂ ਪਾਤਾਂ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿੱਚ ਉਲਝਾਇਆ ਜਾ ਰਿਹਾ ਹੈ। ਸਾਡੇ ਲੋਕਾਂ ਨੂੰ ਕਿਰਤ ਲਈ ਤਿਆਰ ਹੀ ਨਹੀਂ ਕੀਤਾ ਜਾ ਰਿਹਾ।

ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਵੱਖ ਵੱਖ ਅਦਾਰਿਆਂ ਵਿੱਚ ਹੁੰਦੀ ਕਿਰਤ ਦੀ ਲੁੱਟ ਨੂੰ ਰੋਕਣ ਵਿੱਚ ਸਕਾਰਾਤਮਕ ਭੂਮਿਕਾ ਨਿਭਾਵੇ। ਪਰ, ਇੱਥੇ ਸਾਡੇ ਮੁਲਕ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ, ਪੜ੍ਹੇ ਲਿਖੇ ਨੋਜਵਾਨਾਂ ਨੂੰ ਪਹਿਲਾਂ ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ, ਜੇਕਰ ਮਿਲਦੀ ਵੀ ਹੈ ਤਾਂ ਕਈ ਸਾਲ ਨਿੱਜੀ ਅਦਾਰਿਆਂ ਦੀ ਤਰ੍ਹਾਂ 10,000 , 15,000 ਤਨਖਾਹ ਮੁਹੱਈਆ ਕਰਵਾਈ ਜਾਂਦੀ ਹੈ। ਸਰਕਾਰਾਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ ਕਿ ਜੇਕਰ ਬੇਰੁਜ਼ਗਾਰੀ ਤੋ ਸਤਾਏ ਨੋਜਵਾਨ ਨਸ਼ਿਆ ਦੀ ਦਲਦਲ ਵਿੱਚ ਜਾਂ ਗਲਤ ਸੰਗਤ ਦੇ ਆਦੀ ਹੁੰਦੇ ਹਨ ਤਾਂ ਇਸਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ।

ਕਿਰਤ ਜਿੰਦਗੀ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਹੈ, ਜਿੰਨੀ ਦੇਰ ਕਿਰਤ ਸਾਡਾ ਵਿਹਾਰ ਨਹੀਂ ਬਣਦੀ ਅਸੀਂ ਠੀਕ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦੇ। ਕਿਰਤ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜਿੰਦਗੀ ਦੇ ਅਰਥ ਨਹੀਂ ਜਾਣ ਸਕਦਾ ਅਤੇ ਨਾ ਹੀ ਜਿੰਦਗੀ ਨਾਲ ਮੁਹੱਬਤ ਕਰ ਸਕਦਾ ਹੈ। ਆਪਣੇ ਮਨਫ਼ੀ ਹੋ ਰਹੇ ਕਿਰਤੀ ਸੱਭਿਆਚਾਰ ਨੂੰ ਬਚਾਉਣਾ ਜਿੱਥੇ ਸਾਡੀ ਜਰੂਰਤ ਹੈ ਉਥੇ ਸਾਡੀ ਜਿੰਮੇਵਾਰੀ ਵੀ ਹੈ ਕਿਉਂਕਿ ਅਸੀਂ ਮਿਹਨਤੀ ਅਤੇ ਉੱਦਮੀ ਲੋਕਾਂ ਦੇ ਵਾਰਿਸ ਹਾਂ ਨਾ ਕਿ ਜਾਹਿਲ ਅਤੇ ਆਲਸੀ ਲੋਕਾਂ ਦੇ।

# ਐਮ ਐਸ ਪੀ ਅਤੇਐਮ ਆਰ ਪੀ ਸੁਧਾਰ ਸਕਦੀਆਂ ਨੇ ਅਰਥ ਵਿਵਸਥਾ ਦਾ ਢਾਂਚਾ



ਡਾ. ਅਮਨਪ੍ਰੀਤ ਸਿੰਘ ਬਰਾੜ

ਜਦੋਂ ਦੇ ਖੇਤੀ ਕਾਨੂੰਨ ਪਾਸ ਹੋਏ ਹਨ ਇਕ ਸ਼ਬਦ ਬਹੁਤ ਜਿਆਦਾ ਚਰਚਾ ਵਿੱਚ ਹੈ, ਐਮ ਐਸ ਪੀ ਯਾਨੀ ਘੱਟੋ ਘੱਟ ਸਮਰਥਨ ਮੁੱਲ। ਕਿਸਾਨਾਂ ਦਾ ਤਰਕ ਹੈ ਕਿ ਤਿੰਨ ਕਾਨੂੰਨਾਂ ਦੇ ਲਾਗੂ ਹੋਣ ਨਾਲ ਐਮ ਐਸ ਪੀ ਖਤਮ ਹੋ ਜਾਏਗੀ ਜਿਸ ਦਾ ਉਹਨਾਂ ਨੂੰ ਸਿੱਧਾ ਨੁਕਸਾਨ ਹੋਵੇਗਾ। ਉਹਨਾਂ ਦੇ ਇਸ ਸ਼ੰਕਾ ਵਿੱਚ ਕਾਫੀ ਵੱਡੀ ਸਚਾਈ ਵੀ ਨਜ਼ਰ ਆਉਂਦੀ ਹੈ। ਪਰ ਉਧਰ ਸਰਕਾਰ ਕਹਿ ਰਹੀ ਹੈ ਕਿ ਐਮ ਐਸ ਪੀ ਹੈ ਤੇ ਚਲਦੀ ਰਹੇਗੀ, ਨਵੇਂ ਖੇਤੀ ਕਾਨੂੰਨ ਇਸ ਦੇ ਨਾਲ ਬਰਾਬਰ ਚਲਣਗੇ ਤੇ ਕਿਸਾਨ ਦੀ ਮਰਜ਼ੀ ਹੋਵੇਗੀ ਕਿ ਉਹ ਕਿਸ ਸਿਸਟਮ ਨੂੰ ਅਪਨਾਉਣਾ ਚਾਹੁੰਦਾ ਹੈ। ਪਰ ਇਸ ਗੱਲ੍ਹ ਤੇ ਜਦੋਂ ਕਿਸਾਨ ਜਥੇਬੰਦੀਆਂ ਨੇ ਸਰਕਾਰ ਅੱਗੇ ਪੇਸ਼ਕਸ ਰੱਖੀ ਕੇ ਤੁਸੀਂ ਕਹਿ ਰਹੇ ਹੋ ਕੇ ਐਮ ਐਸ ਪੀ ਰਹੇਗੀ ਤਾਂ ਇਸ ਦਾ ਕਾਨੂੰਨ ਬਨਾ ਦਿਉ ਤਾਂ ਕਿ ਕਿਸਾਨਾ ਦੀ ਜਿਨਸ ਐਮ ਐਸ ਪੀ ਤੋਂ ਘੱਟ ਨਾ ਵਿਕੇ। ਪਰ ਸਰਕਾਰ ਇਸ ਗੱਲ ਤੇ ਆਉਂਦੀ ਹੀ ਨਹੀ ਅਤੇ ਉਧਰ ਸਰਕਾਰੀ ਅਰਥਸ਼ਾਸ਼ਤਰੀਆਂ ਦੇ ਬਿਆਨ ਸਰਕਾਰ ਦਾ ਜਵਾਬ ਦਿੰਦੇ ਹਨ ਕਿ ਐਮ ਐਸ ਪੀ ਕਾਰਨ ਦੇਸ਼ ਦਾ ਨੁਕਸਾਨ ਹੋ ਰਿਹਾ ਹੈ ਇਸ ਨੂੰ ਬੰਦ ਕਰਕੇ ਜਿਨਸਾਂ ਉਪਨ ਮਾਰਕਿਟ ਯਾਨੀ ਖੁੱਲੀ ਮੰਡੀ ਵਿੱਚ ਵਿਕਣ ਤਾਂ ਖਪਤਕਾਰ ਨੂੰ ਫਾਇਦਾ ਹੋਵੇਗਾ। ਸੋ ਸਭ ਤੋਂ ਪਹਿਲਾਂ ਤਾਂ ਅਸੀਗੱਲ ਕਰਦੇ ਹਾਂ ਕਿ ਐਮ ਐਸ ਪੀ ਹੈ ਕੀ ?

ਐਮ ਐਸ ਪੀ ਕੀ ਹੈ :- ਘੱਟੋ ਘੱਟ ਸਮਰਥਨ ਮੁੱਲ ਇੱਕ ਐਸਾ ਰੇਟ ਹੈ ਜੋ ਫਸਲ ਦੀ ਪੈਦਾਵਾਰ ਦੇ ਲਾਗਤ ਮੁੱਲ ਨਾਲ ਜੁੜਿਆ ਹੈ ਅਤੇ ਕਿਸਾਨਾਂ ਨੂੰ ਸੁੱਰਖਿਆ ਦਿੰਦਾ ਹੈ ਕਿ ਉਹ ਆਪਣੀ ਉਪਜ ਤੇ ਕੁਝ ਘੱਟੋ ਘੱਟ ਮੁਨਾਫਾ ਤਾਂ ਕਮਾ ਸਕਣ ਤਾਂ ਜੋ ਉਹ ਇਸ ਕਿੱਤੇ ਨੂੰ ਅਪਣਾਈ ਰੱਖਣ, ਜੇ ਖੁੱਲੀ ਮੰਡੀ ਵਿੱਚ ਭਾਅ ਡਿਗਦੇ ਹਨ ਤਾਂ ਸਰਕਾਰੀ ਖਰੀਦ ਸੁਰੂ ਹੋ ਜਾਂਦੀ ਹੈ। ਇਸ ਦਾ ਪਿਛੋਕੜ 1965 ਦੀ ਲੜਾਈ ਨਾਲ ਜੁੜਦਾ ਹੈ, ਜਦੋਂ ਅਸੀ ਅਨਾਜ ਅਮਰੀਕਾ ਤੋਂ ਦਰਾਮਦ ਕਰਦੇ ਸੀ ਤੇ ਅਮਰੀਕਾ ਨੇ ਲੜ੍ਹਾਈ ਰੁਕਵਾਉਣ ਲਈ ਸਾਡੇ ਅਨਾਜ ਤੇ ਰੋਕ ਲਾਈ ਸੀ ਪਰ ਉਸ ਤੋਂ ਬਾਅਦ ਭਾਰਤ ਸਰਕਾਰ ਨੇ ਆਪਣੇ ਕਿਸਾਨਾਂ ਨੂੰ ਉਤਸ਼ਾਹਿਤ ਕਰਕੇ ਅਨਾਜ ਵਿੱਚ ਆਤਮ ਨਿਰਭਰਤਾ ਲਈ ਖੇਤੀ ਉਪਜਾਂ ਦੇ ਭਾਅ ਤੈਅ ਕੀਤੇ ਅਤੇ ਕਿਸਾਨਾਂ ਤੋਂ ਰਵਾਇਤੀ ਫਸਲਾਂ ਛੁਡਾ ਕੇ ਕਣਕ ਝੋਨੇ ਦੇ ਚੱਕਰ ਵਿੱਚ ਪਾਇਆ ਸੀ। ਇਹ ਐਮ ਐਸ ਪੀ ਹਰ ਸਾਲ ਵਿੱਚ 2 ਵਾਰ ਕਮਿਸ਼ਨ ਫਾਰ ਐਗਰੀਕਲਚਰਲ ਕਾਸਟ ਐਂਡ ਪਰਾਇਸ (ਛਅਛਫ ਛੋਮਮਸਿਸੋਨਿ ਡੋਰ ਅਗਰਚਿੁਲਟੁਰਅਲ ਛੋਸਟ ੳਨਦਪਰਚਿਏ) ਦੀ ਸਿਫਾਰਿਸ਼ ਤੇ 23 ਫਸਲਾਂ ਲਈ ਤੈਅ ਕੀਤੀ ਜਾਂਦੀ ਹੈ। ਸੋ ਅਸਲ ਵਿੱਚ ਹੁੰਦਾ ਕੀ ਸੀ, ਜਦ ਤੱਕ ਬਹੁਚਰਚਿਤ ਸਵਾਮੀਨਾਥਨ ਰਿਪੋਰਟ ਨਹੀਂ ਸੀ ਆਈ ਉਦੋਂ ਛਅਫਛ ਆਪਣੀ ਰਿਪੋਰਟ ਸਰਕਾਰ ਨੂੰ ਦਿੰਦੀ ਸੀ। ਸਰਕਾਰ ਫਿਰ ਖਰੀਦ ਕੀਮਤ ਆਪਣੇ ਹਿਸਾਬ ਨਾਲ ਪੈਦਾਵਾਰ ਨੂੰ ਮੁੱਖ ਰੱਖ ਕੇ ਤਹਿ ਕਰਦੀ ਸੀ ਜਦੋ ਤੱਕ ਦੇਸ਼ ਵਿੱਚ ਅਨਾਜ ਦੀ ਕਮੀ ਰਹੀ ਉਦੋ ਤੱਕ ਕਿਸਾਨਾਂ ਨੂੰ ਉਤਸ਼ਾਹ ਦੇਣ ਵਾਲੀ ਕੀਮਤ ਦਿੱਤੀ ਜਾਂਦੀ ਸੀ। ਪਰ ਜਿਵੇਂ ਜਿਵੇਂ ਦੇਸ਼ ਅਨਾਜ ਵਿੱਚ ਆਤਮ ਨਿਰਭਰਤਾ ਵੱਲ ਵਧਿਆ ਉਵੇਂ ਉਵੇਂ ਇੰਨਸੇਨਟਿਵ ਪਰਾਈਸ ਦੀ ਬਜਾਏ ਨਿਗੂਣਾ ਵਾਧਾ ਕਰਕੇ ਵੀ ਸਾਰ ਦਿੱਤਾ ਜਾਂਦਾ। ਖਰੀਦ ਕੀਮਤ ਭੀ ਫਸਲ ਪੱਕਣ ਵੇਲੇ ਸੰਭਾਵਤ ਪੈਦਾਵਾਰ ਦੇਖ ਕੇ ਹੀ ਦੱਸੀ ਜਾਂਦੀ ਸੀ। ਕਈ ਸਾਲ ਤਾਂ ਇਹੋ ਜਿਹੇ ਵੀ ਹਨ ਜਦੋਂ ਰੇਟ ਵਧਾਉਣ ਦੇ ਨਾਮ ਤੇ ਮਜ਼ਾਕ ਹੀ ਸੀ ਜਿਵੇਂ 1983-84 ਵਿੱਚ ਸਿਰਫ 1 ਰੁਪਏ ਕੁਇੰਟਲ ਭਾਅ ਵਧਾਇਆ ਗਿਆ, 2002-03 ਇਕ ਨਿੱਕਾ ਪੈਸਾ ਵੀ ਨਹੀਂ ਵਧਿਆ। ਇਸ ਤੋਂ ਬਾਅਦ ਵੀ ਇਕ ਵਾਰ ਕਣਕ ਦਾ ਮੁੱਲ ਸਿਰਫ 1 ਰੁਪਏ ਹੀ ਵਧਿਆ ਸੀ। ਉਸੇ ਦੌਰਾਨ ਹੀ ਮਸ਼ਹੂਰ ਐਗਰੀਕਲਚਰ ਸਾਇੰਸਦਾਨ ਐਮ ਐਸ ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਆਈਆਂ ਸੀ।

ਸਵਾਮੀਨਾਥਨ ਰਿਪੋਰਟ ਦੀਆਂ ਸਿਫਾਰਿਸ਼ਾ:- ਇਸ ਵਿੱਚ ਕਿਹਾ ਗਿਆ ਸੀ ਕੇ ਐਮ ਐਸ ਪੀ ਫਸਲ ਦੀ ਬਿਜਾਈ ਤੋਂ ਪਹਿਲਾਂ ਤਹਿ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਜੋ ਅੰਦਾਜਣ ਲਾਗਤ ਆਉਂਦੀ ਹੈ ਉਸ ਤੇ 50% ਮੁਨਾਫਾ ਦਿੱਤਾ ਜਾਵੇ। ਪਰ ਉਸ ਸਮੇਂ ਦੀ ਸਰਕਾਰ ਇਸ ਤੇ ਚੁੱਪ ਧਾਰ ਗਈ ਇਥੋਂ ਤੱਕ ਕੇ ਕਿਸਾਨਾਂ ਦੇ ਜੋਰ ਪਾਉਣ ਤੇ ਵੀ ਸਰਕਾਰ ਇਸ ਰਿਪੋਰਟ ਤੋਂ ਪੈਰ ਹੀ ਪਿੱਛੇ ਖਿਸਕਾ ਗਈ ਅਤੇ ਮੌਜੂਦਾ ਕੇਂਦਰ ਸਰਕਾਰ ਨੇ 2014 ਦੀਆਂ ਲੋਕ ਸਭਾ ਚੌਣਾਂ ਵਿੱਚ ਇਸ ਰਿਪੋਰਟ ਨੂੰ ਚੋਣ ਮੁੱਦਾ ਬਣਾਇਆ ਅਤੇ ਕਿਹਾ ਕੇ ਜੇ ਉਹਨਾਂ ਦੀ ਸਰਕਾਰ ਬਣੀ ਤਾਂ ਉਹ ਸਵਾਮੀਨਾਥਨ ਰਿਪੋਰਟ ਲਾਗੂ ਕਰਨਗੇ। ਸੱਤਾ ਵਿੱਚ ਆਉਣ ਤੋਂ ਬਾਅਦ ਸਰਕਾਰ ਇਸ ਤੇ ਚੁੱਪ ਧਾਰ ਗਈ। ਕਿਸਾਨ ਜੱਥੇਬੰਦੀਆਂ ਨੇ ਸੁਪਰੀਮ ਕੋਰਟ ਦਾ ਰੁੱਖ ਕੀਤਾ ਤਾਂ ਸਰਕਾਰ ਨੇ ਹਲਫੀਆ ਬਿਆਨ ਦਿੱਤਾ ਕਿ ਉਹ ਇਸ ਨੂੰ ਲਾਗੂ ਨਹੀ ਕਰ ਸਕਦੇ। ਜਦੋਂ 2019 ਦੀਆਂ ਵੋਟਾਂ ਆਈਆਂ ਉਦੋਂ ਸਰਕਾਰ ਨੇ ਲੰਗੜੀ ਐਮ ਐਸ ਪੀ ਲਾਗੂ ਕਰ ਦਿੱਤੀ ਯਾਨੀ ਕੇ ਫਸਲ ਦੀ ਲਾਗਤ ਦਾ ਮੁੱਲ ਕੱਢਣ ਦਾ ਫਾਰਮੂਲਾ ਹੀ ਬਦਲ ਦਿੱਤਾ ਸੀ। ਫਿਰ ਐਮ ਐਸ ਪੀ ਕੱਢਣ ਦੇ ਤਿੰਨ ਫਾਰਮੂਲੇ ਇਜਾਤ ਕੀਤੇ ਗਏ।

ਪਹਿਲਾਂ ਫਾਰਮੂਲਾ ਅ2 ਜਿਸ ਵਿੱਚ ਬੀਜ, ਕੀੜੇਮਾਰ ਦਵਾਈਆਂ ਜਾਂ ਡੀਜ਼ਲ ਜੋ ਚੀਜ਼ਾਂ ਤੇ ਕਿਸਾਨ ਦਾ ਖਰਚਾ ਹੁੰਦਾ ਹੈ ਭਾਵ ਖੇਤੀ ਉਪਜ ਲਈ ਜੋ ਕਿਸਾਨ ਬਜ਼ਾਰੋਂ ਖਰੀਦਦੇ ਹਨ। ਯਾਨੀ ਕੇ ਇਸ ਵਿੱਚ ਕਿਸਾਨ ਦੀ ਆਪਣੀ ਮਿਹਨਤ ਦਾ ਖਰਚ ਭੀ ਨਹੀ ਗਿਣਿਆ ਜਾਂਦਾ ਹੈ।

ਦੂਜਾ ਫਾਰਮੂਲਾ ਹੈ ਅ2+ਢਲ ਜਿਸ ਵਿੱਚ ਪਹਿਲਾਂ ਦੱਸੇ ਖਰਚਿਆਂ ਨਾਲ ਪਰਿਵਾਰਕ ਮਿਹਨਤ ਭੀ ਜੋੜ ਦਿੱਤੀ ਜਾਂਦੀ ਹੈ। ਇਸ ਵੇਲੇ ਜੋ ਐਮ ਐਸ ਪੀ ਤਹਿ ਕੀਤੀ ਜਾਂਦੀ ਹੈ ਉਹ ਅ2+ਢਲਦੇ ਫਾਰਮੂਲੇ ਨਾਲ ਹੁੰਦੀ ਹੈ। ਪਰ ਅਸਲ ਸਵਾਮੀਨਾਥਨ ਰਿਪੋਰਟ ਦਾ ਫਾਰਮੂਲਾ ਹੈ ਅ2+ਢਲ+ਛ2, ਛ2ਯਾਨੀ ਵਿਆਪਕ ਲਾਗਤ (ਛੋਮਪਰਏਹੲਨਸਵਿੲ ਛੋਸਟ) ਜਿਸ ਵਿੱਚ ਅ2+ਢਲ ਖਰਚਿਆਂ ਤੋਂ ਇਲਾਵਾ ਉਸ ਦੀ ਕੈਪੀਟਲ (ਪੂੰਜੀ) ਦਾ ਵਿਆਜ , ਜਮੀਨ ਦਾ ਠੇਕਾ, ਮਸ਼ੀਨਰੀ ਦੀ ਘਸਾਈ (ਧੲਪਰੲਚਿੳਟੋਿਨ) ਆਦਿ ਪਾ ਕੇ ਲਾਗਤ ਮੁੱਲ ਕੱਢਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਸਾਲ 2020 ਵਿੱਚ ਪੰਜਾਬ ਸਰਕਾਰ ਨੇ ਛ2 ਦੇ ਹਿਸਾਬ ਨਾਲ ਝੋਨੇ ਦਾ ਲਾਗਤ ਮੁੱਲ 2900 ਰੁਪਏ ਪ੍ਰਤੀ ਕੁਇੰਟਲ ਮੰਗਿਆ ਸੀ ਪਰ ਸਰਕਾਰ ਨੇ 1868 ਰੁਪਏ ਪ੍ਰਤੀ ਕੁਇੰਟਲ ਯਾਨੀ ਅ2+ਢਲ ਨਾਲ ਦਿੱਤਾ ਸੀ। ਗੱਲ ਬੜੀ ਹੈਰਾਨੀਜਨਕ ਲੱਗਦੀ ਕੇ ਜਦੋਂ ਕਾਰਖਾਨਿਆਂ ਵਿੱਚ ਬਣਨ ਵਾਲੀਆਂ ਚੀਜ਼ਾ ਦੀ ਲਾਗਤ ਕੀਮਤ ਕੱਢਦੇ ਹਾਂ ਤਾਂ ਛ2 ਨਾਲ ਕੱਢੀ ਜਾਂਦੀ ਹੈ ਫੇਰਖੇਤੀ ਪੈਦਾਵਾਰ ਵਿੱਚ ਵਿਤਕਰਾ ਕਿਉਂ ? ਕੀ ਕਿਸਾਨਾਂ ਦੇ ਟਰੈਕਟਰ, ਟਰਾਲੀਆਂ, ਸੰਦ, ਮੋਟਰਾਂ ਨਹੀਂ ਘਸਦੀਆਂ !

ਆਮ ਇਨਸਾਨ, ਐਮ ਐਸ ਪੀ ਅਤੇ ਸਰਕਾਰੀ ਖਰੀਦ :- ਅੱਜ ਤਰਾਸਦੀ ਹੈ ਕਿ ਸਰਕਾਰ ਤੇ ਸਰਕਾਰੀ ਅਰਥਸ਼ਾਸ਼ਤਰੀਆਂ ਦਾ ਪ੍ਰਚਾਰ ਇਸ ਤਰ੍ਹਾਂ ਹੈ ਕੇ ਆਮ ਇਨਸਾਨ ਨੂੰ ਲਗਦਾ ਹੈ ਕਿ ਕਿਸਾਨ ਨੂੰ ਐਮ ਐਸ ਪੀ ਤਾਂ ਮਿਲ ਰਹੀ ਫਿਰ ਰੋਲਾ ਕਿਉਂ ? ਦਰਅਸਲ ਸ਼ਾਇਦ ਸਾਡੇ ਸਮਝਾਉਣ ਵਿੱਚ ਫਰਕ ਹੋਵੇ ਕਿਉਂਕਿ 23 ਫਸਲਾਂ ਤੇ ਐਮ ਐਸ ਪੀ ਤੈਅ ਤਾਂ ਕੀਤੀ ਜਾਂਦੀ ਹੈ, ਪਰ ਮਿਲਦੀ ਸਿਰਫ ਉਹਨਾਂ ਫਸਲਾਂ ਤੇ ਹੈ ਜਿਨ੍ਹਾਂ ਦੀ ਸਰਕਾਰੀ ਖਰੀਦ ਹੈ, ਯਾਨੀ ਕਣਕ, ਝੋਨਾ। ਸਭ ਤੋਂ ਵੱਡੀ ਗੱਲ ਕੇ ਐਮ ਐਸ ਪੀ ਨੂੰ ਕੋਈ ਵੀ ਸਰਕਾਰ ਕਾਨੂੰਨ ਵਿੱਚ ਪਾਉਣ ਨੂੰ ਜਾਂ ਬਣਾਉਣ ਨੂੰ ਤਿਆਰ ਨਹੀ। ਸਗੋਂ ਇਹ ਨਵੇਂ ਖੇਤੀ ਕਾਨੂੰਨ ਲਿਆ ਕੇ ਸਰਕਾਰੀ ਖਰੀਦ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਹੈ, ਫੇਰ ਐਮ ਐਸ ਪੀ ਹੋਵੇ ਨਾ ਹੋਵੇ ਕੌਣ ਮੰਨੇਗਾ ਜਦੋਂ ਕਾਨੂੰਨ ਹੀ ਨਹੀ ਹੈ। ਕਿਹੜਾ ਪ੍ਰਾਈਵੇਟ ਵਪਾਰੀ ਕਿਸਾਨਾਂ ਨੂੰ ਐਮ ਐਸ ਪੀ ਦੇਵੇਗਾ ਜਦੋਂ ਇਸ ਤੇ ਕੋਈ ਕਾਨੂੰਨ ਹੀ ਨਹੀ ਹੈ। ਠਹਏ ੍ਹਨਿਦੁ ਅਖਬਾਰ ਦੀ 19 ਅਕਤੂਬਰ 2020 ਦੀ ਰਿਪੋਰਟ ਮੁਤਾਬਕ 68% ਫਸਲਾਂ ਐਮ ਐਸ ਪੀ ਤੋਂ ਹੇਠਾਂ ਵਿੱਕੀਆ ਹਨ। ਕਣਕ ਦੀ ਐਮ ਐਸ ਪੀ 2020-21 ਵਿੱਚ 1925 ਰੁਪਏ ਸੀ। ਬਿਹਾਰ ਇਹਨਾਂ ਤਿੰਨ ਕਾਨੂੰਨਾਂਨੂੰ ਪਹਿਲਾਂ ਹੀ ਲਾਗੂ ਕਰੀ ਬੈਠਾਂ ਹੈ ਉਥੇ ਕਣਕ ਵੀ 1200 ਤੋ 1400 ਰੁਪਏ ਕੁਇੰਟਲ ਵਿੱਕੀ ਹੈ। ਪੰਜਾਬ ਵਿੱਚ ਮੱਕੀ ਜਿਸਦੀ ਨਿਰਧਾਰਿਤ ਕੀਮਤ 1860 ਰੁਪਏ ਪ੍ਰਤੀ ਕੁਇੰਟਲ ਹੈ, ਪਰ ਵਿਕੀ 1000-1200 ਰੁਪਏ ਪ੍ਰਤੀ ਕੁਇੰਟਲ। ਇਥੇ ਸਿਰਫ ਦੋ ਉਦਾਹਰਨਾਂ ਹੀ ਦਿਤੀਆ ਹਨ ਬਾਕੀ ਫਸਲਾਂ ਦਾ ਵੀ ਇਹੋ ਹੀ ਹਾਲ ਹੈ।

ਕੀ ਐਮ ਐਸ ਪੀ ਕਿਸਾਨ ਦਾ ਹੱਕ ਹੈ :- ਅਗਰ ਅਸੀਂ ਹੋਰ ਚੀਜ਼ ਜਿਵੇਂ ਫਰਿਜ਼, ਫੋਨ ਜਾਂ ਕਰਿਆਨੇ ਦੀ ਲੈ ਲਉ ਉਸ ਤੇ ਐਮ ਆਰ ਪੀ ਲਿਖੀ ਹੈ ਤੇ ਜੇ ਤੁਸੀ ਡਿਸਕਾਉਂਟ ਮੰਗ ਲਵੋ ਤਾਂ ਥੋੜਾ ਜਿਹਾ ਕਰ ਦਿੰਦੇ ਹਨ। ਪਰ ਜੇ ਤੁਸੀ ਹੋਰ ਕਹੋ ਤਾਂ ਅੱਗੋ ਜਵਾਬ ਆਉਂਦਾ ਹੈ ਇਹਨੀ ਤਾਂ ਸਾਨੂੰ ਆਪ ਨੂੰ ਨਹੀਂ ਪੈਂਦੀ ਯਾਨੀ ਕਹਿਣ ਦਾ ਮਤਲਬ ਹੈ ਕਿ ਇਹ ਸਾਡਾ ਘੱਟੋ ਘੱਟ ਮੁੱਲ ਹੈ। ਫੇਰ ਰੇਟ ਲਿਸਟ ਵੀ ਦਿਖਾ ਦਿੱਤੀ ਜਾਂਦੀ ਹੈ ਕਿ ਆਹ ਸਾਡੀ ਖਰੀਦ ਕੀਮਤ ਹੈ। ਅਗਰ ਬਾਕੀ ਚੀਜ਼ਾਂ ਦੀ ਐਮ ਐਸ ਪੀ ਯਾਨੀ ਘੱਟੋ ਘੱਟ ਮੁੱਲ ਤੈਅ ਕੀਤਾ ਜਾਂਦਾ ਹੈ ਤਾਂ ਫੇਰ ਕਿਸਾਨਾਂ ਦੀਆਂ ਜਿਨਸਾਂ ਤੇ ਘੱਟੋ ਘੱਟ ਮੁੱਲ ਤੇ ਰੌਲਾ ਕਿਉਂ ਪੈਂਦਾ ਹੈ। ਇਸ ਨੂੰ ਕਾਨੂੰਨੀ ਜਾਮਾ ਪਹਿਨਾਉਣ ਵਿੱਚ ਕੀ ਦਿੱਕਤ ਹੈ ਕਿਉਂ ਸਰਕਾਰਾਂ ਇਸ ਤੋਂ ਭੱਜ ਰਹੀਆ ਹਨ। ਇਹ ਸਵਾਲ ਲੋਕਾਂ ਤੇ ਸਰਕਾਰ ਵਿੱਚ ਵਧ ਰਹੀ ਬੇਭਰੋਸੇਯੋਗੀ ਨੂੰ ਜਨਮ ਦਿੰਦੇ ਹਨ। ਸਭ ਤੋਂ ਵੱਡੀ ਗੱਲ ਕਾਰਖਾਨਾ ਮਾਲਿਕ ਤਾਂ ਆਪਣੀ ਚੀਜ਼ ਦੀ ਐਮ ਐਸ ਪੀ ਵੀ ਆਪ ਤੈਅ ਕਰਦੇ ਹਨ ਪਰ ਕਿਸਾਨ ਦੀ ਜਿਨਸ ਦੀ ਐਮ ਐਸ ਪੀ ਸਰਕਾਰ ਤੈਅ ਕਰਦੀ ਹੈ। ਇਸ ਵਿੱਚ ਤਰਕ ਆਉਂਦਾ ਹੈ ਕਿ ਕਿਸਾਨਾ ਨੂੰ ਸਬਸਿਡੀ ਦਿੱਤੀ ਜਾਂਦੀ ਹੈ ਇਸ ਵੇਲੇ ਦੋ ਤਰ੍ਹਾਂ ਦੀਆਂ ਸਬਸਿਡੀਆਂ ਕਿਸਾਨਾਂ ਨੂੰ ਮਿਲਦੀਆ ਹਨ, ਬਿਜਲੀ ਅਤੇ ਯੂਰੀਆ ਖਾਦ ਤੇ। ਪਰ ਇਸ ਤਰ੍ਹਾਂ ਕਾਰਖਾਨੇ ਮਾਲਕਾਂ ਨੂੰ ਵੀ ਬਿਜਲੀ ਸਬਸਿਡੀ, ਟੈਕਸ ਹੋਲੀਡੇ (ੋਲਦਿੳ) ਨਿਰਯਾਤ ਤੇ ਅਯਾਤ ਤੇ ਡਿਊਟੀ ਫਰੀ ਹੁੰਦੀ ਹੈ। ਪਰ ਅਸਲ ਵਿੱਚ ਇਹ ਸਮਾਨਤਾ ਨਹੀ ਵਿਤਕਰਾ ਹੈ। ਅਸਲ ਵਿੱਚ ਸਦੀਆਂ ਤੋਂ ਬਹੁਤੇ ਕਿਸਾਨ ਗਰੀਬ ਅਤੇ ਅਨਪੜ੍ਹ ਹੋਣ ਕਰਕੇ ਰੱਬ ਦੇ ਭਾਣੇ ਨੂੰ ਮੰਨ ਕੇ ਚਲਦੇ ਰਹੇ ਅਤੇ ਆਪਣੀ ਕੋਈ ਅਵਾਜ਼ ਬੁਲੰਦ ਨਹੀ ਕਰ ਸਕੇ। ਜੇ ਕੋਈ ਯੂਨੀਅਨ ਬਣਦੀ ਸੀ ਤਾਂ ਉਸਦੇ ਆਗੂਆਂ ਨੂੰ ਕੋਈ ਨਾ ਕੋਈ ਲਾਲਚ ਦੇ ਕੇ ਪਾੜ ਲਿਆ ਜਾਂਦਾ ਸੀ। ਇਹ ਦੇਸ਼ ਵਿੱਚ ਪਹਿਲੀ ਵਾਰ ਹੋਇਆ ਹੈ ਕੇ ਦੇਸ਼ ਦੇ ਕਿਸਾਨ ਇੱਕ ਮੁੱਠ ਹੋ ਕੇ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਹਨ।

ਐਮ ਆਰ ਪੀ :- ਅੱਜ ਮਹਿੰਗਾਈ ਸਿਰ ਚੜ੍ਹ ਚੁੱਕੀ ਹੈ, ਲੋਕਾਂ ਦੀਆਂ ਬਚਤਾਂ ਤਾਂ ਖਤਮ ਹੋ ਹੀ ਗਈਆਂ ਹਨ। ਸਗੋਂ ਲੋਕ ਘਰ ਦਾ ਖਰਚਾ ਵੀ ਉਧਾਰ ਲੈ ਕੇ ਚਲਾਉਣ ਲਈ ਮਜ਼ਬੂਰ ਹਨ। ਇਸ ਮਹਿੰਗਾਈ ਵਿੱਚ ਸਭ ਤੋਂ ਜਿਆਦਾ ਕੀਮਤਾਂ ਵਧੀਆ ਹਨ, ਖਾਣ ਪੀਣ ਦੀਆਂ ਵਸਤੂਆਂ ਦੀਆਂ। ਜਦ ਕਿ ਦੂਜੇ ਪਾਸੇ ਇਸ ਸਭ ਵਿੱਚ ਅਸੀਂ ਸਰਕਾਰੀ ਅੰਕੜੇ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਖਾਣ ਪੀਣ ਦੀ ਚੀਜ਼ ਦੀ ਪੈਦਾਵਾਰ ਭੀ ਵਧੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਕਿਸਾਨਾਂ ਤੋਂ ਘੱਟ ਭਾਅ ਤੇ ਲੈ ਕੇ ਜਮ੍ਹਾਂਖੋਰੀ ਕਰਕੇ ਕੁੱਝ ਵੱਡੇ ਘਰਾਣੇ ਇਸ ਨੂੰ ਦੁੱਗਣੀ ਤਿੱਗਣੀ ਕੀਮਤ ਤੇ ਵੇਚ ਰਹੇ ਹਨ। ਜਿਵੇਂ ਸਰੋਂ ਦਾ ਤੇਲ 100 ਰੁਪਏ ਤੋਂ 225 ਰੁਪਏ ਹੋ ਗਿਆ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਐਮ ਐਸ ਪੀ ਦੇ ਨਾਲ ਨਾਲ ਪ੍ਰੋਸਿੰਗ ਦੇ ਅੰਦਾਜ਼ਨ ਖਰਚੇ ਪਾ ਕੇ ਐਮ ਆਰ ਪੀ ਵੀ ਤੈਅ ਕਰਨੀ ਚਾਹੀਦੀ ਹੈ। ਹੁਣ ਦੇਖੋਂ ਕਣਕ ਤਾਂ ਵਧੀ 50 ਪੈਸੇ ਕਿਲੋ, ਪਰ ਬਰੈਡ ਜਿਹੜੀ 400 ਗਰਾਮ ਦੀ ਹੈ ਉਸ ਵਿੱਚ ਤਕਰੀਬਨ 200 ਗਰਾਮ ਆਟਾ ਹੈ ਉਸ ਦੀ ਕੀਮਤ ਇਕੱਠੀ ਹੀ 5 ਰੁਪਏ ਵਧਾ ਦਿੱਤੀ ਗਈ। ਕੀ ਇਹ ਜਾਇਜ ਹੈ-ਸਰਕਾਰਾਂ ਇਸ ਤੇ ਚੁੱਪ ਹਨ ਕਿਉਂਕਿ ਉਹਨਾਂ ਨੇ ਪਾਰਟੀ ਫੰਡ ਲੈਣੇ ਹਨ। ਜੇ ਜਿਨਸ ਦੀ ਕੀਮਤ ਵਧਦੀ ਹੈ ਤਾਂ ਸਰਕਾਰ ਕਹਿੰਦੀ ਹੈ ਇਸ ਨਾਲ ਮਹਿੰਗਾਈ ਵਧੇਗੀ ਪਰ ਜਦੋ ਉਸ ਜਿਨਸ ਦੇ ਪ੍ਰੋਡਕਟ ਮਹਿੰਗੇ ਵਿਕਦੇ ਹਨ ਤਾਂ ਸਰਕਾਰ ਚੁੱਪ ਕਰ ਜਾਂਦੀ ਹੈ, ਕਾਰਨ ਸਭ ਜਾਣਦੇ ਹਨ। ਸਰਕਾਰਾਂ ਇਸ ਵੇਲੇ ਆਮ ਲੋਕਾਂ ਨੂੰ ਗਰੀਬੀ ਤੋਂ ਬਚਾਉਣ ਦਾ ਕੋਈ ਹੀਲਾਂ ਨਹੀ ਕਰ ਰਹੀਆਂ ਹਨ। ਇਨਾਂ ਜਰੂਰ ਹੈ ਕਿ ਵੋਟਰਾਂ ਨੂੰ ਸਹਿਕਦੇ ਰੱਖਣ ਲਈ 5 ਕਿਲੋ ਪ੍ਰਤੀ ਮਹੀਨਾ ਅਨਾਜ ਜਰੂਰ ਦੇ ਰਹੀਆਂ ਹਨ ਪਰ ਸ਼ਾਇਦ ਇਹ ਭੁੱਲ ਗਈਆਂ ਹਨ ਕੇ ਅੱਤ ਦੀ ਗਰੀਬੀ ਵਿਚੋਂ ਜੋ ਸਮੱਸਿਆਵਾਂ ਉਤਪਨ ਹੁੰਦੀਆ ਹਨ ਉਨ੍ਹਾਂ ਦਾ ਹੱਲ ਲੱਭਣਾ ਔਖਾ ਹੋ ਜਾਂਦਾ ਹੈ।

ਸੋ ਸਰਕਾਰ ਨੂੰ ਸੋਚਣਾ ਚਾਹੀਦਾ ਕੇ ਵਿਕਸਤ ਦੇਸ਼ ਖਾਸ ਕਰਕੇ ਯੂਰਪ ਦੇ ਵਿੱਚ ਵੀ ਫਿਨਲੈਂਡ, ਜਰਮਨੀ, ਨਿਦਰਲੈਂਡ ਆਦਿ ਨੌਰਡਿਕ ਮਾਡਲ ਵਰਤਦੇ ਹਨ , ਜਿਸ ਵਿੱਚ ਪੂੰਜੀਕਰਨ ਅਤੇ ਮਾਰਕਿਟ ਕੁਸ਼ਲਤਾ ਦੇ ਨਾਲ ਨਾਲ ਸਮਾਜ ਭਲਾਈ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ,ਭਾਵ ਕਿ ਹਰ ਵਰਗ ਦੀ ਆਮਦਨ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਅੱਜ ਚੀਨ ਭੀ ਇਸ ਪਾਸੇ ਸੋਚ ਰਿਹਾ ਹੈ ਕਿ ਅਮੀਰ ਅਤੇ ਗਰੀਬ ਲੋਕਾਂ ਵਿੱਚ ਪਾੜਾ ਘਟਣਾ ਚਾਹੀਦਾ ਹੈ। ਸਾਡੇ ਦੇਸ਼ ਵਿੱਚ 2017 ਵਿੱਚ ਜਿੰਨੀ ਦੌਲਤ ਪੈਦਾ ਹੋਈ ਉਸ ਦਾ 73 ਪ੍ਰਤੀਸ਼ਤ ਹਿੱਸਾ ਉਪਰਲੇ 1 ਪ੍ਰਤੀਸ਼ਤ ਲੋਕ ਹੀ ਲੇ ਗਏ। 2019 ਵਿੱਚ ਦੇਸ਼ ਦੀ ਕੁੱਲ ਦੌਲਤ ਦਾ 80 ਪ੍ਰਤੀਸ਼ਤ ਹਿੱਸਾ ਉਪਰਲੇ 10 ਪ੍ਰਤੀਸ਼ਤ ਲੋਕਾਂ ਕੋਲ ਹੀ ਸੀ ਅਤੇ ਸਿਰਫ 20% ਹਿੱਸਾ 90 % ਲੋਕਾ ਕੋਲ ਸੀ। ਇਸ ਦਾ ਕਾਰਣ ਹਰ ਜਗ੍ਹਾ ਤੇ ਐਫਿਸ਼ੈਸੀ ਦੇ ਨਾਮ ਤੇ ਆਟੋਮੇਸ਼ਨ ਲਿਆਦੀ ਜਾ ਰਹੀ ਜਿਸ ਨਾਲ ਬੇਰੁਜ਼ਗਾਰੀ ਵਧੀ ਜਾ ਰਹੀ ਹੈ ਅਤੇ ਅਮੀਰ ਗਰੀਬ ਵਿੱਚ ਪਾੜਾ ਭੀ ਵਧੀ ਜਾ ਰਿਹਾ ਹੈ। ਆਟੋਮੇਸ਼ਨ ਅਮੀਰ ਦੇਸ਼ਾਂ ਦੀ ਲੋੜ ਸੀ ਜਿਥੇ ਅਬਾਦੀ ਘੱਟ ਹੈ, ਉਥੇ ਨਹੀ ਜਿਥੇ ਲਕਾਂ ਦਾ ਰੋਜਗਾਰ ਖੁਸੇ, ਪਹਿਲਾਂ ਰੋਜ਼ਗਾਰ ਖੋ ਲਉ ਫਿਰ ਮਨਰੇਗਾ, ਉਜਲਾ, ਫਰੀ ਟਾਇਲਟ, ਮੁਫਤ ਅਨਾਜ ਅਤੇ ਬੱਸਾਂ ਵਰਗੀਆਂ ਸਕੀਮਾਂ ਚਲਾਓ। ਅੱਜ ਸ਼ਹਿਰਾਂ ਵਿੱਚ ਪਾਈਪਡ ਗੈਸ ਸਪਲਾਈ ਲਈ ਪਾਈਪਾਂ ਵਿਛਾਈਆਂ ਜਾ ਰਹੀਆ ਹਨ ਜੋ ਟਰੱਕਾ ਵਾਲੇ ਰਿਕਸ਼ਿਆ ਵਾਲੇ ਵਿਹਲੇ ਹੋਣਗੇ ਉਹਨਾਂ ਲਈ ਸਰਕਾਰ ਨੇ ਕੀ ਕੰਮ ਸੋਚਿਆ ਹੈ। ਦੇਸ਼ ਵਿੱਚ ਆਰਥਿਕ ਮੰਦੀ ਦਾ ਭੀ ਇਹੋ ਹੀ ਕਾਰਣ ਹੈ ਕਿ ਪੈਦਾ ਕੀਤੀਆ ਵਸਤੂਆ ਦੀ ਖਪਤ ਨਹੀ ਹੋ ਰਹੀ।

ਪਰ ਇੱਥੇ ਸੋਚਣ ਦੀ ਲੋੜ ਹੈ ਕੇ ਜੇ ਲੋਕਾਂ ਕੋਲ ਪੈਸਾ ਹੋਊਗਾ ਤਾਂ ਹੀ ਉਹ ਖਰੀਦ ਸਕਣਗੇ ਤੇ ਜੇ ਲੋਕਾਂ ਨੂੰ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਐਮ ਐਸ ਪੀ ਤੇ ਐਮ ਆਰ ਪੀ ਨੂੰ ਫਿਕਸ ਕਰਨਾ ਹੋਊਗਾ ਤਾਂ ਜੋ ਕਿਸਾਨ ਅਤੇ ਮਜ਼ਦੂਰ ਖਪਤਕਾਰ ਜਿਹਨਾਂ ਦੀ ਬਹੁ ਗਿਣਤੀ ਹੈ ਉਹਨਾਂ ਨੂੰ ਬਚਾਇਆ ਜਾ ਸਕੇ। ਸੋ ਇਸ ਤਰ੍ਹਾਂ ਦਾ ਪ੍ਰਬੰਧ ਹੋਵੇ ਕੇ ਮੁਫਤ ਦੀ ਰਾਜਨੀਤੀ ਬੰਦ ਹੋਵੇ ਤਾਂ ਹਰ ਇਕ ਲਈ ਰੋਜ਼ਗਾਰ ਦੇ ਐਨੇ ਕੁ ਮੌਕੇ ਪੈਦਾ ਕੀਤੇ ਜਾਣ ਕਿ ਉਹ ਆਪਣੀ ਰੋਟੀ ਕਮਾ ਕੇ ਖਾ ਸਕੇ। ਐਮ ਐਸ ਪੀ ਅਤੇ ਐਮ ਆਰ ਪੀ ਦੋਨੋ ਨਾਲ ਨਾਲ ਸਰਕਾਰ ਦੀ ਨਿਗਰਾਨੀ ਹੇਠ ਚੱਲਣ ਤਾਂ ਕਿ ਕਿਸਾਨ ਨੂੰ ਉਸਦੀ ਫਸਲ ਦਾ ਮੁੱਲਮਿਲੇ ਉਧਰ ਵਪਾਰੀ ਨੂੰ ਭੀ ਜਾਇਜ ਮੁਨਾਫਾ ਮਿਲੇ ਤਾਂ ਕਿ ਉਸਦਾ ਭੀ ਚੁੱਲ੍ਹਾ ਚਲਦਾ ਰਹੇ ਅਤੇ ਖਪਤਕਾਰ ਨੂੰ ਭੀ ਵਾਜਬ ਮੁੱਲ ਤੇ ਖਾਣ ਦੀਆਂ ਵਸਤੂਆ ਮਿਲਣ।

ਡਾ. ਅਮਨਪ੍ਰੀਤ ਸਿੰਘ ਬਰਾੜ
9653790000




# ਕੋਰਟ ਕੰਪਲੈਕਸ ਵਿੱਚੋਂ ਫਿਲਮੀ ਸਟਾਈਲ ਵਿੱਚ ਕਾਰ ਚੋਰੀ

ਜਲੰਧਰ, 26 ਅਗਸਤ (ਪੋਸਟ ਬਿਊਰੋ)- ਕੱਲ੍ਹ ਸਵੇਰੇ ਕੋਰਟ ਕੰਪਲੈਕਸ ਅੱਗੇ ਅੱਗੇ ਜ਼ੋਰਦਾਰ ਹੰਗਾਮਾ ਹੋ ਗਿਆ, ਜਦ ਇਕ ਅਣਪਛਾਤਾ ਨੌਜਵਾਨ ਬਿਨਾਂ ਪਰਚੀ ਦੇ ਠੇਕੇਦਾਰ ਦੀਆਂ ਮਿੰਨਤਾਂ ਕਰ ਕੇ ਕਾਰ ਚੋਰੀ ਕਰ ਕੇ ਲੈ ਗਿਆ। ਇਸ ਦਾ ਭੇਤ ਤਦ ਖੁੱਲ੍ਹਿਆ। ਜਦ ਕਾਰ ਮਾਲਕ ਆਇਆ ਤਾਂ ਪਰਚੀ ਉਸ ਕੋਲ ਸੀ, ਪਰ ਕਾਰ ਗਾਇਬ ਸੀ। ਥਾਣਾ ਬਾਰਾਦਰੀ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਤਾਂ ਮਾਮਲਾ ਲੈਣ-ਦੇਣ ਦਾ ਨਿਕਲਿਆ। ਥਾਣਾ ਮੁਖੀ ਰਵਿੰਦਰ ਕੁਮਾਰ ਅਨੁਸਾਰ ਉਨ੍ਹਾਂ ਨੂੰ ਸਵੇਰੇ ਫੋਨ ਆਇਆ ਸੀ ਕਿ ਕਚਹਿਰੀ ਅੱਗੇ ਪਾਰਕਿੰਗ ਵਿੱਚ ਸ਼ਿਵਮ ਚੌਹਾਨ ਆਪਣੀ ਕਾਰ ਪਾਰਕ ਕਰਕੇਕੰਮ ਲਈ ਕੋਰਟ ਕੰਪਲੈਕਸ ਚਲਾ ਗਿਆ ਤੇ ਜਦੋਂ ਬਾਅਦ ਵਾਪਸ ਆਇਆ ਤਾਂ ਕਾਰ ਆਪਣੀ ਓਥੇ ਨਹੀਂ ਸੀ, ਜਦ ਕਿ ਪਰਚੀ ਉਸ ਦੇ ਕੋਲ ਸੀ। ਸ਼ਿਵਮ ਨੇ ਪੁਲਸ



ਕੰਟਰੋਲ ਰੂਮਨੂੰ ਕਾਰ ਚੋਰੀ ਦੀ ਸ਼ਿਕਾਇਤ ਦਰਜ ਕਰਵਾਈ। ਥਾਣਾ ਬਾਰਾਦਰੀ ਦੇ ਮੁਖੀ ਰਵਿੰ-ਦਰ ਕੁਮਾਰ ਓਥੇ ਪਹੁੰਚੇ ਅਤੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਕਤ ਗੱਡੀ ਸ਼ਿਵਮ ਚੌਹਾਨ ਨੇ ਫਗਵਾੜਾ ਵਾਸੀ ਨੌਜਵਾਨ ਕੋਲ ਗਿਰਵੀ ਰੱਖੀ ਸੀ। ਗੱਡੀ ਮਾਲਕ ਸ਼ਿਵਮ ਫਗਵਾੜਾ ਵਾਸੀ ਫਾਈਨੈਂਸਰ ਨੂੰ ਨਾ ਪੈਸੇ ਵਾਪਸ ਕਰ ਰਿਹਾ ਸੀ ਅਤੇ ਨਾ ਕਾਰ ਉਸ ਨੂੰ ਦੇਂਦਾ ਸੀ। ਇਸ ਲਈ ਉਹ ਆਪਣੇ ਇੱਕ ਹੋਰ ਸਾਥੀ ਨਾਲ ਜਲੰਧਰ ਆਇਆ ਅਤੇ ਸ਼ਿਵਮ ਦੀ ਕਾਰ ਪਾਰਕਿੰਗ ਵਿੱਚੋਂ ਲੈ ਗਿਆ। ਸ਼ਿਵਮ ਚੌਹਾਨ ਨੇ ਪਾਰਕਿੰਗ ਠੇਕੇਦਾਰ ਦੇ ਕੰਮਬਾਰੇ ਕਿਹਾ ਕਿ ਪਰਚੀ ਉਸ ਦੇ ਕੋਲ, ਕਾਰ ਉਸ ਦੀ, ਅਜਿਹੇ ਵਿੱਚ ਕੋਈ ਉਸ ਦੀ ਕਾਰ ਬਿਨਾਂ ਪਰਚੀ ਦੇ ਪਾਰਕਿੰਗ ਵਿੱਚੋਂ ਕਿਵੇਂ ਲੈ ਜਾ ਸਕਦਾ ਹੈ।ਪਾਰਕਿੰਗ ਠੇਕੇਦਾਰ ਨੇ ਦੱਸਿਆ ਕਿ ਉਕਤ ਨੌਜਵਾਨ ਕੋਲ ਚਾਬੀ ਸੀ ਅਤੇ ਕਾਰ ਨੂੰ ਖੋਲ੍ਹਣ ਲੱਗਾ ਤਾਂ ਉਸ ਤੋਂ ਪੁੱਛਿਆ ਤਾਂ ਉਸ ਨੇ ਕਿਹਾ ਕਿ ਪਰਚੀ ਉਸ ਤੋਂ ਗੁੰਮ ਹੋ ਗਈ ਹੈ। ਕਾਫੀ ਬਹਿਸ ਕਰਨ ਦੇ ਬਾਅਦ ਪਾਰਕਿੰਗ ਠੇਕੇਦਾਰ ਨੇ ਕਾਰ ਲੈ ਜਾਣ ਵਾਲੇ ਨੌਜਵਾਨ ਦੀ ਆਈ ਡੀ ਲਈ ਅਤੇ ਉਸ ਨੂੰ ਜਾਣ ਦਿੱਤਾ। ਇਸੇ ਆਧਾਰ ਉੱਤੇ ਪੁਲਸ ਫਗਵਾੜੇ ਪਹੁੰਚੀ ਅਤੇ ਨੌਜਵਾਨ ਦੇ ਕਬਜ਼ੇ ਵਿੱਚੋਂ ਕਾਰ ਬਰਾਮਦ ਕਰ ਕੇ ਉਸ ਨੂੰ ਜਲੰਧਰ ਲੈ ਆਏ ਹਨ। ਕੱਲ੍ਹ ਸਵੇਰੇ ਦੋਵਾਂ ਧਿਰਾਂ ਨੂੰ ਤਲਬ ਕੀਤਾ ਗਿਆ ਹੈ।

# ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲੀ ਦੀ ਨਵੀਂ ਪੋਸਟ ਉੱਤੇ ਫਿਰ ਵਿਵਾਦ ਛਿੜਿਆ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਦੋ ਸਲਾਹਕਾਰਾਂ ਦੀਆਂ ਪੋਸਟਾਂ ਨੇ ਪੰਜਾਬ ਕਾਂਗਰਸ ਵਿੱਚ ਵਿਵਾਦ ਖੜ੍ਹਾ ਕੀਤਾ ਹੋਇਆ ਹੈ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਦੀ ਘੁਰਕੀ ਪਿੱਛੋਂ ਵੀ ਉਨ੍ਹਾਂ ਸਲਾਹਕਾਰਾਂ ਦੇ ਰਵੱਈਏ ਵਿੱਚ ਸੁਧਾਰ ਨਹੀਂ ਆਇਆ।

ਇਸ ਦੌਰਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਦੀਆਂ ਪਹਿਲੀਆਂ ਪੋਸਟ ਨਾਲ ਖੜ੍ਹਾ ਹੋਇਆ ਵਿਵਾਦ ਅਜੇ ਠੰਢਾ ਨਹੀਂ ਹੋਇਆ ਕਿ ਉਸ ਨੇ ਨਵੀਂ ਪੋਸਟ ਪਾ ਕੇ ਵਿਵਾਦ ਨੂੰ ਹੋਰ ਹਵਾ ਦੇ ਦਿੱਤੀ ਹੈ, ਜਦਕਿ ਸਿੱਧੂ ਵੱਲੋਂ ਵਿਵਾਦਿਤ ਟਿੱਪਣੀਆਂ ਕਰਨ ਵਾਲੇ ਆਪਣੇ ਸਲਾਹਕਾਰਾਂ ਨੂੰ ਇਹ ਪੋਸਟਾਂ ਪਾਉਣ ਤੋਂ ਵਰਜਣ ਦੀ ਥਾਂ ਉਨ੍ਹਾਂ ਦਾ ਬਚਾਅ ਕੀਤਾ ਜਾ ਰਿਹਾ ਹੈ। ਕੱਲ੍ਹ ਮਾਲਵਿੰਦਰ ਸਿੰਘ ਮਾਲੀ ਨੇ ਆਪਣੇ ਫੇਸਬੁੱਕ ਪੇਜ ਉੱਤੇ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ 'ਅਲੀ ਬਾਬਾ ਤੇ ਚਾਲੀ ਚੋਰ' ਦਾ ਨਾਂਅ ਦੇ ਦਿੱਤਾ। ਇਸ ਤੋਂ ਪਹਿਲਾਂ ਉਸ ਨੇ ਕਸ਼ਮੀਰ



ਮੁੱਦੇ ਉੱਤੇ ਵਿਵਾਦਤ ਟਿੱਪਣੀ ਕੀਤੀ ਸੀ ਅਤੇ ਫਿਰ ਇੰਦਰਾ ਗਾਂਧੀ ਬਾਰੇ ਵਿਵਾਦ ਵਾਲਾ ਕਾਰਟੂਨ ਆਪਣੇ ਫੇਸਬੁੱਕ ਪੇਜ ਦੇ ਕਵਰ ਉੱਤੇ ਲਾ ਦਿੱਤਾ ਸੀ, ਜਿਸ ਨੂੰ ਭਾਰੀ ਵਿਰੋਧ ਦੇ ਬਾਵਜੂਦ ਅਜੇ ਤਕ ਨਹੀਂ ਹਟਾਇਆ ਗਿਆ।

ਮਾਲੀ ਇੱਥੇ ਵੀ ਨਹੀਂ ਰੁੱਕਿਆ, ਉਸ ਨੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਮਹਿਲਾ ਮਿੱਤਰ ਅਰੂਸਾ ਆਲਮ ਦਾ ਇੱਕ ਫ਼ੋਟੋ ਵਾਇਰਲ ਕਰ ਕੇ ਮੁੱਖ ਮੰਤਰੀ ਦੇ ਜੀਵਨ ਉੱਤੇ ਵੀ ਟਿੱਪਣੀ ਤੋਂ ਗੁਰੇਜ਼ ਨਹੀਂ ਕੀਤਾ। ਉਸ ਨੇ ਕੈਪਟਨ ਧੜੇ ਨੂੰ ਚਿਤਾਵਨੀ ਦਿੰਦੇ ਹੋਏ ਆਪਣੀ ਪੋਸਟ ਵਿੱਚ ਕਿਹਾ ਕਿ ਨਵਜੋਤ ਸਿੱਧੂ ਨਾ ਲਾੜੇ ਵਾਂਗ ਕਰਨਗੇ, ਨਾ ਅਲੀ ਬਾਬਾ ਅਤੇ ਚਾਲੀ ਚੋਰਾਂ ਦੀ ਬਰਾਤ ਦੀ ਅਗਵਾਈ ਕਰਨਗੇ। ਦੱਸਣਯੋਗ ਹੈ ਕਿ ਮਾਲੀ ਨੇ ਉਨ੍ਹਾਂ ਮੰਤਰੀਆਂ ਨੂੰ ਚਾਲੀ ਚੋਰ ਕਿਹਾ ਹੈ, ਜਿਨ੍ਹਾਂ ਨੇ ਮੁੱਖ ਮੰਤਰੀ ਤੋਂ ਮਾਲੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਇਸ ਦੇ ਇਲਾਵਾ ਮਾਲੀ ਨੇ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਅਤੇ ਸਿੱਖਿਆ ਮੰਤਰੀ ਵਿਜੇਇੰਦਰ ਸਿੰਗਲਾ ਉੱਤੇ ਵੀ ਨਿਸ਼ਾਨਾ ਸਾਧਿਆ ਅਤੇ ਉਸ ਨੇ ਮਨੀਸ਼ ਤਿਵਾੜੀ ਨੂੰ ਲੁਧਿਆਣੇ ਦਾ ਭਗੌੜਾ ਦੱਸਿਆ, ਜਦਕਿ ਸਿੰਗਲਾ ਨੂੰ ਅਲੀ ਬਾਬਾ ਦੇ ਚਾਲੀ ਚੋਰਾਂ ਵਿੱਚੋਂ ਇੱਕ ਦੱਸਿਆ ਹੈ।

# ਕੈਪਟਨ ਦਾ ਮੂੰਹ ਮਿੱਠਾ ਕਰਵਾਏ ਜਾਣ ਉੱਤੇ ਕੁਝ ਕਿਸਾਨ ਆਗੂਆਂ ਨੂੰ ਇਤਰਾਜ਼

ਜਲੰਧਰ, 26 ਅਗਸਤ (ਪੋਸਟ ਬਿਊਰੋ)- ਗੰਨੇ ਦੇ ਮੁੱਲ ਬਾਰੇ ਰੇੜਕੇ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨ ਆਗੂਆਂ ਨਾਲ ਮੀਟਿੰਗ ਕਰਕੇ ਗੰਨੇ ਦਾ ਮੁੱਲ 360 ਰੁਪਏ ਕਰਨਦੀ ਸਹਿਮਤੀ ਬਣਨ ਉੱਤੇ ਕਿਸਾਨ ਆਗੂਆਂ ਵੱਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਮੂੰਹ ਮਿੱਠਾ ਕਰਵਾ ਕੇ ਜਿਵੇਂ ਧੰਨਵਾਦ ਕੀਤਾ ਗਿਆ, ਉਸ ਦੀ ਕੁਝ ਹੋਰ ਕਿਸਾਨ ਆਗੂਆਂ ਨੇ ਆਲੋਚਨਾ ਕੀਤੀ ਤੇ ਕਿਹਾ ਹੈ ਕਿ ਕੈਪਟਨ ਸਰਕਾਰ ਨੇ ਗੰਨੇ ਦਾ ਲਾਗਤ ਮੁੱਲ ਵੀ ਨਹੀਂ ਦਿੱਤਾ ਅਤੇ ਇਹ ਮੁੱਲ ਵੀ ਕਿਸਾਨ ਜਥੇਬੰਦੀਆਂ ਵੱਲੋਂ ਲੜੇ ਗਏ ਸੰਘਰਸ਼ ਦਾ ਸਿੱਟਾ ਹੈ। ਉਨ੍ਹਾਂ ਕਿਹਾ ਕਿ ਇਹ ਲੜਾਈ ਇੱਥੇ ਹੀ ਖ਼ਤਮ ਨਹੀਂ ਹੁੰਦੀ, ਅਜੇ ਦਿੱਲੀ ਦੇ ਮੋਰਚਿਆਂ ਉੱਤੇ ਸੰਘਰਸ਼ ਲੜਿਆ ਜਾ ਰਿਹਾ ਹੈ।

ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰਾ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇਕਿਹਾ ਕਿ ਇਹ ਜਸ਼ਨ ਤਦੇਜਾਇਜ਼ ਮੰਨੇ ਜਾ ਸਕਦੇ ਸਨ, ਜੇ ਕੈਪਟਨ ਸਰਕਾਰ ਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਧਿਆਨਰੱਖਦੇ ਹੋਏ ਖੁਦ ਗੰਨੇ ਦਾ ਰੇਟ 470 ਰੁਪਏ ਐਲਾਨ ਕਰਦੀ, ਪਰ ਅਜਿਹਾ ਨਹੀਂ ਹੋਇਆ ਅਤੇ ਇਹ ਮੁੱਲ ਕਿਸਾਨਾਂ ਨੇ ਅੰਦੋਲਨ ਕਰਕੇ ਹਾਸਲ ਕੀਤਾ ਹੈ, ਜਿਸ ਵਿੱਚ ਸਰਕਾਰ ਦੀ ਕੋਈ ਦੇਣ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਅਜੇ ਉਨ੍ਹਾਂ ਦੀ ਲਾਗਤ ਨਹੀਂ ਮਿਲ ਸਕੀ ਤੇ ਉਸ ਦੀ ਲੜਾਈ ਅਜੇ ਲੜੀ ਜਾਣੀ ਹੈ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਕਿਸਾਨਾਂ ਨੂੰ ਲਾਗਤ ਮੁੱਲ ਬਾਰੇ ਚੈਲੰਜ ਕੀਤਾ ਸੀ, ਜਿਸ ਨੂੰ ਕਬੂਲ ਕੇ ਕਿਸਾਨ ਆਗੂਆਂ ਨੇ ਤੱਥਾਂ ਦੇ ਆਧਾਰ ਉੱਤੇ 470 ਰੁਪਏ ਸਾਬਤ ਕੀਤਾ ਸੀ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੂੰ ਗੰਨੇ ਦਾ ਮੁੱਲ 470 ਰੁਪਏ ਹੀ ਦੇਣਾ ਚਾਹੀਦਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨ ਆਗੂਆਂ ਦੇ ਆਪੋ-ਆਪਣੇ ਵਿਚਾਰ ਹੋ ਸਕਦੇ ਹਨ।

# ਡੇਰਾ ਬੱਸੀ ਵਿੱਚ ਨਾਜਾਇਜ਼ ਰਹਿੰਦੇ ਤਿੰਨ ਬੰਗਲਾਦੇਸ਼ੀ ਗ੍ਰਿਫਤਾਰ

ਮੋਹਾਲੀ, 26 ਅਗਸਤ (ਪੋਸਟ ਬਿਊਰੋ)- ਡੇਰਾਬੱਸੀ ਪੁਲਸ ਨੇ ਪਿੰਡ ਕੂੜਾਵਾਲਾ ਤੋਂ ਤਿੰਨ ਬੰਗਲਾ ਦੇਸ਼ੀ ਰੋਹਿੰਗਿਆ ਮੁਸਲਮਾਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਏਥੇ ਤਿੰਨੇ ਨਾਜਾਇਜ਼ ਰਹਿ ਰਹੇ ਸਨ। ਪੁਲਸ ਨੇ ਤਿੰਨਾਂ ਦੇ ਖਿਲਾਫ ਵਿਦੇਸ਼ੀ ਐਕਟ (ਭਾਰਤ ਵਿੱਚ ਦਾਖਲ ਹੋਣ) ਐਕਟ 1920 ਅਤੇ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਦੋਸ਼ੀਆਂ ਦੀ ਪਛਾਣ ਸਜੀਦਾ ਬੇਗ਼ਮ, ਸੋਫਿਕਾ ਬੇਗ਼ਮ ਅਤੇ ਯੂਨਿਸ ਦੇ ਤੌਰ ਉੱਤੇ ਹੋਈ ਹੈ।

ਐਸ ਐਸ ਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਫੜੇ ਗਏ ਤਿੰਨੇ ਦੋਸ਼ੀ ਕਦੋਂ ਤੋਂ ਇੱਥੇ ਰਹਿ ਰਹੇ ਸਨ ਤੇ ਇਹ ਇੱਥੇ ਕਿਵੇਂ ਪਹੁੰਚੇ ਅਤੇ ਇਹ ਕੀ ਕੰਮ ਕਰਦੇ ਸਨ? ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਤਿੰਨੇ ਦੋਸ਼ੀ ਰਫਿਊਜ਼ੀ ਹਨ। ਬੰਗਲਾ ਦੇਸ਼ ਵਿੱਚ ਇਨ੍ਹਾਂ ਦੀ ਰਜਿਸਟਰੇਸ਼ਨ ਯੂ ਐਨ ਐਚ ਸੀ ਆਰ ਦੇ ਤਹਿਤ ਦਰਜ ਹੈ। ਵਰਨਣ ਯੋਗ ਹੈ ਕਿ ਹਲਕੇ ਵਿੱਚ ਕਰੀਬ 200 ਰੋਹਿੰਗਿਆ ਸ਼ਰਨਾਰਥੀ ਵੱਖ-ਵੱਖ ਟਿਕਾਣਿਆਂ ਉੱਤੇ ਰਹਿ ਰਹੇ ਹਨ। ਪੁਲਸ ਕੋਲ ਇਨ੍ਹਾਂ ਸਾਰੇ ਲੋਕਾਂ ਦੀ ਜਾਣਕਾਰੀ ਹੈ। ਬੀਤੇ ਸਾਲ ਕੋਰੋਨਾ ਮਹਾਮਾਰੀ ਕਾਰਨ ਜਮਾਤ ਵਿੱਚ ਲਾਗ ਫੈਲਣ ਦੇ ਕੇਸ ਪਤਾ ਲੱਗਣ ਦੇ ਬਾਅਦ ਪੁਲਸ ਨੇ ਵਿਸ਼ੇਸ਼ ਮੁਹਿੰਮ ਚਲਾਈ ਸੀ। ਇਸ ਦੇ ਬਾਅਦ ਰੋਹਿੰਗਿਆ ਫਿਰਕੇ ਦੇ ਮੁਸਲਮਾਨਾਂ ਦਾ ਪਤਾ ਲਾ ਕੇ ਇਨ੍ਹਾਂ ਦਾ ਮੈਡੀਕਲ ਸਟੇਟਸ ਚੈਕ ਕੀਤਾ ਅਤੇ ਜਮਾਤੀ ਕਨੈਕਸ਼ਨ ਪਤਾ ਲਾਉਣ ਲਈ ਇਨ੍ਹਾਂ ਦੇ ਪ੍ਰਾਇਮਰੀ ਕਾਂਟ੍ਰੈਕਟਸ ਦੀ ਹਿਸਟਰੀ ਦੇਖੀ ਸੀ।


# ਰੇਲਵੇ ਦੀ ਨਾਜਾਇਜ਼ ਟਿਕਟ ਏਜੰਸੀ ਦਾ ਪਰਦਾਫਾਸ਼, ਇੱਕ ਗ਼੍ਰਿਫ਼ਤਾਰ

ਜਲੰਧਰ, 26 ਅਗਸਤ (ਪੋਸਟ ਬਿਊਰੋ)- ਰੇਲਵੇ ਹੈਡਕੁਆਰਟਰ ਨਵੀਂ ਦਿੱਲੀ ਤੋਂ ਆਈ ਸੂਚਨਾ ਪਿੱਛੋਂ ਫਿਰੋਜ਼ਪੁਰ ਰੇਲ ਡਵੀਜ਼ਨ ਦੀ ਸੀ ਆਈ ਬੀ ਟੀਮ ਅਤੇ ਆਰ ਪੀ ਐਫ ਪੋਸਟ ਜਲੰਧਰ ਨੇ ਮਿਲ ਕੇ ਆਦਮਪੁਰ ਦੇ ਸੂਰੀ ਮੈਡੀਕਲ ਸਟੋਰ ਉੱਤੇ ਰੇਡ ਕੀਤੀ ਗਈ, ਜਿੱਥੇ ਰੇਲਵੇ ਟਿਕਟਾਂ ਦੀ ਗੈਰ ਕਾਨੂੰਨੀਬੁਕਿੰਗ ਕੀਤੀ ਜਾ ਰਹੀ ਸੀ। ਇਸ ਮੌਕੇ ਆਰ ਪੀ ਐਫ ਟੀਮ ਨੇ ਇਸ ਦੁਕਾਨ ਤੋਂ ਮੁਨੀਸ਼ ਸੂਰੀ (46) ਨਾਮਕ ਨੌਜਵਾਨ ਨੂੰ ਕਾਬੂ ਕਰ ਲਿਆ, ਜਿਸ ਕੋਲੋਂ 14280 ਰੁਪਏ ਮੁੱਲ ਦੀਆਂ ਸੱਤ ਟਿਕਟਾਂ ਅਤੇ 10 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਹੋਈ ਹੈ।

ਆਰ ਪੀ ਐੱਫ ਦੇ ਇੰਸਪੈਕਟਰ ਮੋਹਨ ਲਾਲ ਨੇ ਦੱਸਿਆ ਕਿ ਉਕਤ ਨੌਜਵਾਨ ਪਿਛਲੇ ਇੱਕ ਸਾਲ ਤੋਂ ਪਰਸਨਲ ਯੂਜ਼ਰ ਆਈ ਡੀ ਨਾਲ ਤਤਕਾਲ ਟਿਕਟ ਬੁੱਕ ਕਰਵਾ ਰਿਹਾ ਸੀ, ਜੋ ਰੇਲਵੇ ਨਿਯਮਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਤਕ 400 ਤੋਂ ਵੱਧ ਟਿਕਟਾਂ ਬੁੱਕ ਕਰ ਚੁੱਕਾ ਹੈ, ਜਿਨ੍ਹਾਂ ਦੀ ਕੀਮਤ 7.50 ਲੱਖ ਰੁਪਏ ਤੋਂ ਵੱਧ ਬਣਦੀ ਹੈ। ਸ਼ੁਰੂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਨੌਜਵਾਨ ਨੇ ਵੱਖ-ਵੱਖ ਨਾਵਾਂ ਨਾਲ 10 ਆਈ ਡੀਜ਼ ਬਣਾਈਆਂ ਸਨ, ਜਿਨ੍ਹਾਂ ਨਾਲ ਉਹ ਤਤਕਾਲ ਟਿਕਟ ਬੁੱਕ ਕਰਦਾ ਤੇ ਅੱਗੇ ਵੇਚਦਾ ਸੀ।ਪੁਲਸ ਨੇ ਦੁਕਾਨ ਤੋਂ ਇੱਕ ਕੰਪਿਊਟਰ ਤੇ ਪ੍ਰਿੰਟਰ ਕਬਜ਼ੇ ਵਿੱਚ ਲਿਆ ਅਤੇ ਆਰ ਪੀ ਐਫ ਪੋਸਟ ਜਲੰਧਰ ਵਿਖੇ 143 ਰੇਲਵੇ ਐਕਟ ਹੇਠ ਕੇਸ ਦਰਜ ਕਰ ਲਿਆ ਹੈ।

# ਪਰਾਲੀ ਦੇ ਹੱਲ ਲਈ ਮਸ਼ੀਨਾਂ ਉਤੇ ਸਬਸਿਡੀ ਮਿਲੇਗੀ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਖੇਤੀਬਾੜੀ ਵਿਭਾਗ ਨੇ ਕੋਆਪਰੇਟਿਵ ਸੋਸਾਈਟੀਜ਼ ਦੇ ਸਹਿਯੋਗ ਨਾਲ ਵੈਬੀਨਾਰ-ਕਮ-ਟਰੇਨਿੰਗ ਸੈਸ਼ਨ ਕਰਵਾਇਆ ਹੈ, ਜਿਸ ਦੌਰਾਨ ਡਾਇਰੈਕਟਰ ਖੇਤੀਬਾੜੀ ਸੁਖਦੇਵ ਸਿੰਘ ਸਿੱਧੂ ਨੇ ਦੱਸਿਆ ਕਿ ਜੋ ਕੋਆਪਰੇਟਿਵ ਸੋਸਾਈਟੀਜ਼ ਮਸ਼ੀਨਰੀ ਦੀ ਵਰਤੋਂ ਵਧਾਉਣ ਵਿੱਚ ਯੋਗਦਾਨ ਪਾਉਣਗੀਆਂ ਤੇ ਪਹਿਲਾਂ ਹੀ ਪਰਾਲੀ ਸਾੜਨ ਦੇ ਮਾਮਲਿਆਂ ਨੂੰ ਘਟਾਉਣ ਲਈ ਉਪਰਾਲੇ ਕਰ ਰਹੀਆਂ ਹਨ, ਉਨ੍ਹਾਂ ਨੂੰ ਸਹੂਲਤਾਂ ਦੇਣ ਵਿੱਚ ਪਹਿਲ ਦਿੱਤੀ ਜਾਵੇਗੀ। ਵਿਭਾਗ ਨੇ ਚਾਲੂਸਾਲ ਦੌਰਾਨ 250 ਕਰੋੜ ਰੁਪਏ ਦੀ ਸਬਸਿਡੀ ਨਾਲ ਕਿਸਾਨਾਂ ਨੂੰ ਝੋਨੇ ਦੀ ਰਹਿੰਦ-ਖੂੰਹਦ ਦੇ ਸਥਾਈ ਪ੍ਰਬੰਧਾਂ



ਲਈ 25000 ਤੋਂ ਵੱਧ ਖੇਤੀ-ਮਸ਼ੀਨਾਂ ਤੇ ਉਪਕਰਣਾਂ ਲਈ ਵੱਡੀ ਮੁਹਿੰਮ ਚਲਾਈ ਹੈ। ਸਕੀਮ ਅਧੀਨ ਕਿਸਾਨਾਂ ਨੂੰ 50 ਤੋਂ 80 ਫੀਸਦੀ ਤਕ ਸਬਸਿਡੀ ਹੈ, ਜਿਸ ਵਿੱਚ ਕੋਆਪਰੇਟਿਵ ਸੋਸਾਈਟੀਜ਼ਤੇ ਕਿਸਾਨਾਂ ਨੂੰ 80 ਫੀਸਦੀ ਸਬਸਿਡੀ ਅਤੇ ਵਿਅਕਤੀ ਵਿਸ਼ੇਸ਼ ਨੂੰ ਪੰਜਾਹ ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ।

ਦੱਸਿਆ ਗਿਆ ਹੈ ਕਿ ਦੂਸਰੇ ਪੜਾਅ ਵਿੱਚ ਬੇਲਰਜ਼ ਪਾਸ ਕੀਤੀਆਂ ਜਾਣਗੀਆਂ ਤੇ ਜ਼ਿਲਾ ਪਟਿਆਲਾ, ਸੰਗਰੂਰ, ਬਰਨਾਲਾ, ਬਠਿੰਡਾ, ਫਿਰੋਜ਼ਪੁਰ, ਮੁਕਤਸਰ ਸਾਹਿਬ, ਫਿਰੋਜ਼ਪੁਰ, ਤਰਨ ਤਾਰਨ, ਮੋਗਾ ਅਤੇ ਮਾਨਸਾ ਵਿੱਚ ਹਾਟਸਪਾਟ ਜ਼ਿਲ੍ਹਿਆਂ (ਜਿਥੇ ਪਰਾਲੀ ਸਾੜਨ ਦੀਆਂ ਘਟਨਾਵਾਂ ਵੱਧ ਵਾਪਰਦੀਆਂ ਹਨ) ਦੇ ਬਾਇਓਮਾਸ ਉਦਯੋਗ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਸਪਲਾਈ ਕਰਨ ਲਈਕੋਆਪਰੇਟਿਵ ਵਿਭਾਗ ਨੇ ਝੋਨੇ ਦੀ ਕਟਾਈ ਦੇ ਸੀਜ਼ਨ ਤੋਂ ਪਹਿਲਾਂ ਇਨ੍ਹਾਂ ਜੰਤਰਾਂ ਦੀ ਵੰਡ ਦਾ ਕੰਮ ਮੁਕੰਮਲ ਕਰਨ ਦੀ ਤਿਆਰੀ ਕਰ ਲਈ ਹੈ।

# ਭਾਜਪਾ ਦੇ ਬਿਨਾਂ ਕਿਸਾਨ ਹੋਰ ਪਾਰਟੀਆਂ ਦਾ ਵਿਰੋਧ ਨਾ ਕਰੋ: ਸੰਯੁਕਤ ਕਿਸਾਨ ਮੋਰਚਾ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਦਾ ਕਿਸਾਨਾਂ ਵੱਲੋਂ ਵਿਰੋਧਕਰਨ ਨਾਲ ਸੰਯੁਕਤ ਕਿਸਾਨ ਮੋਰਚਾ ਦੇ ਨੇਤਾ ਸਹਿਮਤ ਨਹੀਂ। ਉਨ੍ਹਾਂ ਨੇ ਕਿਹਾ ਹੈ ਕਿ ਇਸ ਰਣਨੀਤੀ ਤੋਂ ਅਸਲ ਵਿੱਚ ਭਾਜਪਾ ਨੂੰ ਫਾਇਦਾ ਹੋ ਰਿਹਾ ਹੈ। ਸੰਯੁਕਤ ਮੋਰਚਾ ਦੇ ਨੇਤਾਵਾਂ ਨੇ ਕਿਹਾ ਹੈ ਕਿ ਸੰਯੁਕਤ ਕਿਸਾਨ ਮੋਰਚਾ ਦਾ ਇੱਕੋ ਟੀਚਾ ਇਹੀ ਹੈ ਕਿ ਪੂਰੇ ਦੇਸ਼ ਵਿੱਚ ਭਾਜਪਾ ਅਤੇ ਉਸਦੇ ਨੇਤਾਵਾਂ ਦਾ ਵਿਰੋਧ ਕੀਤਾ ਜਾਵੇ।

ਇਸ ਮਾਮਲੇ ਵਿੱਚ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਡਾ. ਦਰਸ਼ਨ ਪਾਲ ਨੇ ਸਪੱਸ਼ਟ ਕੀਤਾ ਕਿ ਤਿੰਨ ਨਵੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਚੱਲਦੇ ਕਿਸਾਨ ਅੰਦੋਲਨ ਦਾ ਮਕਸਦ ਕੇਂਦਰ ਸਰਕਾਰ ਚਲਾ ਰਹੀ ਭਾਜਪਾ ਉੱਤੇ ਦਬਾਅ ਬਣਾ ਕੇ ਕਾਨੂੰਨਾਂ ਨੂੰ ਵਾਪਸ ਕਰਵਾਉਣਾ ਹੈ।ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਾਡਾ ਸਾਫ ਨਿਸ਼ਾਨਾ ਭਾਜਪਾ ਦਾ ਵਿਰੋਧ ਹੈ, ਜੇ ਸਾਰੀਆਂ ਰਾਜਨੀਤਿਕ ਪਾਰਟੀਆਂ ਦਾ ਵਿਰੋਧ ਕੀਤਾ ਜਾਂਦਾ ਹੈ ਤਾਂ ਇਸਦਾ ਫਾਇਦਾ ਭਾਜਪਾ ਨੂੰ ਮਿਲੇਗਾ, ਕਿਉਂਕਿ ਉਨ੍ਹਾਂਵਿਰੁੱਧ ਦਬਾਅ ਘਟ ਜਾਵੇਗਾ। ਉਗਰਾਹਾਂ ਨੇ ਕਿਹਾ ਕਿ ਹੋਰ ਸਾਰੇ ਰਾਜਨੀਤਿਕ ਦਲਾਂ ਦਾ ਵਿਰੋਧ ਕੀਤਾ ਜਾਣਾ ਸਹੀ ਨਹੀਂ, ਇਸ ਨਾਲ ਬੇਲੋੜਾ ਵਿਵਾਦ ਪੈਦਾ ਹੋਵੇਗਾ ਅਤੇ ਭਾਜਪਾ ਫਾਇਦਾ ਉਠਾਵੇਗੀ।

# ਡੇਰਾ ਸੱਚਾ ਸੌਦਾ ਦੇ ਮੁਖੀ ਨਾਲ ਸੰਬੰਧਤ ਰਣਜੀਤ ਸਿੰਘ ਕਤਲ ਕੇਸ ਦਾ ਫ਼ੈਸਲਾ ਟਲਿਆ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਮ੍ਰਿਤਕ ਦੇ ਬੇਟੇ ਨੇ ਪੰਚੂਕਲਾ ਸੀ ਬੀ ਆਈ ਅਦਾਲਤ ਦੇ ਵਿਸ਼ੇਸ਼ ਜੱਜ ਅਤੇ ਪਬਲਿਕ ਪ੍ਰੋਸੀਕਿਊਟਰ ਕੇ ਪੀ ਸਿੰਘ ਉੱਤੇ ਗੰਭੀਰ ਦੋਸ਼ ਲਾ ਕੇ ਇਸ ਅਦਾਲਤ ਤੋਂ ਆਪਣਾ ਕੇਸ ਪੰਜਾਬ, ਹਰਿਆਣਾ ਜਾਂ ਚੰਡੀਗੜ੍ਹ ਦੀ ਕਿਸੇ ਹੋਰ ਅਦਾਲਤ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਹੈ। ਉਸ ਦੀ ਪਟੀਸ਼ਨਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਾਂਗਵਾਨ ਦੀ ਬੈਂਚ ਨੇ ਸਬੰਧਤ ਜੱਜ ਤੋਂ ਅਗਲੀ ਸੁਣਵਾਈ 27 ਅਗਸਤ ਤੋਂ ਪਹਿਲਾਂ ਜਵਾਬ ਮੰਗਿਆ ਹੈ। ਉਦੋਂ ਤਕ ਪੰਚਕੂਲਾ ਸੀ ਬੀ ਆਈ ਅਦਾਲਤ ਵਿੱਚ ਚੱਲਦੇ ਕੇਸ ਦੇ ਅੰਤਿਮ ਫ਼ੈਸਲੇ ਉੱਤੇ ਰੋਕ ਲਾ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ 26 ਅਗਸਤ ਨੂੰ ਟਰਾਇਲ ਕੋਰਟ ਨੇ ਇਸ ਕੇਸ ਦਾ ਫ਼ੈਸਲਾ ਸੁਣਾਉਣਾ ਸੀ। ਸੀ ਬੀ ਆਈ ਨੂੰ ਕੇ ਪੀ ਸਿੰਘ ਦੀ ਸੀ ਬੀ ਆਈ ਕੋਰਟ ਪੰਚਕੂਲਾ ਵਿੱਚ ਪੀ ਪੀ (ਸਰਕਾਰੀ ਵਕੀਲ) ਵਜੋਂ ਨਿਯੁਕਤੀ ਬਾਰੇ ਵਿਸ਼ੇਸ ਐਫੀਡੇਵਿਟ ਪੇਸ਼ ਕਰਨਦੇ ਲਈ ਕਿਹਾ ਗਿਆ ਹੈ। 10 ਜੁਲਾਈ 2002 ਨੂੰ ਕੁਰੁਕਸ਼ੇਤਰ ਵਿੱਚ ਕਤਲ ਅਤੇ ਅਪਰਾਧਿਕ ਸਾਜਿਸ਼ ਦੀਆਂ ਧਾਰਾਵਾਂ ਹੇਠ ਇਹ ਕੇਸ ਦਰਜ ਹੋਇਆ ਸੀ। ਡੇਰਾ ਮੁਖੀ ਨੂੰ ਇਸ ਤੋਂ ਪਹਿਲਾਂ ਸਾਧਵੀਆਂ ਨਾਲ ਬਲਾਤਕਾਰ ਕਰਨ ਅਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਦੇ ਕੇਸ ਵਿੱਚ ਸਜ਼ਾ ਹੋ ਚੁੱਕੀ ਹੈ। ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਮੌਜੂਦਾ ਕੇਸ ਦੀ ਬਹਿਸ ਦਸੰਬਰ 2019 ਤੋਂ ਪੈਂਡਿੰਗ ਹੈ ਅਤੇ ਮੌਜੂਦਾ ਸੀ ਬੀ ਆਈ ਜੱਜ ਨੇ ਅਹੁਦਾ ਸਾਂਭਣ ਪਿੱਛੋਂ ਕਈ ਵਾਰ ਸੁਣਵਾਈ ਮੁਲਤਵੀ ਕੀਤੀ ਹੈ। ਸਰਕਾਰੀ ਵਕੀਲ ਕੇ ਪੀ ਸਿੰਘ ਮੌਜੂਦਾ ਸੀ ਬੀ ਆਈ ਜੱਜ ਦੇਪੰਚਕੂਲਾ ਤੇ ਚੰਡੀਗੜ੍ਹ ਵਿੱਚ ਸੀ ਬੀ ਆਈ ਜੱਜ ਰਹਿਣ ਦੌਰਾਨ ਉਥੇ ਸਨ ਤੇ ਇਸ ਜੱਜ ਦੇ ਪੰਚਕੂਲਾ ਬਦਲਣ ਪਿੱਛੋਂ ਇਹ ਸਰਕਾਰੀ ਵਕੀਲ ਨਿਆਂ ਪ੍ਰਸ਼ਾਸਨ ਵਿੱਚ ਦਖ਼ਲ ਦੇ ਕੇ ਸਾਰੀ ਪ੍ਰਕਿਰਿਆ ਨੂੰ ਪ੍ਰਭਾਵਤ ਕਰ ਰਿਹਾ ਹੈ, ਜਦਕਿ ਦੋ ਹੋਰ ਸਪੈਸ਼ਲ ਸਰਕਾਰੀ ਵਕੀਲ ਟਰਾਇਲ ਲਈ ਨਿਯੁਕਤ ਕੀਤੇ ਗਏ ਹਨ।

# ਧਮਕੀਆਂ ਮਿਲਣ ਤੋਂ ਬਾਅਦ ਰਵਨੀਤ ਬਿੱਟੂ ਦੀ ਸੁਰੱਖਿਆ ਵਧਾਈ

ਲੁਧਿਆਣਾ, 26 ਅਗਸਤ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਖਾੜਕੂਆਂ ਤੋਂ ਮਿਲੀਆਂ ਧਮਕੀਆਂ ਕਾਰਨ ਉਨ੍ਹਾਂ ਦੀ ਸੁਰੱਖਿਆ ਵਧਾਈ ਗਈ ਹੈ। ਬਿੱਟੂ ਨੂੰ ਜ਼ੈਡ ਤੋਂ ਵਧਾ ਕੇ ਜ਼ੈਡ ਪਲੱਸ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਹੈ। ਇਸ ਦੇ ਨਾਲ ਉਸ ਦੀ ਦਿੱਲੀ ਕੋਠੀ ਦਾ ਸੁਰੱਖਿਆ ਘੇਰਾ ਵਧਾ ਦਿੱਤਾ ਗਿਆ ਤੇ ਲੁਧਿਆਣਾ ਵਾਲੀ ਕੋਠੀ ਦੇ ਬਾਹਰ ਸੁਰੱਖਿਆ ਪ੍ਰਬੰਧ ਸਖਤ ਕਰ ਦਿੱਤੇ ਹਨ।

ਸੀ ਆਈ ਐਸ ਐਫ ਦੇ ਅਧਿਕਾਰੀਆਂ ਨੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕੀਤੀ ਤੇ ਕੁਝ ਦਿਸ਼ਾ ਨਿਰਦੇਸ਼ ਵੀ ਜਾਰੀ ਕੀਤੇ ਹਨ। ਉਨ੍ਹਾਂ ਕੋਠੀ ਦੇ ਬਾਹਰ ਗਾਰਦ ਤੈਨਾਤ ਕਰਨ ਦੇ ਨਾਲ ਉਚ ਪੱਧਰ ਦੇ ਸੀ ਸੀ ਟੀ ਵੀ ਕੈਮਰੇ ਵੀ ਲਾਉਣ ਦੇ ਹੁਕਮ ਦਿੱਤੇ ਹਨ ਅਤੇ ਬਿੱਟੂ ਦੇ ਕਾਫਲੇ ਵਿੱਚ ਵੀ ਬੁਲੇਟ ਪਰੂਫ ਕਾਰ ਦੇ ਨਾਲ ਜੈਮਰ ਗੱਡੀ ਵੀ ਚੱਲੇਗੀ ਅਤੇ ਉਸ ਨਾਲ 10 ਦੇ



ਕਰੀਬ ਗੱਡੀਆਂ ਦਾ ਕਾਫਲਾ ਚੱਲੇਗਾ।

ਪੰਜਾਬ ਵਿੱਚੋਂ ਕਰੀਬ ਇੱਕ ਮਹੀਨਾ ਪਹਿਲਾਂ ਕੁਝ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਸੀ ਕਿ ਪੰਜਾਬ ਦੇ ਕਈ ਵੱਡੇ ਸਿਆਸੀ ਆਗੂਆਂ ਦੇ ਨਾਲ ਹਿੰਦੂ ਆਗੂ ਅਤੇ ਕਈ ਧਾਰਮਿਕ ਸਥਾਨਾਂ ਦੇ ਆਗੂ ਖਾੜਕੂਆਂ ਦੇ ਨਿਸ਼ਾਨੇ ਉੱਤੇ ਹਨ। ਇਨ੍ਹਾਂ ਵਿੱਚ ਰਵਨੀਤ ਬਿੱਟੂ ਦਾ ਨਾਂਅ ਵੀ ਸੀ। ਬਿੱਟੂ ਕਈ ਦਿਨਾਂ ਤੋਂ ਦਿੱਲੀ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਤੇ ਕਿਸਾਨਾਂ ਦੇ ਹੱਕ ਵਿੱਚ ਧਰਨਾ ਲਾਈ ਬੈਠੇ ਸਨ।

# ਗੁਰਦਾਸ ਮਾਨ ਨੇ ਗੁਰੂ ਸਾਹਿਬ ਨਾਲ ਤੁਲਨਾ ਕਰਨ ਦੀ ਮੁਆਫੀ ਮੰਗੀ

ਜਲੰਧਰ, 26 ਅਗਸਤ (ਪੋਸਟ ਬਿਊਰੋ)- ਨਕੋਦਰ ਦੇ ਡੇਰਾ ਮੁਰਾਦ ਸ਼ਾਹ ਦੇ ਪ੍ਰਬੰਧਕ ਅਤੇ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਸਾਈਂ ਲਾਡੀ ਸ਼ਾਹ ਦੀ ਤੁਲਨਾ ਗੁਰੂ ਅਮਰਦਾਸ ਨਾਲ ਕਰਨ ਬਾਰੇ ਮੁਆਫੀ ਮੰਗ ਲਈ ਹੈ।

ਇਸ ਸੰਬੰਧ ਵਿੱਚ ਗੁਰਦਾਸ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਗੁਰੂਆਂ ਦਾ ਅਪਮਾਨ ਨਹੀਂ ਕੀਤਾ ਤੇ ਨਾ ਗੁਰੂਆਂ ਨਾਲ ਕਿਸੇ ਦੀ ਤੁਲਨਾ ਹੋ ਸਕਦੀ ਹੈ, ਉਨ੍ਹਾਂ ਨੇ ਸਿਰਫ ਇਹ ਜ਼ਿਕਰ ਕੀਤਾ ਸੀ ਕਿ ਗੁਰੂ ਅਮਰਦਾਸ ਭੱਲਾ ਪਰਵਾਰ ਵਿੱਚੋਂ ਸਨ ਤੇ ਸਾਈਂ ਲਾਡੀ ਸ਼ਾਹ ਵੀ ਨਕੋਦਰ ਵਿੱਚ ਭੱਲਾ ਪਰਵਾਰ ਵਿੱਚ ਪੈਦਾ ਹੋਏ ਸਨ। ਗੁਰਦਾਸ ਮਾਨ ਨੇ ਕਿਹਾ ਕਿ ਜੇ ਉਨ੍ਹਾਂ ਦੀ ਗੱਲ ਨਾਲ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਉਹ ਇਸ ਦੀ ਸੌ ਵਾਰ ਮੁਆਫੀ ਮੰਗਦੇ ਹਨ। ਵਰਨਣ ਯੋਗ ਹੈ ਕਿ ਗੁਰਦਾਸ ਮਾਨ ਪਹਿਲਾਂ ਪੰਜਾਬੀ ਮਾਂ ਬੋਲੀ ਬਾਰੇ ਦਿੱਤੇ ਵਿਵਾਦਤ ਬਿਆਨ ਕਾਰਨਦੇਸ਼ ਵਿਦੇਸ਼ ਵਿੱਚ ਲੋਕਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰ ਰਿਹਾ ਹੈ। ਦਿੱਲੀ ਦੀਆਂ ਬਰੂਹਾਂ ਉੱਤੇ ਚੱਲਦੇ ਕਿਸਾਨ ਮੋਰਚੇ ਦੌਰਾਨ ਗੁਰਦਾਸ ਮਾਨ ਜਦੋਂ ਸਿੰਘੂ ਬਾਰਡਰ ਉੱਤੇ ਗਿਆ ਤਾਂ ਸਟੇਜ ਤੋਂ ਐਲਾਨ ਕੀਤਾ ਗਿਆ ਸੀ ਕਿ ਉਹ ਕਿਸਾਨਾਂ ਨੂੰ ਸੰਬੋਧਨ ਕਰਨਗੇ, ਪਰ ਲੋਕਾਂ ਵੱਲੋਂ ਕੀਤੇ ਗਏ ਵਿਰੋਧ ਕਾਰਨ ਉਸ ਨੂੰ ਪਿੱਛੇ ਹਟਣਾ ਪਿਆ ਸੀ।

### ਮਾਮਲਾ 12 ਲੱਖ ਟਰੋਮਾਡੋਲ ਗੋਲੀਆਂ ਦਾ :

# ਸਿਵਲ ਸਰਜਨ ਅੰਮ੍ਰਿਤਸਰ ਦਫ਼ਤਰ ਵਿੱਚ ਸੀ ਬੀ ਆਈ ਰੇਡ, ਛੇ ਘੰਟੇ ਪੁੱਛਗਿੱਛ

ਅੰਮ੍ਰਿਤਸਰ, 26 ਅਗਸਤ (ਪੋਸਟ ਬਿਊਰੋ)- ਇਸ ਮਹਾਨਗਰ ਦੀ ਜੀ ਟੀ ਰੋਡ ਉੱਤੇ ਰੇਬਨ ਬਹਿਲ ਫਾਰਮਾਸਿਊਟੀਕਲ ਕੰਪਨੀ ਤੋਂ ਦੋ ਸਾਲ ਪਹਿਲਾਂ ਬਰਾਮਦ ਹੋਈਆਂਟਰੋਮਾਡੋਲ ਦੀਆਂ 12 ਲੱਖ ਗੋਲੀਆਂ ਦੇ ਕੇਸ ਵਿੱਚ ਸੀ ਬੀ ਆਈ ਟੀਮ ਨੇ ਕੱਲ੍ਹ ਮੰਗਲਵਾਰ ਸਿਵਲ ਸਰਜਨ ਦਫ਼ਤਰ ਦੇ ਡਰੱਗ ਵਿਭਾਗ ਵਿੱਚ ਰੇਡ ਕੀਤੀ। ਇਸ ਦੌਰਾਨ ਸੀ ਬੀ ਆਈ ਨੇ ਕਰੀਬ ਛੇ ਘੰਟੇ ਡਰੱਗ ਵਿਭਾਗ ਦੇ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਅਤੇ ਕੰਪਿਊਟਰ ਵਿੱਚ ਦਰਜ ਰਿਕਾਰਡ ਦਾ ਪ੍ਰਿੰਟ ਆਊਟ ਵੀ ਲਿਆ। ਇਸ ਤੋਂ ਇਲਾਵਾ ਹੋਰ ਵੀ ਕਈ ਦਸਤਾਵੇਜ਼ ਸੀ ਬੀ ਆਈ ਨੇ ਕਬਜ਼ੇ ਵਿੱਚ ਲਏ। ਇਹ ਸਾਰੀ ਕਾਰਵਾਈ ਸੀ ਬੀ ਆਈ ਨੇ ਬੰਦ ਕਮਰੇ ਵਿੱਚ ਕੀਤੀ ਅਤੇ ਕਿਸੇ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਮਨ੍ਹਾ ਕਰ ਦਿਤਾ।

ਮਿਲੀ ਜਾਣਕਾਰੀ ਅਨੁਸਾਰ ਸਵੇਰੇ ਕਰੀਬ 10 ਵਜੇ ਪਹੁੰਚੀ ਟੀਮ ਇੱਥੇ ਦੁਪਹਿਰ ਚਾਰ ਵਜੇ ਤਕ ਰਹੀ ਤੇ ਜ਼ੋਨਲ ਡਰੱਗ ਲਾਇਸੈਂਸਿੰਗ ਅਥਾਰਿਟੀ ਕਰੁਣ ਸਚਦੇਵਾ ਸਮੇਤ ਸਾਰੇ ਡਰੱਗ ਇੰਸਪੈਕਟਰਾਂ ਤੋਂ ਪੁੱਛਗਿੱਛ ਕੀਤੀ।




ਡਰੱਗ ਵਿਭਾਗ ਦੇ ਸਾਰੇ ਅਧਿਕਾਰੀਆਂ ਏ ਮੁਲਾਜ਼ਮਾਂ ਨੇ ਇਸ ਦੌਰਾਨ ਮੀਡੀਆ ਤੋਂ ਦੂਰੀ ਬਣਾਈ ਰੱਖੀ। ਇੱਥੋਂ ਤਕ ਕਿ ਸੀ ਬੀ ਆਈ ਦੇ ਅਧਿਕਾਰੀ ਵੀ ਮੀਡੀਆ ਨਾਲ ਗੱਲ ਕਰਨ ਤੋਂ ਨਾਂਹ ਕਰਦੇ ਰਹੇ। ਇਸ ਬਾਰੇ ਕੋਰਟ ਵਿੱਚ ਸੀ ਬੀ ਆਈ ਨੇ ਪੱਤਰ ਦਿੱਤਾ ਹੈ, ਜਿਸ ਦਾ ਖੁਲਾਸਾ ਦੋਵਾਂ ਵਿਭਾਗਾਂ ਦੇ ਅਧਿਕਾਰੀਆਂ ਨੇ ਨਹੀਂ ਕੀਤਾ। ਜਾਣਕਾਰ ਦੱਸਦੇ ਹਨ ਕਿ ਸਿਹਤ ਵਿਭਾਗ ਵੱਲੋਂ ਇਸ ਕੇਸ ਵਿੱਚ ਠੋਸ ਕਾਰਵਾਈ ਕਰਨ ਦੀ ਥਾ ਡਰੱਗ ਐਂਡ ਕਾਸਮੈਟਿਕ ਐਕਟ ਹੇਠ ਕਾਰਵਾਈ ਕੀਤੀ ਸੀ। ਇਸ ਗੱਲ ਦਾ ਖੁਲਾਸਾ ਹੋਣ ਉੱਤੇ ਹਾਈ ਕੋਰਟ ਨੇ ਜਾਂਚ ਲਈ ਸੀ ਬੀ ਆਈ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਸਨ।

ਵਰਨਣ ਯੋਗ ਹੈ ਕਿ ਦਸੰਬਰ 2019 ਵਿੱਚ ਰੇਬਨ ਬਹਿਲ ਫਾਰਮਾਸਿਊਟਿਕਲ ਕੰਪਨੀ ਦੇ ਗੋਦਾਮ ਤੋਂ ਟਰੋਮਾਡੋਲ ਦੀਆਂ 12 ਲੱਖ ਗੋਲੀਆਂ ਫੜੀਆਂ ਗਈਆਂ ਸਨ, ਜਿਨ੍ਹਾਂ ਦੀ ਕੀਮਤ 78 ਲੱਖ ਰੁਪਏ ਦੱਸੀ ਗਈ ਸੀ। ਨਿਊ ਅੰਮ੍ਰਿਤਸਰ ਦੀ ਇਸ ਕੰਪਨੀ ਦੇ ਗੋਦਾਮ ਵਿੱਚ ਛਾਪੇ ਪਿੱਛੋਂ ਡਰੱਗ ਵਿਭਾਗ ਨੇ ਰੇਬਨ ਬਹਿਲ ਕੰਪਨੀ ਉੱਤੇ ਡਰੱਗ ਐਂਡ ਕਾਸਮੈਟਿਕ ਐਕਟ ਦੀ ਕਾਰਵਾਈ ਕੀਤੀ ਸੀ। ਇਹ ਕੰਪਨੀ ਉਤਪਾਦਕ ਤੋਂ ਦਵਾਈਆਂ ਖਰੀਦ ਕੇ ਅੱਗੇ ਸਪਲਾਈ ਕਰਦੀ ਹੈ ਤੇ ਉਸ ਦੇ ਕੋਲ ਟਰੋਮਾਡੋਲ ਰੱਖਣ ਦਾ ਅਧਿਕਾਰਤ ਲਾਇਸੈਂਸ ਵੀ ਨਹੀਂ ਸੀ।

# ਸੁਖਬੀਰ ਬਾਦਲ ਦਾ ਮਲੋਟ ਤੋਂ ਬਾਅਦ ਗਿੱਦੜਬਾਹਾ ਵਿੱਚ ਵੀ ਵਿਰੋਧ

*** ਗਿੱਦੜਬਾਹਾ ਤੋਂ ਡਿੰਪੀ ਢਿੱਲੋਂ ਅਕਾਲੀ ਉਮੀਦਵਾਰ ਐਲਾਨਿਆ**

ਗਿੱਦੜਬਾਹਾ, 26 ਅਗਸਤ (ਪੋਸਟ ਬਿਊਰੋ)- ਆਪਣੀ ਸੌ ਦਿਨਾਂ ਪਿੰਡਾਂ ਦੀ ਤਾਲਮੇਲ ਯਾਤਰਾ ਹੇਠ ਗਿੱਦੜਬਾਹਾ ਵਿਖੇ ਪੁੱਜਣ ਉਤੇ ਵੀ ਸੁਖਬੀਰ ਸਿੰਘ ਬਾਦਲ ਦਾ ਕਿਸਾਨਾਂ ਨੇ ਕੱਲ੍ਹ ਤਿੱਖਾ ਵਿਰੋਧ ਕੀਤਾ।



ਇਸ ਮੌਕੇ ਅਕਾਲੀ ਵਰਕਰਾਂ ਨੇ ਅਕਾਲੀ ਦਲ ਦੇ ਹਲਕਾ ਇੰਚਰਾਜ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਅਗਵਾਈ ਵਿੱਚ ਸੁਖਬੀਰ ਸਿੰਘ ਬਾਦਲ ਦਾ ਸਥਾਨਕ ਲੰਬੀ ਵਾਲਾ ਫਾਟਕ ਉੱਤੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਦੇ ਝੰਡੇ ਲੱਗੇ ਮੋਟਰਸਾਈਕਲਾਂ ਦੇ ਕਾਫ਼ਲੇ ਨਾਲ ਮੀਟਿੰਗ ਵਾਲੀ ਥਾਂ ਬਠਿੰਡਾ ਰੋਡ ਦੇ ਮੱਕੜ ਪੈਲੇਸ ਲੈ ਗਏ। ਉਧਰ ਸਾਂਝੇ ਕਿਸਾਨ ਮੋਰਚੇ ਨੇ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਨੂੰ ਕਾਲੀਆਂ ਝੰਡੀਆਂ ਦਿਖਾਈਆਂ, ਪਰ ਸੁਖਬੀਰ ਸਿੰਘ ਬਾਦਲ ਦਾ ਕਾਫਲਾ ਹੋਰ ਰਸਤੇ ਰਾਹੀਂ ਮੱਕੜ ਪੈਲੇਸ ਪੁੱਜ ਗਿਆ। ਕਿਸਾਨਾਂ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਵਿਰੋਧ ਦਾ ਪਹਿਲਾਂ ਪਤਾ ਲੱਗਣ ਉੱਤੇ ਡੀ ਐਸ ਪੀ ਨਰਿੰਦਰ ਸਿੰਘ ਦੀ ਅਗਵਾਈ ਹੇਠ ਭਾਰੀ ਪੁਲਸ ਫੋਰਸ ਨੇ ਉਨ੍ਹਾਂ ਨੂੰ ਨਵੀਂ ਦਾਣਾ ਮੰਡੀ ਅੰਦਰ ਰੋਕ ਲਿਆ ਤੇ ਮੀਟਿੰਗ ਵਾਲੀ ਜਗ੍ਹਾਨਹੀਂ ਜਾਣ ਦਿੱਤਾ। ਇਸ ਉੱਤੇ ਕਿਸਾਨਾਂ ਨੇ ਉਸੇ ਜਗ੍ਹਾ ਅਕਾਲੀ ਦਲ ਵਿਰੁੱਧ ਨਾਅਰੇ ਮਾਰਦੇ ਹੋਏ ਕਿਹਾ ਕਿ ਜਿੰਨੀਦੇਰ ਤਕ ਕਾਲੇ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ, ਉਹ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਦਾ ਵਿਰੋਧ ਕਰਦੇ ਰਹਿਣਗੇ। ਇਸ ਸਬੰਧੀ ਡੀ ਐਸ ਪੀ ਨਰਿੰਦਰ ਸਿੰਘ ਨੇ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨ ਦਾ ਸਭ ਨੂੰ ਹੱਕ ਹੈ, ਪਰ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਰੋਕਣ ਲਈ ਉਨ੍ਹਾਂ ਨੇ ਕਿਸਾਨਾਂ ਨੂੰ ਦੂਰ ਰੋਕਿਆ ਹੈ।



## ਐਨ ਐਮ ਪੀ ਦਾ ਮਾਮਲਾ, ਜਾਇਦਾਦ ਭਾਰਤ ਦੇਸ਼ ਦੀ ਹੈ, ਭਾਜਪਾ ਜਾਂ ਮੋਦੀ ਦੀ ਨਹੀਂ: ਮਮਤਾ

ਣਕੋਲਕਾਤਾ, 26 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਏਥੇ ਨੈਸ਼ਨਲ ਮੋਨੀਟਾਈਜ਼ੇਸ਼ਨ ਪਾਈਪਲਾਈਨ (ਐਨ ਐਮ ਪੀ) ਨੀਤੀ ਬਾਰੇ ਭਾਰਤ ਦੀ ਨਰਿੰਦਰ ਮੋਦੀ ਸਰਕਾਰਦੇ ਵਿਰੁੱਧ ਨਿਸ਼ਾਨਾ ਕੱਸਦੇ ਹੋਏ ਕਿਹਾ ਕਿ ਇਹ ਦੇਸ਼ ਦੀਆਂ ਜਾਇਦਾਦਾਂ ਨੂੰ ਵੇਚਣ ਦੀ ਸਾਜ਼ਿਸ਼ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਭਾਜਪਾ ਦੀ ਜਾਇਦਾਦ ਨਹੀਂ, ਇਸ



ਦੇਸ਼ ਦੀ ਹੈ।

ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਐਨ ਐਮ ਪੀ ਨੂੰ 'ਹੈਰਾਨੀ ਜਨਤਕ ਅਤੇ ਮੰਦਭਾਗਾ ਫ਼ੈਸਲਾ' ਕਰਾਰ ਦਿੰਦੇ ਹੋਏ ਦੋਸ਼ ਲਾਇਆ ਕਿ ਇਨ੍ਹਾਂ ਜਾਇਦਾਦਾਂ ਨੂੰ ਵੇਚਣ ਤੋਂ ਮਿਲੇ ਪੈਸਿਆਂ ਦੀ ਵਰਤੋਂ ਚੋਣਾਂ ਦੌਰਾਨ ਵਿਰੋਧੀ ਧਿਰਾਂ ਦੇ ਖਿਲਾਫ ਕੀਤੀ ਜਾਵੇਗੀ। ਮਮਤਾ ਨੇ ਪੱਛਮੀ ਬੰਗਾਲ ਦੇ ਸੈਕਟਰੀਏਟ ਵਿੱਚ ਪੱਤਰਕਾਰਾਂ ਨੂੰ ਕਿਹਾ, 'ਅਸੀਂ ਇਸ ਹੈਰਾਨੀ ਵਾਲੇ ਅਤੇ ਮੰਦਭਾਗੇ ਫ਼ੈਸਲੇ ਦੀ ਨਿਖੇਧੀ ਕਰਦੇ ਹਾਂ। ਇਹ ਜਾਇਦਾਦ ਦੇਸ਼ ਦੀ ਹੈ। ਮੋਦੀ ਦੀ ਜਾਇਦਾਦ ਨਹੀਂ ਤੇ ਨਾ ਹੀ ਭਾਰਤੀ ਜਨਤਾ ਪਾਰਟੀ ਦੀ ਹੈ। ਉਹ (ਕੇਂਦਰ ਸਰਕਾਰ) ਆਪਣੀ ਮਰਜ਼ੀ ਨਾਲ ਦੇਸ਼ ਦੀ ਜਾਇਦਾਦ ਨੂੰ ਨਹੀਂ ਵੇਚ ਸਕਦੇ।' ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਇਸ ਲੋਕਵਿਰੋਧੀ ਫ਼ੈਸਲੇ ਦਾ ਵਿਰੋਧ ਕਰੇਗਾ ਅਤੇ ਇਕਜੁੱਟ ਹੋਵੇਗਾ। ਉਨ੍ਹਾਂ ਕਿਹਾ, 'ਭਾਜਪਾ ਨੂੰ ਸ਼ਰਮ ਆਉਣੀ ਚਾਹੀਦੀ ਹੈ। ਕਿਸੇ ਨੇ ਦੇਸ਼ ਦੀ ਜਾਇਦਾਦ ਵੇਚਣ ਦਾ ਹੱਕ ਉਨ੍ਹਾਂ ਨੂੰਨਹੀਂ ਦਿੱਤਾ।' ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅਜੇ ਇੱਕ ਦਿਨ ਪਹਿਲਾਂ ਹੀ ਛੇ ਲੱਖ ਕਰੋੜ ਰੁਪਏ ਦੀ ਭਾਰਤ ਦੀ ਨੈਸ਼ਨਲ ਮੋਨੀਟਾਈਜ਼ੇਸ਼ਨ ਪਾਈਪਲਾਈਨ ਦਾ ਐਲਾਨ ਕੀਤਾ ਸੀ।

## ਮ੍ਰਿਤਕ ਬੈਂਕ ਮੁਲਾਜ਼ਮਾਂ ਦੇ ਵਾਰਸਾਂ ਨੂੰ 9,284 ਦੀ ਬਜਾਏ 35,000 ਰੁਪਏ ਤਕ ਪੈਨਸ਼ਨ ਮਿਲੇਗੀ

ਮੁੰਬਈ, 26 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸਰਕਾਰੀ ਖੇਤਰ ਦੇ ਬੈਂਕਾਂ ਦੇ ਮੁਲਾਜ਼ਮਾਂ ਦੇ ਵਾਰਸਾਂ ਦੀ ਮਾਸਿਕ ਪਰਵਾਰਕ ਪੈਨਸ਼ਨ ਵਧਾ ਕੇ ਮ੍ਰਿਤਕ ਮੁਲਾਜ਼ਮ ਦੀ ਆਖਰੀ ਤਨਖਾਹ ਦਾ 30 ਫ਼ੀਸਦੀ ਕਰਨ ਦਾ ਐਲਾਨ ਕੀਤਾ ਹੈ, ਜਿਸ ਤੋਂ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੀ ਤਸੱਲੀ ਜਾਪਦੀ ਹੈ।

ਕੇਂਦਰ ਸਰਕਾਰ ਦੇ ਵਿੱਤੀ ਸੇਵਾਵਾਂ ਬਾਰੇ ਸੈਕਟਰੀ ਦੇਬਾਸ਼ੀਸ਼ ਪਾਂਡਾ ਨੇ ਕਿਹਾ ਕਿ ਏਦੂੰ ਪਹਿਲਾਂਸਰਕਾਰੀ ਬੈਂਕਾਂ (ਪੀ ਐਸ ਬੀ) ਦੇ ਮ੍ਰਿਤਕ ਮੁਲਾਜ਼ਮਾਂ ਦੇ ਵਾਰਸਾਂ ਨੂੰ ਵੱਧ ਤੋਂ ਵਧ 9,284



ਰੁਪਏ ਮਹੀਨਾ ਪੈਨਸ਼ਨ ਮਿਲਦੀ ਸੀ। ਉਨ੍ਹਾ ਨੇ ਕਿਹਾ ਕਿ ਇਸ ਫੈਸਲੇ ਨਾਲ ਪਰਵਾਰਕ ਪੈਨਸ਼ਨ ਵਧ ਕੇ 30,000 ਤੋਂ 35,000 ਰੁਪਏ ਮਹੀਨਾ ਹੋ ਜਾਵੇਗੀ। ਮੰਤਰਾਲੇ ਨੇ ਨਵੀਂ ਪੈਨਸ਼ਨ ਯੋਜਨਾ (ਐਨ ਪੀ ਐਸ) ਵਿੱਚ ਮਾਲਕਾਂ ਦਾ ਯੋਗਦਾਨ 10 ਫੀਸਦੀ ਤੋਂ ਵਧਾ ਕੇ 14 ਫੀਸਦੀ ਕਰਨ ਦਾ ਐਲਾਨ ਵੀ ਕੀਤਾ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲ ਸੀਤਾਰਮਨ ਨੇ ਕੱਲ੍ਹ ਆਨਲਾਈਨ ਸੰਬੋਧਨ ਰਾਹੀਂ ਸਰਕਾਰੀ ਬੈਂਕਾਂ ਦੇ ਨੁਮਾਇੰਦਿਆਂ ਨਾਲ ਬੈਠਕ ਮੌਕੇ ਫੈਮਿਲੀ ਪੈਨਸ਼ਨ ਵਧਾਉਣ ਦਾ ਐਲਾਨ ਕੀਤਾ ਹੈ। ਅਜੇ ਤਕ ਬੈਂਕ ਮੁਲਾਜ਼ਮਾਂ ਨੂੰ ਤਿੰਨ ਸਲੈਬਾਂ ਦੇ ਅਧੀਨ ਫੈਮਿਲੀ ਪੈਨਸ਼ਨ ਦਿੱਤੀ ਜਾਂਦੀ ਸੀ ਉਸ ਵਿੱਚ 15 ਫੀਸਦੀ, 20 ਫੀਸਦੀ ਅਤੇ 30 ਫੀਸਦੀ ਦੇ ਸਲੈਬ ਸ਼ਾਮਲ ਸਨ। ਇਹ ਸਲੈਬ ਆਖਰੀ ਸੈਲਰੀ ਦੇ ਹਿਸਾਬ ਨਾਲ ਤੈਅ ਕੀਤੀ ਗਈ ਸੀ।

## ਦਿੱਲੀ ਯੂਨੀਵਰਸਿਟੀ ਦੇ ਸਿਲੇਬਸ ਵਿੱਚੋਂ ਮਹਾਸ਼ਵੇਤਾ ਦੇਵੀ ਦੀ ਰਚਨਾ ਹਟਾਈ ਗਈ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਦਿੱਲੀ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਨੇ ਬੀ ਏ (ਆਨਰਜ਼) ਦੇ ਅੰਗਰੇਜ਼ੀ ਸਿਲੇਬਸ ਵਿੱਚੋਂ ਮਹਾਸ਼ਵੇਤਾ ਦੇਵੀ ਦੀ ਲਘੂ ਕਥਾ 'ਦਰੋਪਦੀ' ਹਟਾ ਦਿੱਤੀ ਹੈ। ਕੌਂਸਲ ਨੇ ਬੀਤੇ ਦਿਨੀਂ ਸਿਲੇਬਸ ਵਿੱਚ ਇਸ ਤਰ੍ਹਾਂ ਦਾ ਬਦਲਾਅ ਕਰਨ ਨੂੰ ਮਨਜ਼ੂਰੀ ਦਿੱਤੀ ਅਤੇ ਇਸ ਤੋਂ ਦੇ ਨਾਲ ਹੀ ਦੋ ਪ੍ਰਮੁੱਖ ਦਲਿਤ ਲੇਖਕਾਂ ਬਾਮਾ ਤੇ ਸੁਕੀਰਤਰਿਣੀ ਨੂੰ ਵੀ ਸਿਬੇਲਸ ਵਿੱਚੋਂ ਹਟਾ ਦਿੱਤਾ ਗਿਆ ਹੈ। ਇਸ ਫੈਸਲੇ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਹਰ ਪਾਸੇ ਤੋਂ ਨੂੰ ਕਰੜੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਰਨਣ ਯੋਗ ਹੈ ਕਿ ਅਕਾਦਮਿਕ ਕੌਂਸਲ ਦੀ ਬੈਠਕ ਵਿੱਚ 15 ਮੈਂਬਰਾਂ ਨੇ ਇਸ ਫੈਸਲੇ ਦੇ ਖਿਲਾਫ ਵਿਰੋਧ ਦਰਜ ਕਰਵਾਇਆ ਹੈ। ਉਨ੍ਹਾਂ ਨੇ ਨਿਗਰਾਨੀ ਕਮੇਟੀ ਅਤੇ ਇਸ ਦੀ ਕਾਰਜਪ੍ਰਣਾਲੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਬਾਮਾ ਤੇ ਸੁਕੀਰਤਰਿਣੀ ਦੀ ਥਾਂ ਉਚੀ ਜਾਤ ਦੇ ਲੇਖਕ ਰਾਮਾਬਾਈ ਨੂੰ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ ਹੈ। ਅਸਲ ਵਿੱਚ ਇਸ ਫੈਸਲੇ ਹੇਠ ਆਈ 'ਦਰੋਪਦੀ' ਕਹਾਣੀ ਇੱਕ ਆਦਿਵਾਸੀ ਔਰਤ ਬਾਰੇ ਹੈ। ਇਸ ਨੂੰ ਹਟਾਉਣ ਵੇਲੇ ਅਕਾਦਮਿਕ ਪੱਧਰ ਉੱਤੇ ਕੋਈ ਕਾਰਨ ਨਹੀਂ ਦੱਸਿਆ ਗਿਆ।

## ਸਟਾਰਟ ਅੱਪ ਸ਼ੁਰੂ ਕਰਨ ਦੇ ਲਈ ਭਾਰਤ ਸਰਕਾਰ ਚਾਲੀ ਲੱਖ ਰੁਪਏ ਦੇਵੇਗੀ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਤਿੰਨ ਸੌ ਆਈ ਟੀ ਸਟਾਰਟ ਅੱਪ ਨੂੰ ਮਦਦ ਕਰਨ ਦੇ ਲਈ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਹੈ। ਸਮਰੱਧ ਪ੍ਰੋਗਰਾਮ ਹੇਠ ਇਲੈਕਟ੍ਰੌਨਿਕਸ ਅਤੇ ਆਈ ਟੀ ਮੰਤਰਾਲੇ ਵੱਲੋਂ ਚੁਣੇ ਗਏ ਸਟਾਰਟ ਅੱਪ ਨੂੰ ਚਾਲੀ ਲੱਖ ਰੁਪਏ ਤਕ ਸੀਡ ਫੰਡ ਦਿੱਤਾ ਜਾਵੇਗਾ। ਸਰਕਾਰ ਦਾ ਇਰਾਦਾ ਇਨ੍ਹਾਂ ਚੋਣਵੇਂ ਸਟਾਰਟ ਅੱਪ ਵਿੱਚੋਂ 100 ਨੂੰ ਯੂਨੀਕਾਰਨ ਸਟਾਰਟ ਅੱਪ ਵਿੱਚ ਤਬਦੀਲ ਕਰਨ ਦਾ ਹੈ।

ਜ਼ਿਕਰਯੋਗ ਹੈ ਕਿ ਯੂਨੀਕਾਰਨ ਸਟਾਰਟ ਅੱਪ ਉਨ੍ਹਾਂ ਕੰਪਨੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਮਾਰਕੀਟ ਕੈਪ ਇੱਕ ਡਾਲਰ ਹੁੰਦਾ ਹੈ। ਇਲੈਕਟ੍ਰਾਨਿਕਸ ਅਤੇ ਆਈ ਟੀ ਮੰਤਰਾਲੇ ਦੀ ਸਪੈਸ਼ਲ ਸੈਕਟਰੀ ਜੋਤੀ ਅਰੋੜਾ ਨੇ ਦੱਸਿਆ ਕਿ ਪ੍ਰੋਡਕਟ ਇਨੋਵੇਸ਼ਨ, ਡਿਵੈਲਪਮੈਂਟ ਅਤੇ ਗ੍ਰੋਥ ਲਈ ਸਟਾਰਟ ਅੱਪ ਐਕਸੇਲੇਰੇਟਰ ਦੀ ਧਾਰਨਾ ਸਿਲੀਕਾਨ ਵੈਲੀ ਵਿਚਲੇ ਐਕਸੇਲਰੇਟਰ ਵਾਈਕਾਂਬੀਨੇਟਰ ਦੀ ਤਰਜ਼ ਉੱਤੇ ਤਿਆਰ ਕੀਤੀ ਗਈ ਹੈ। ਆਈ ਟੀ ਅਤੇ ਟੈਲੀਕਾਮ ਮੰਤਰੀ ਅਸ਼ਵਨੀ ਵੈਸ਼ਣਵ ਨੇ ਕਿਹਾ, "ਮੈਂ ਵੀਹ ਤੋਂ ਵੱਧ ਸਟਾਰਟ ਅੱਪ ਦੀ ਅਗਵਾਈ ਕਰ ਚੁੱਕਾ ਹਾਂ। ਉਨ੍ਹਾਂ ਨੂੰ ਓਦੋਂ ਸਭ ਤੋਂ ਵੱਧ ਮਦਦ ਦੀ ਜ਼ਰੂਰਤ ਹੁੰਦੀ ਹੈ, ਜਦ ਆਈਡੀਆ ਉਤਪਾਦ ਵਿੱਚ ਤਬਦੀਲ ਹੋਣਾ ਸ਼ੁਰੂ ਹੁੰਦਾ ਹੈ। ਇਸ ਲੋੜ ਨੂੰ ਅਸੀਂ ਬਹੁਤ ਚੰਗੀ ਤਰ੍ਹਾਂ ਨਾਲ ਸਮਝਦੇ ਹਾਂ।" ਉਨ੍ਹਾਂ ਨੇ ਕਿਹਾ ਕਿ ਸਟਾਰਟ ਅੱਪ ਲਈ ਫੰਡ ਦੀ ਕਮੀ ਕੋਈ ਵੱਡਾ ਮੁੱਦਾ ਨਹੀਂ।

## ਅਫਗਾਨ ਔਰਤ ਵੱਲੋਂ ਤਾਲਿਬਾਨੀ ਪਤੀ ਨੂੰ ਤਲਾਕ ਦੇਣ ਕਾਰਨ 'ਡੈਥ ਵਾਰੰਟ' ਜਾਰੀ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਰਹਿਣ ਵਾਲੀ ਹਯਾਤ (ਬਦਲਿਆ ਹੋਇਆ ਨਾਂ) ਨੂੰ ਵਿਆਹ ਤੋਂ ਬਾਅਦ ਜਦੋਂ ਪਤਾ ਲੱਗਾ ਕਿ ਉਸਦਾ ਪਤੀ ਤਾਲਿਬਾਨੀ ਹੈ ਤਾਂ ਉਸ ਨੇ ਤਲਾਕ ਦੇ ਦਿੱਤਾ। ਉਸਪਿੱਛੋਂ ਹਯਾਤ ਦੇ ਨਾਂ ਡੈਥ ਵਾਰੰਟ ਜਾਰੀ ਕਰ ਕੇ ਤਾਲਿਬਾਨ ਨੇ ਉਸ ਨੂੰ ਮੌਤ ਦੀ ਸਜ਼ਾ ਦੇਣ ਦਾ ਫਰਮਾਨ ਸੁਣਾ ਦਿੱਤਾ।

ਇਸ ਤੋਂ ਪਹਿਲਾਂ ਕਿ ਹਯਾਤ ਨੂੰ ਕੁਝ ਹੁੰਦਾ, ਉਹ ਅਫਗਾਨਿਸਤਾਨ ਛੱਡ ਕੇ ਦਿੱਲੀ ਆ ਗਈ ਅਤੇ ਆਪਣੀਆਂ ਦੋ ਬੇਟੀਆਂ ਨਾਲ ਰਹਿ ਰਹੀ ਹੈ। ਮੌਤ ਦੇ ਫਰਮਾਨ ਕਾਰਨ ਉਹ ਕਦੇ ਵੀ ਅਫਗਾਨਿਸਤਾਨ ਨਹੀਂ ਮੁੜਨਾ ਚਾਹੁੰਦੀ।ਹਯਾਤ ਨੇ ਦੱਸਿਆ ਕਿ ਵਿਆਹ ਤੋਂ ਬਾਅਦ ਮੇਰੇ ਪਤੀ ਬਾਰੇ ਮੈਨੂੰ ਪਤਾ ਲੱਗਾ ਕਿ ਉਹ ਤਾਲਿਬਾਨ ਨਾਲ ਜੁੜਿਆ ਹੈ। ਮੇਰੇ ਪਤੀ ਨੇ ਮੇਰੇ ਉੱਤੇ ਚਾਰ ਵਾਰ ਚਾਕੂ ਨਾਲ ਹਮਲਾ ਕੀਤਾ, ਜਿਸ ਦੇ ਨਿਸ਼ਾਨ ਸਿਰ, ਗਰਦਨ ਅਤੇ ਉਂਗਲੀਆਂ ਉੱਤੇ ਅਜੇ ਵੀ ਹਨ। ਹਯਾਤ ਨੇ ਭਾਰਤ ਆਉਣ ਪਿੱਛੋਂ ਜਿਮ ਸ਼ੁਰੂ ਕੀਤਾ ਅਤੇ ਫਿਰ ਜਿਮ ਟਰੇਨਰ ਬਣ ਗਈ। ਇਸ ਨਾਲ ਉਹ ਆਪਣੀਆਂ ਦੋ ਬੇਟੀਆਂ, ਜਿਨ੍ਹਾਂ ਦੀ ਉਮਰ 13 ਤੇ 14 ਸਾਲ ਹੈ, ਪਾਲ ਰਹੀ ਹੈ। ਹਯਾਤ ਨੇ ਦੱਸਿਆ ਕਿ ਮੈਨੂੰ ਹਿੰਦੀ ਵਿੱਚ ਗੱਲ ਕਰਨ ਦਾ ਸ਼ੌਕ ਸੀ, ਬਾਲੀਵੁੱਡ ਫਿਲਮਾਂ ਦੇਖ ਕੇ ਮੈਂ ਹਿੰਦੀ ਸਿੱਖੀ। ਭਾਰਤ ਵਿੱਚ ਮੈਂ ਖੁਸ਼ ਹਾਂ, ਪਰ ਮੇਰਾ ਰਿਫਿਊਜੀ ਕਾਰਡ ਨਹੀਂ ਬਣਿਆ, ਜਿਸ ਦੇ ਲਈ ਕੋਸ਼ਿਸ਼ ਹਾਲੇ ਵੀ ਜਾਰੀ ਹੈ।

## ਕੀ ਪਤਨੀ ਆਪਣੇ ਪਤੀ 'ਤੇ ਬਲਾਤਕਾਰ ਦਾ ਕੇਸ ਦਰਜ ਕਰਵਾ ਸਕਦੀ ਹੈ: ਹਾਈ ਕੋਰਟ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਕੀ ਪਤਨੀ ਆਪਣੇ ਪਤੀ ਉੱਤੇ ਬਲਾਤਕਾਰ ਦਾ ਕੇਸ ਦਰਜ ਕਰਵਾ ਸਕਦੀ ਹੈ। ਪਤੀ ਵੱਲੋਂ ਏਦਾਂ ਦਾ ਕੇਸ ਰੱਦ ਕਰਨ ਦੀ ਮੰਗ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਪਤਨੀ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਜਸਟਿਸ ਅਮੋਲ ਰਤਨ ਸਿੰਘ ਨੇ ਇਸ ਦੌਰਾਨ ਹੁਸ਼ਿਆਰਪੁਰ ਦੀ ਕੋਰਟ ਨੂੰ ਮਾਮਲੇ ਉੱਤੇ ਸੁਣਵਾਈ ਟਾਲਣ ਅਤੇ ਹਾਈ ਕੋਰਟ ਦੀ ਸੁਣਵਾਈ ਦੇ ਬਾਅਦ ਕੇਸ ਸੁਣੇ ਜਾਣ ਦੇ ਹੁਕਮ ਦਿੱਤੇ ਹਨ। ਪਤੀ, ਸੱਸ ਅਤੇ ਨਨਾਣ ਨੇ ਹਾਈ ਕੋਰਟ ਨੂੰ ਅਰਜ਼ੀ ਦੇ ਕੇ ਕਿਹਾ ਹੈ ਕਿ ਉਨ੍ਹਾਂ ਦੇ ਖਿਲਾਫ ਹੁਸ਼ਿਆਰਪੁਰ ਥਾਣੇ ਵਿੱਚ 16 ਮਈ 2019 ਨੂੰ ਬਲਾਤਕਾਰ ਤੇ ਅਪਰਾਧਕ ਸਾਜ਼ਿਸ਼ ਰਚਣ ਦਾ ਕੇਸ ਦਰਜ ਕੀਤਾ ਗਿਆ ਹੈ। ਪਤੀ ਉੱਤੇ ਬਲਾਤਕਾਰ ਅਤੇ ਸੱਸ, ਨਨਾਣ ਉੱਤੇ ਅਪਰਾਧਕ ਸਾਜ਼ਿਸ ਦਾ ਕੇਸ ਦਰਜ ਕੀਤਾ ਗਿਆ ਸੀ। ਪਤੀ ਨੇ ਅਰਜ਼ੀ ਵਿੱਚ ਕਿਹਾ ਹੈ ਕਿ ਪਤਨੀ ਦੇ ਨਾਲ ਉਸ ਦੇ ਸਰੀਰਕ ਸੰਬੰਧ ਵਿਆਹ ਦੇ ਬਾਅਦ ਬਣੇ ਹਨ। ਇਸ ਲਈ ਇਨ੍ਹਾਂ ਨੂੰ ਬਲਾਤਕਾਰ ਨਹੀਂ ਕਿਹਾ ਜਾ ਸਕਦਾ। ਇਹ ਕਾਨੂੰਨ ਦੀ ਦੁਰਵਰਤੋਂ ਹੈ।

## ਮਨੁੱਖੀ ਅਧਿਕਾਰੀ ਕਮਿਸ਼ਨ ਨੇ ਬਾਲ ਮਜ਼ਦੂਰੀ ਬਾਰੇ ਸਾਰੇ ਸੂਬਿਆਂ ਤੋਂ ਰਿਪੋਰਟ ਮੰਗੀ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐਨ ਐਚ ਆਰ ਸੀ) ਨੇ ਕੱਲ੍ਹ ਕਿਹਾ ਕਿ ਉਸ ਨੇ ਰਾਜਸਥਾਨ ਤੋਂ ਬੱਚਿਆਂ ਦੀ ਤਸਕਰੀ ਦੇ ਬਾਰੇ ਮਿਲੀ ਜਾਣਕਾਰੀ ਨੂੰ ਗੰਭੀਰਤਾ ਨਾਲ ਲਿਆ ਹੈ, ਜੋ 2019 ਵਿੱਚ ਮਿਲੀ ਇੱਕ ਸ਼ਿਕਾਇਤ ਨਾਲ ਜੁੜੀ ਹੋਈ ਹੈ।



ਇਸ ਸੰਬੰਧ ਵਿੱਚ ਐਨ ਐਚ ਆਰ ਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਜ਼ਾਦੀ ਦੇ ਸੱਤਰ ਸਾਲ ਬਾਅਦ ਵੀ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਵੱਖ-ਵੱਖ ਕਾਨੂੰਨਾਂ ਅਤੇ ਯੋਜਨਾਵਾਂ ਦੇ ਬਾਵਜੂਦ ਬਾਲ ਮਜ਼ਦੂਰੀ ਅਤੇ ਬੱਚਿਆਂ ਦੀ ਤਸਕਰੀ ਹੁੰਦੀ ਰਹਿਣਾ ਸੂਬੇ ਦੀ ਮਸ਼ੀਨਰੀ ਉੱਤੇ ਪ੍ਰਸ਼ਨ ਚਿੰਨ੍ਹ ਹੈ। ਇਸ ਲਈ ਐਨ ਐਚ ਆਰ ਸੀ ਨੇ ਸਾਰੇ ਸੂਬਿਆਂ ਦੇ ਚੀਫ ਸੈਕਟਰੀਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਸ਼ਾਸਕਾਂ ਤੋਂ ਯੂ ਐੱਨ ਬਾਲ ਅਧਿਕਾਰ ਸੰਧੀ ਅਤੇ ਬਾਲ ਮਜ਼ਦੂਰੀ ਸੋਧ ਕਾਨੂੰਨ 2016 ਦੇ ਨਿਯਮਾਂ ਦੀ ਪਾਲਣਾ ਵਿੱਚ ਉਠਾਏ ਕਦਮਾਂਦੀ ਰਿਪੋਰਟ ਮੰਗੀ ਹੈ। ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਲੇਬਰ ਸੈਕਟਰੀਆਂ ਨੂੰ ਬਾਲ ਮਜ਼ਦੂਰੀ ਕਰਾਉਣ ਵਿੱਚ ਸ਼ਾਮਲ ਕੰਪਨੀਆਂ ਅਤੇ ਉਨ੍ਹਾਂ ਦੇ ਪ੍ਰਬੰਧਾਂ ਖਿਲਾਫ ਕੀਤੀ ਗਈ ਕਾਨੂੰਨੀ ਕਾਰਵਾਈ ਦੇ ਬਾਰੇ ਅੱਠ ਹਫਤਿਆਂ ਦੇ ਅੰਦਰ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਗਿਆ ਹੈ।ਕਮਿਸ਼ਨ ਨੇ ਕਿਹਾ ਕਿ ਤਤਕਾਲੀ ਮਾਮਲਾ ਕਮਿਸ਼ਨ ਨੂੰ 22 ਦਸੰਬਰ 2019 ਨੂੰ ਮਿਲੀ ਸ਼ਿਕਾਇਤ ਨਾਲ ਸਬੰਧਤ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਰਾਜਸਥਾਨ ਦੇ ਤਿੰਨ ਜ਼ਿਲ੍ਹਿਆਂ- ਉਦੈਪੁਰ, ਬਾਂਸਵਾੜਾ ਤੇ ਡੂੰਗਰਪੁਰ ਵਿੱਚ ਅੱਠ ਤੋਂ 15 ਸਾਲ ਦੀ ਉਮਰ ਤਕ ਦੇ ਬੱਚਿਆਂ ਨੂੰ 500 ਤੋਂ 3000 ਰੁਪਏ ਵਿੱਚ ਵੇਚ ਦਿੱਤਾ ਜਾਂਦਾ ਹੈ।

## ਸੱਜਣ ਕੁਮਾਰ ਦੀ ਸਿਹਤ ਬਾਰੇ ਸੁਪਰੀਮ ਕੋਰਟ ਨੇ ਐਫੀਡੇਵਿਟ ਮੰਗ ਲਿਆ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿੱਚ ਉਮਰ ਕੈਦ ਭੁਗਤ ਰਹੇ ਕਾਂਗਰਸ ਦੇ ਸਾਬਕਾ ਆਗੂ ਸੱਜਣ ਕੁਮਾਰ ਦੀ ਅੰਤ੍ਰਿਮ ਜ਼ਮਾਨਤ ਅਰਜ਼ੀ ਉੱਤੇ ਸੁਪਰੀਮ ਕੋਰਟ ਨੇ ਸੀ ਬੀ ਆਈ ਨੂੰ ਨੋਟਿਸ ਜਾਰੀ ਕੀਤਾ ਅਤੇ ਇਸ ਕੇਸ ਨੂੰ ਛੇ ਸਤੰਬਰ ਨੂੰ ਮੁੜ ਸੁਣਵਾਈ ਲਈ ਲਾਉਣ ਦੇ ਹੁਕਮ ਦਿੰਦੇ ਹੋਏ ਸੀ ਬੀ ਆਈ ਨੂੰ ਕੁਮਾਰ ਦੀ ਸਿਹਤ ਦੀ ਸਥਿਤੀ ਉੱਤੇ ਇੱਕ ਹਫਤੇ ਵਿੱਚ ਐਫੀਡੇਵਿਟ ਪੇਸ਼ ਕਰਨ ਲਈ ਕਿਹਾ ਹੈ। ਸੱਜਣ ਕੁਮਾਰ ਨੇ ਖਰਾਬ ਸਿਹਤ ਦੇ ਆਧਾਰ ਉੱਤੇ ਅਦਾਲਤ ਤੋਂ ਅੰਤ੍ਰਿਮ ਜ਼ਮਾਨਤ ਮੰਗੀ ਹੈ। ਜਸਟਿਸ ਸੰਜੇ ਕਿਸ਼ਨ ਕੌਲ ਅਤੇ ਰਿਸ਼ੀਕੇਸ਼ ਰਾਏ ਦੇ ਬੈਂਚ ਨੇ ਸੱਜਣ ਕੁਮਾਰ ਵੱਲੋਂ ਪੇਸ਼ ਸੀਨੀਅਰ ਵਕੀਲ ਵਿਕਾਸ ਸਿੰਘ ਦੀਆਂ ਦਲੀਲਾਂ ਸੁਣਨ ਮਗਰੋਂ ਅੰਤ੍ਰਿਮ ਜ਼ਮਾਨਤ ਅਰਜ਼ੀ ਉੱਤੇ ਸੀ ਬੀ ਆਈ ਨੂੰ ਨੋਟਿਸ ਜਾਰੀ ਕੀਤਾ ਹੈ।

## ਭਾਰਤ ਦੇ ਸਿਰਫ਼ ਅੱਠ ਰਾਜਾਂ ਵਿੱਚ ਸਾਰੇ ਸਕੂਲਾਂ ਵਿੱਚ ਪੀਣ ਦੇ ਪਾਣੀ ਦੀ ਸਹੂਲਤ



ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਭਾਰਤ ਦੇ ਸਿਰਫ਼ ਅੱਠ ਰਾਜਾਂ ਨੇ ਆਪਣੇ ਸਾਰੇ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਸਹੂਲਤਯਕੀਨੀ ਬਣਾਈ ਅਤੇ ਮੇਘਾਲਿਆ, ਤ੍ਰਿਪੁਰਾ, ਅਰੁਣਾਚਲ ਪ੍ਰਦੇਸ਼ ਵਰਗੇ ਰਾਜ ਇਸ ਮੁਹਿੰਮ ਵਿੱਚ ਬਹੁਤ ਪਿੱਛੇ ਹਨ, ਬਾਕੀ ਸੂਬਿਆਂ ਵਿੱਚ ਹੋਰ ਵੀ ਬੁਰਾ ਹਾਲ ਹੈ।

ਪਾਰਲੀਮੈਂਟ ਵਿੱਚ ਪਿੱਛੇ ਜਿਹੇ ਪੇਸ਼ ਇੱਕ ਸਥਾਈ ਪਾਰਲੀਮੈਂਟਰੀਕਮੇਟੀ ਦੀ ਰਿਪੋਰਟ ਵਿੱਚ ਸਿੱਖਿਆ ਮੰਤਰਾਲੇ ਤੋਂ 2021-22 ਦੇ ਤਕ ਹਰ ਅਕਾਦਮਿਕ ਸੰਸਥਾ ਵਿੱਚ ਵਾਟਰ ਟੈਪ ਜਲ ਮਿਸ਼ਨ ਦੇ ਤਹਿਤ ਪਾਈਪ ਰਾਹੀਂ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਸਿੱਖਿਆ ਮੰਤਰਾਲੇ ਨੂੰ ਕਿਹਾ ਗਿਆ ਹੈ ਕਿ ਉਹ ਇਸ ਸਬੰਧ ਵਿੱਚ ਪੇਂਡੂ ਵਿਕਾਸ ਮੰਤਰਾਲੇ ਅਤੇ ਜਲ ਸ਼ਕਤੀ ਮੰਤਰਾਲੇ ਨਾਲ ਤਾਲਮੇਲ ਕਰੇ। ਸਿੱਖਿਆ ਮੰਤਰਾਲੇ ਦੇ ਸਕੂਲੀ ਸਿੱਖਿਆ ਅਤੇ ਸਾਖਰਤਾ ਵਿਭਾਗ ਨੇ ਕਮੇਟੀ ਨੂੰ ਦੱਸਿਆ ਕਿ ਰਾਸ਼ਟਰੀ ਜਲ ਜੀਵਨ ਮਿਸ਼ਨ ਦੇ ਤਹਿਤ ਪਿੰਡ ਦੇ ਸਾਰੇ ਆਂਗਣਵਾੜੀ ਕੇਂਦਰਾਂ, ਸਕੂਲਾਂ, ਆਸ਼ਰਮਸ਼ਾਲਾ ਅਤੇ ਹੋਰ ਜਨਤਕ ਸਥਾਨਾਂ ਵਿੱਚ ਪਾਈਪ ਤੋਂ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਕਰਨ ਲਈ ਸ਼ੁਰੂ ਕੀਤੀ100 ਦਿਨਾਂ ਮੁਹਿੰਮ ਬਾਰੇ ਜਲ ਸ਼ਕਤੀ ਮੰਤਰਾਲੇ ਦੇ ਸਿਹਤ ਵਿਭਾਗ ਨੇ 14 ਅਕਤੂਬਰ 2020 ਨੂੰ ਪੱਤਰ ਲਿਖਿਆ ਸੀ।ਇਸ ਉੱਤੇ ਸਕੂਲੀ ਸਿੱਖਿਆ ਅਤੇ ਸਾਖਰਤਾ ਵਿਭਾਗ ਨੇ 12 ਨਵੰਬਰ 2020 ਨੂੰ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸਕੱਤਰਾਂ (ਸਿੱਖਿਆ) ਨੂੰ ਇੱਕ ਪੱਤਰ ਲਿਖਿਆ ਸੀ ਜਿਸ ਵਿੱਚ ਉਨ੍ਹਾਂ ਤੋਂ ਲੜਕੀਆਂ ਅਤੇ ਲੜਕਿਆਂ ਦੇ ਲਈ ਸਾਫ ਪਾਣੀ ਦੀ ਸਪਲਾਈ ਕਰਨ, ਪ੍ਰਦੇਸ਼ ਦੇ ਹਰੇਕ ਸਕੂਲ ਦੀ ਮੈਪਿੰਗ ਦੇ ਲਈ ਜ਼ਰੂਰੀ ਕਾਰਵਾਈ ਕਰਨ, ਹੱਥ ਧੋਣ ਦੀ ਜਗ੍ਹਾ 'ਤੇ ਪੀਣ ਦੇ ਪਾਣੀ ਦੀ ਸਹੂਲਤਦੇਣ ਦੀ ਬੇਨਤੀ ਕੀਤੀਸੀ।

## ਭੰਵਰੀ ਦੇਵੀ ਅਗਵਾ-ਕਤਲ ਕੇਸ ਵਿੱਚ ਸਾਬਕਾ ਮੰਤਰੀ ਮਦੇਰਣਾ ਅਤੇ ਪੰਜ ਹੋਰਨਾਂ ਨੂੰ ਜ਼ਮਾਨਤ



ਜੋਧਪੁਰ, 26 ਅਗਸਤ (ਪੋਸਟ ਬਿਊਰੋ)- ਰਾਜਸਥਾਨ ਹਾਈ ਕੋਰਟ ਨੇ ਕੱਲ੍ਹ ਭੰਵਰੀ ਦੇਵੀ ਅਗਵਾ ਤੇ ਕਤਲ ਕੇਸ ਵਿੱਚ ਇਸ ਰਾਜ ਦੇ ਸਾਬਕਾ ਮੰਤਰੀ ਮਹੀਪਾਲ ਮਦੇਰਣਾ ਅਤੇ ਪੰਜ ਹੋਰਨਾਂ ਨੂੰ ਜ਼ਮਾਨਤ ਦੇ ਦਿੱਤੀ ਹੈ, ਜਿਨ੍ਹਾਂ ਵਿੱਚ ਭੰਵਰੀ ਦੇਵੀ ਦਾ ਪਤੀ ਅਮਰ ਚੰਦ, ਸ਼ਹਾਬੂਦੀਨ, ਬਿਸ਼ਨਾ ਰਾਮ ਬਿਸ਼ਨੋਈ, ਕੈਲਾਸ਼ ਜਾਖੜ ਅਤੇ ਬਲਦੇਵ ਸ਼ਾਮਲ ਹਨ। ਇਸ ਦੌਰਾਨ ਇੰਦਰਾ ਬਿਸ਼ਨੋਈ ਨੂੰ ਛੱਡ ਕੇ ਸਾਰੇ 16 ਦੋਸ਼ੀਆਂ ਨੂੰ ਜ਼ਮਾਨਤ ਦੇ ਮਿਲ ਗਈ ਹੈ। ਇੰਦਰਾ ਬਿਸ਼ਨੋਈ ਨੇ ਇਸ ਕੇਸ ਵਿੱਚ ਹਾਲੇ ਜ਼ਮਾਨਤ ਦੀ ਅਰਜ਼ੀ ਦਾਖਲ ਹੀ ਨਹੀਂ ਕੀਤੀ ਹੈ। ਪਟੀਸ਼ਨਰਾਂ ਦੇ ਇੱਕ ਵਕੀਲ ਦੇ ਦੱਸਣ ਅਨੁਸਾਰ ਸੁਪਰੀਮ ਕੋਰਟ ਤੋਂ ਇੱਕ ਦੋਸ਼ੀ ਨੂੰ ਜ਼ਮਾਨਤ ਮਿਲਣਾ ਬਾਕੀ ਸਭਦੀ ਰਾਹਤ ਦਾ ਆਧਾਰ ਬਣਿਆ ਹੈ। ਸੁਪਰੀਮ ਕੋਰਟ ਨੇ ਪਰਸ ਰਾਮ ਬਿਸ਼ਨੋਈ ਨੂੰ ਇਸ ਆਧਾਰ ਉੱਤੇ ਜ਼ਮਾਨਤ ਦਿੱਤੀ ਸੀ ਕਿ ਕੇਸ ਵਿੱਚ ਬਹੁਤ ਲੰਮਾ ਸਮਾਂ ਲੱਗਾ ਅਤੇ ਦੋਸ਼ੀ ਪਹਿਲਾਂ ਲਗਭਗ 10 ਸਾਲ ਜੇਲ੍ਹ ਵਿੱਚ ਕੱਟ ਚੁੱਕਾ ਹੈ।ਇਸ ਤੋਂ ਪਹਿਲਾਂ ਕਾਂਗਰਸ ਦੇ ਸਾਬਕਾ ਵਿਧਾਇਕ ਮਲਖਾਨ ਸਿੰਘ ਬਿਸ਼ਨੋਈ ਨੂੰ 10 ਅਗਸਤ ਨੂੰ ਜ਼ਮਾਨਤ ਮਿਲ ਚੁੱਕੀ ਹੈ। ਹੇਠਲੀ ਕੋਰਟ ਵੱਲੋਂ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਪਿੱਛੋਂ ਸਾਰੇ ਦੋਸ਼ੀਆਂ ਨੇ ਹਾਈ ਕੋਰਟ ਦਾ ਰੁਖ਼ ਕੀਤਾ ਸੀ।

## ਸੰਯੁਕਤ ਕਿਸਾਨ ਮੋਰਚਾ ਵੱਲੋਂ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਦੀ ਸਮੀਖਿਆ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਵੱਲੋਂ ਇੱਕ ਦਿਨ ਪਹਿਲਾਂ ਕੀਤੀਆਂ ਗਈਆਂ ਟਿੱਪਣੀਆਂ ਬਾਰੇ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਹੈ ਕਿ ਦੋ ਜੱਜਾਂ ਦੀ ਬੈਂਚ ਨੇ ਜਨਹਿਤ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਕਿਸਾਨਾਂ ਦੇ ਸ਼ਾਂਤੀਪੂਰਨ ਵਿਰੋਧ ਦੇ ਹੱਕ ਨੂੰ ਇੱਕ ਵਾਰ ਫਿਰ ਕਾਇਮ ਰੱਖਿਆ ਹੈ।



ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਨਾਕਾਬੰਦੀ ਕਿਸਾਨਾਂ ਨੇ ਨਹੀਂ ਕੀਤੀ ਸੀ, ਭਾਰਤ ਸਰਕਾਰ ਅਤੇ ਦਿੱਲੀ ਪੁਲਸ ਦੇ ਕੰਟਰੋਲ ਹੇਠ ਰਾਜ ਸਰਕਾਰਾਂ ਨੇ ਕੀਤੀ ਸੀ। ਇਹ ਗੱਲ ਸੁਪਰੀਮ ਕੋਰਟ ਦੀ ਪਿਛਲੀ ਸੁਣਵਾਈ ਵਿੱਚ ਸਾਹਮਣੇ ਆਈ ਸੀ। ਮੋਰਚੇ ਨੇ ਦੱਸਿਆ ਕਿ ਕਿਸਾਨ ਆਪਣੀ ਮਰਜ਼ੀ ਨਾਲ ਨੌਂ ਮਹੀਨਿਆਂ ਤੋਂ ਸੜਕਾਂ ਉੱਤੇ ਨਹੀਂ ਬੈਠੇ, ਸਗੋਂ ਸਰਕਾਰ ਨੇ ਨਾਕਾਬੰਦੀ ਲਾਈ ਸੀ, ਜਦੋਂ ਕਿਸਾਨ ਆਪਣੀਆਂ ਸ਼ਿਕਾਇਤਾਂ ਦੱਸਣ ਲਈ ਦਿੱਲੀ ਜਾਣਾ ਚਾਹੁੰਦੇ ਸਨ। ਇਹ ਉਹ ਸਰਕਾਰ ਹੈ, ਜੋ ਸਮੱਸਿਆ ਹੱਲ ਕਰਨ ਲਈ ਤਿਆਰ ਨਹੀਂ ਤੇ ਇਹ ਵੀ ਕੋਸ਼ਿਸ਼ ਕਰਦੀ ਹੈ ਕਿ ਕਿਸਾਨਾਂ ਦੇ ਵਿਰੋਧ ਦਾ ਅਧਿਕਾਰ ਖੋਹਿਆ ਜਾਵੇ। ਮੋਰਚਾ ਸੁਪਰੀਮ ਕੋਰਟ ਨਾਲ ਸਹਿਮਤ ਹੈ ਕਿ ਕੇਂਦਰ ਸਰਕਾਰ ਨੂੰ ਇਸ ਦੇ ਹੱਲ ਲਈ ਕਦਮ ਚੁੱਕਣੇ ਚਾਹੀਦੇ ਹਨ। ਇਸ ਦਾ ਹੱਲ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਮੁੜ ਸ਼ੁਰੂ ਕਰਨ ਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਨਾਲ ਹੋਵੇਗਾ, ਕਿਉਂਕਿ ਕਿਸਾਨ ਆਪਣੀਆਂ ਮੰਗਾਂ ਦੇ ਸਹੀ ਹੱਲ ਦੀ ਉਡੀਕ ਕਰ ਰਹੇ ਹਨ।

## ਕੇਰਲ ਦੇ ਇੱਕ ਪਿੰਡ ਵਿੱਚ 400 ਤੋਂ ਵੱਧ ਜੁੜਵੇਂ ਬੱਚੇ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਸੰਸਾਰ ਵਿੱਚ ਕਈ ਅਜੀਬ ਘਟਨਾਵਾਂ ਵਾਪਰਦੀਆਂ ਹਨ, ਜੋ ਦੇਸ਼-ਵਿਦੇਸ਼ ਵਿੱਚ ਸੁਰਖੀਆਂ ਬਣਦੀਆਂ ਹਨ। ਇਹ ਘਟਨਾਵਾਂ ਇੰਨੀਆਂ ਅਨੋਖੀਆਂ ਹੁੰਦੀਆਂ ਹਨ ਕਿ ਸੁਣਨ ਪਿੱਛੋਂ ਇਨ੍ਹਾਂ ਉੱਤੇਯਕੀਨ ਨਹੀਂ ਹੁੰਦਾ। ਇਸੇ ਲੜੀ ਵਿੱਚ ਇੱਕ ਉਹ ਜਗ੍ਹਾ ਹੈ, ਜਿੱਥੇ ਜ਼ਿਆਦਾਤਰ ਬੱਚੇ ਜੁੜਵਾਂ ਪੈਦਾ ਹੁੰਦੇ ਹਨ। ਇਹ ਜਗ੍ਹਾ ਭਾਰਤ ਦੇ ਕੇਰਲ ਰਾਜ ਵਿੱਚ ਮਲਪੁੱਰਮ ਜ਼ਿਲ੍ਹੇ ਦੇ ਕੋਡਨਿਹੀ ਪਿੰਡ ਹੈ। ਇਸ ਪਿੰਡ ਦੇ ਅਨੋਖੇਪਣ ਦੀ ਚਰਚਾ ਲੰਬੇ ਸਮੇਂ ਤੋਂ ਦੇਸ਼ ਤੇ ਦੁਨੀਆ ਵਿੱਚ ਹੋ ਰਹੀ ਹੈ। ਅਕਸਰ ਕਈ ਲੋਕ ਇਥੇ ਜੁੜਵਾਂ ਲੋਕਾਂ ਨੂੰ ਦੇਖਣ ਲਈ ਦੂਰ-ਦੂਰ ਤੋਂ ਇਸ ਪਿੰਡ ਆਉਂਦੇ ਹਨ। ਪਿੰਡ ਦੇ ਬਹੁਤੇ ਪਰਵਾਰਾਂ ਵਿੱਚ ਜੁੜਵਾਂ ਬੱਚੇ ਹੀ ਜਨਮ ਲੈਂਦੇ ਹਨ। ਇਸ ਪਿੰਡ ਵਿੱਚ ਇੰਨੇ ਸਾਰੇ ਜੁੜਵਾ ਬੱਚਾ ਕਿਉਂ ਪੈਦਾ ਹੁੰਦੇ ਹਨ, ਇਸ ਦੀ ਖੋਜ ਕਰਨ ਲਈ ਕਈ ਵਾਰ ਵਿਗਿਆਨੀਆਂ ਦੀ ਟੀਮ ਇਸ ਪਿੰਡ ਵਿੱਚ ਆਈ, ਪਰ ਉਹ ਇਸ ਭੇਤ ਤੋਂ ਪਰਦਾ ਨਹੀਂ ਉਠਾ ਸਕੇ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਪਿੰਡ ਉੱਤੇ ਪ੍ਰਮਾਤਮਾ ਦੀ ਵਿਸ਼ੇਸ਼ ਕਿਰਪਾ ਹੋਣ ਕਾਰਨ ਜ਼ਿਆਦਾਤਰ ਬੱਚੇ ਜੁੜਵਾਂ ਜਨਮ ਲੈਂਦੇ ਹਨ।

ਪਿਛਲੇ ਪੰਜਾਹ ਸਾਲਾਂ ਦੌਰਾਨ ਇਸ ਪਿੰਡ ਵਿੱਚ 300 ਤੋਂ ਵੱਧ ਜੁੜਵਾਂ ਬੱਚਿਆਂ ਨੇ ਜਨਮ ਲਿਆ ਹੈ। ਇਸ ਪਿੰਡ ਦਾ ਇਹ ਹੈਰਾਨੀਜਨਕ ਪਹਿਲੂ ਪਿਛਲੇ ਲੰਬੇ ਸਮੇਂ ਤੋਂ ਖਬਰਾਂ ਵਿੱਚ ਹੈ। ਜੇ ਕੋਈ ਕੋਡਨਿਹੀ ਪਿੰਡ ਵਿੱਚ ਘੁੰਮਣ ਜਾਂਦਾ ਹੈ ਤਾਂ ਉਸ ਦੀ ਮੁਲਾਕਾਤ ਇੱਕ ਵੱਡੀ ਗਿਣਤੀ ਵਿੱਚ ਜੁੜਵਾ ਲੋਕਾਂ ਨਾਲ ਹੋਵੇਗੀ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



## ਅਫਗਾਨਿਸਤਾਨ ਉਤੇ ਕਵਰੇਜ਼ ਨਾਲ ਫਾਕਸ ਨਿਊਜ਼ ਸਭ ਤੋਂ ਵੱਧ ਦੇਖੇ ਜਾਣ ਵਾਲਾ ਚੈਨਲ ਬਣਿਆ



ਲਾਸ ਏਂਜਲਸ, 26 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਤੋਂ ਅਮਰੀਕਾ ਦੀ ਅਗਵਾਈ ਵਿੱਚ ਨਿਕਾਸੀ ਮੁਹਿੰਮ ਉੱਤੇ ਕਵਰੇਜ਼ ਨੂੰ ਲੋਕਾਂ ਨੇ ਫਾਕਸ ਨਿਊਜ਼ ਚੈਨਲ ਉੱਤੇ ਸਭ ਤੋਂ ਵੱਧ ਦੇਖਿਆ ਅਤੇ ਇਸ ਦੇ ਨਾਲ ਇਹ ਪਿਛਲੇ ਹਫਤੇ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਚੈਨਲ ਬਣ ਗਿਆ ਹੈ।

ਨੀਲਸਨ ਕੰਪਨੀ ਦੇ ਅੰਕੜਿਆਂ ਵਿੱਚੋਂ ਬੀਤੇ ਦਿਨੀਂ ਇਹ ਜਾਣਕਾਰੀ ਮਿਲੀ ਹੈ। ਰੂੜੀਵਾਦੀ ਸੋਚਣੀ ਵਾਲੇ ਦਰਸ਼ਕਾਂ ਵਿੱਚ ਲੋਕਪ੍ਰਿਯ ਚੈਨਲ ਦੀ ਰੇਟਿੰਗ ਤਦ ਵਧ ਗਈ, ਜਦ ਇਸ ਮਹੀਨੇ ਤਾਲਿਬਾਨ ਨੇ ਅਚਾਨਕ ਅਫਗਾਨਿਸਤਾਨ ਦੀ ਸੱਤਾ ਉੱਤੇ ਕਬਜ਼ਾ ਕਰ ਲਿਆ। ਆਖਰੀ ਵਾਰ ਚੈਨਲ ਸਤੰਬਰ 2020 ਵਿੱਚ ਪਹਿਲੇ ਨੰਬਰ ਉੱਤੇ ਆਇਆ ਸੀ, ਜਦ 'ਫਾਕਸ ਨਿਊਜ਼ ਸੰਡੇ' ਦੇ ਐਂਕਰ ਕ੍ਰਿਸ ਵਾਲੇਸ ਨੇ ਓਦੋਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਮੁਕਾਬਲੇਬਾਜ਼ ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡੇਨ ਵਿਚਾਲੇ ਬਹਿਸ ਦੇ ਪ੍ਰੋਗਰਾਮ ਨੂੰ ਪੇਸ਼ ਕੀਤਾ ਸੀ। ਫਾਕਸ ਨਿਊਜ਼ ਚੈਨਲ ਨੂੰ ਔਸਤਨ 29.4 ਲੱਖ ਦਰਸ਼ਕਾਂ ਨੇ ਦੇਖਿਆ। ਇਸ ਦੇ ਬਾਅਦ ਸੀ ਬੀ ਐਸ ਨੂੰ 25.7 ਲੱਖ, ਐਨ ਬੀ ਸੀ ਨੂੰ 25.3 ਲੱਖ, ਏ ਬੀ ਸੀ ਨੂੰ 23.9 ਲੱਖ ਦਰਸ਼ਕਾਂ ਨੇ ਦੇਖਿਆ ਹੈ।

## ਕਾਬੁਲ ਤੋਂ ਹਜ਼ਾਰਾਂ ਅੱਤਵਾਦੀ ਵੀ ਏਅਰਲਿਫਟ ਹੋਏ ਹੋਣਗੇ: ਟਰੰਪ

ਵਾਸ਼ਿੰਗਟਨ, 26 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੋਅ ਬਾਇਡੇਨ ਦੀ ਅਫਗਾਨ ਨੀਤੀ ਉੱਤੇ ਵੱਡਾ ਹਮਲਾ ਕੀਤਾ ਅਤੇ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਬਚਾਅ ਮੁਹਿੰਮ ਦੌਰਾਨ ਹਜ਼ਾਰਾਂ ਅੱਤਵਾਦੀ ਵੀ ਅਫਗਾਨਿਸਤਾਨ ਤੋਂ ਨਿਕਲ ਕੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹੁੰਚ ਗਏ ਹੋਣਗੇ। ਇਸ ਬਾਰੇ ਟਰੰਪ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਬਾਇਡੇਨ ਨੇ ਅਫਗਾਨਿਸਤਾਨ ਦੇ ਅੱਤਵਾਦੀਆਂ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਹੈ ਅਤੇ ਅਮਰੀਕੀ ਨਾਗਰਿਕਾਂ ਨੂੰ ਅਫਗਾਨਿਸਤਾਨ ਵਿੱਚੋਂ ਕੱਢਣ ਤੋਂ ਪਹਿਲਾਂ ਹੀ ਅਮਰੀਕੀ ਫੌਜ ਨੂੰ ਉਥੋਂ ਹਟਾਉਣਾ ਸ਼ੁਰੂ ਕਰ ਕੇ ਉਨ੍ਹਾਂ ਸਾਰਿਆਂ ਦੀ ਜ਼ਿੰਦਗੀ ਖਤਰੇ ਵਿੱਚ ਪਾ ਦਿੱਤੀ ਹੈ। ਉਨ੍ਹਾਂ ਨੇ ਜੋਅ ਬਾਇਡੇਨ ਉੱਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਪਤਾ ਲੱਗ ਰਿਹਾ ਹੈ ਕਿ ਜਿਨ੍ਹਾਂ 26 ਹਜ਼ਾਰ ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢਿਆ ਗਿਆ ਹੈ, ਉਨ੍ਹਾਂ ਵਿੱਚੋਂ



ਮਸਾਂ ਚਾਰ ਹਜ਼ਾਰ ਲੋਕ ਅਮਰੀਕੀ ਨਾਗਰਿਕ ਹਨ। ਤੁਸੀਂ ਇਹ ਮੰਨ ਲਵੋ ਕਿ ਕੀ ਅਫਗਾਨਿਸਤਾਨ ਉੱਤੇ ਪੂਰੀ ਤਰ੍ਹਾਂ ਕੰਟਰੋਲ ਕਰ ਚੁੱਕਾ ਤਾਲਿਬਾਨ ਇਨ੍ਹਾਂ ਬਚਾਅ ਮਹਿੰਮਾਂ ਦੇ ਜਹਾਜ਼ਾਂ ਵਿੱਚ ਆਪਣੇ ਖਾਸ ਲੜਾਕੇ ਨਹੀਂ ਭੇਜੇਗਾ। ਉਨ੍ਹਾਂ ਕਿਹਾ ਕਿ ਹਾਲੇ ਸਾਨੂੰ ਇਹ ਪਤਾ ਨਹੀਂ ਕਿ ਜੋਅ ਬਾਇਡੇਨ ਕਿੰਨੇ ਅੱਤਵਾਦੀਆਂ ਨੂੰ ਅਮਰੀਕਾ ਲੈ ਕੇ ਆਏ ਹਨ? ਅਸੀਂ ਸਿਰਫ ਅੰਦਾਜ਼ਾ ਲਾ ਸਕਦੇ ਹਾਂ ਕਿ ਕਿੰਨੇ ਹਜ਼ਾਰ ਅੱਤਵਾਦੀ ਅਫਗਾਨਿਸਤਾਨ ਤੇ ਉਸ ਦੇ ਆਸ-ਪਾਸ ਤੋਂ ਏਅਰਲਿਫਟ ਕੀਤੇ ਗਏ ਹੋਣਗੇ। ਇਹ ਕਿੰਨੀ ਭਿਆਨਕ ਨਾਕਾਮਯਾਬੀ ਹੈ, ਇਸ ਦੀ ਕੋਈ ਜਾਂਚ ਨਹੀਂ।

## ਤਾਲਿਬਾਨ ਦਾ ਇੱਕ ਹੋਰ ਫਤਵਾ, ਮੁੰਡਿਆਂ-ਕੁੜੀਆਂ ਦੇ ਇਕੱਠੇ ਪੜ੍ਹਨ ਉੱਤੇ ਪਾਬੰਦੀ ਲਾਈ ਗਈ

ਕਾਬੁਲ, 26 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਔਰਤਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਦਾ ਭਰੋਸਾ ਦੇਣ ਦੇ ਕੁਝ ਦਿਨਾਂ ਬਾਅਦ ਤਾਲਿਬਾਨ ਅਧਿਕਾਰੀਆਂ ਨੇ ਗੜਬੜ ਵਾਲੇ ਹੇਰਾਤ ਸੂਬੇ ਵਿਚਲੀਆਂ ਸਭ ਸਰਕਾਰੀ ਤੇ ਨਿੱਜੀ ਯੂਨੀਵਰਸਿਟੀਆਂ ਵਿੱਚ ਮੁੰਡਿਆਂ ਅਤੇ ਕੁੜੀਆਂ ਨਾਲ ਇਕੱਠੇ ਪੜ੍ਹਨਦੀ ਪਾਬੰਦੀ ਲਾ ਦਿੱਤੀ ਹੈ। ਇਸ ਨੂੰ ਉਨ੍ਹਾਂ ਨੇ ਸਮਾਜ ਦੀਆਂ ਸਾਰੀਆਂ ਬੁਰਾਈਆਂ ਦੀ ਜੜ੍ਹ ਕਰਾਰ ਦਿੱਤਾ ਹੈ।

ਇਹ ਫੈਸਲਾ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ, ਨਿੱਜੀ ਸੰਸਥਾਵਾਂ ਦੇ ਮਾਲਕਾਂ ਅਤੇ ਤਾਲਿਬਾਨ ਅਧਿਕਾਰੀਆਂ ਵਿਚਕਾਰ



ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ। ਅਫ਼ਗਾਨਿਸਤਾਨ ਵਿੱਚ ਪਿਛਲੇ ਹਫ਼ਤੇ ਸੱਤਾ ਉੱਤੇ ਕਾਬਜ਼ ਹੋਣ ਪਿੱਛੋਂ ਤਾਲਿਬਾਨ ਨੇ ਫਤਵੇ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਔਰਤਾਂ ਨੂੰ ਨਹੁੰ ਪਾਲਸ਼ ਲਾਉਣ ਤੋਂ ਰੋਕਦੇ ਹੋਏ ਇੱਕ ਫਤਵਾ ਜਾਰੀ ਕੀਤਾ ਸੀ ਕਿ ਜੇ ਕੋਈ ਔਰਤ ਨਹੁੰ ਪਾਲਸ਼ ਲਾਏਗੀ ਤਾਂ ਉਸ ਦੇ ਹੱਥ ਵੱਢ ਦਿੱਤੇ ਜਾਣਗੇ। ਤਾਲਿਬਾਨ ਦਾ ਬੁਲਾਰਾ ਜ਼ਬੀਹੁੱਲਾਹ ਮੁਜ਼ਾਹਿਦ ਕੱਲ੍ਹ ਪਹਿਲੀ ਵਾਰ ਜਨਤਕ ਤੌਰ ਉੱਤੇ ਸਾਹਮਣੇ ਆਇਆ ਅਤੇ ਵਾਅਦਾ ਕੀਤਾ ਕਿ ਤਾਲਿਬਾਨ ਇਸਲਾਮਿਕ ਕਾਨੂੰਨ ਦੇ ਤਹਿਤ ਔਰਤਾਂ ਦੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਵੇਗਾ।ਅਫ਼ਗਾਨਿਸਤਾਨ ਦੇ ਉਚ ਸਿੱਖਿਆ ਦੇ ਮੁਖੀ ਮੁੱਲਾ ਫ਼ਰੀਦ ਨੇ ਕਿਹਾ ਕਿ ਇਸ ਦਾ ਕੋਈ ਬਦਲ ਨਹੀਂ ਤੇ ਮੁੰਡੇ-ਕੁੜੀਆਂ ਵੱਲੋਂ ਇਕੱਠੇ ਪੜ੍ਹਾਈ ਬੰਦ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਔਰਤ ਟੀਚਰਾਂ ਵੱਲੋਂ ਕੁੜੀਆਂ ਨੂੰ ਪੜ੍ਹਾਉਣ ਦੀ ਇਜਾਜ਼ਤ ਹੋਵੇਗੀ ਤੇ ਪੁਰਸ਼ ਮੁੰਡਿਆਂ ਨੂੰ ਪੜ੍ਹਾਉਣਗੇ।

## ਗੂਗਲ, ਐਪਲ ਦੀ ਐਪ ਬਿਲਿੰਗ ਪ੍ਰਣਾਲੀ ਉਤੇ ਲਗਾਮ ਦੀ ਤਿਆਰੀ

ਸਿਓਲ, 26 ਅਗਸਤ (ਪੋਸਟ ਬਿਊਰੋ)- ਦੱਖਣੀ ਕੋਰੀਆ ਦੀ ਇੱਕ ਪਾਰਲੀਮੈਂਟਰੀ ਕਮੇਟੀ ਨੇ ਇੱਕ ਬਿੱਲ ਪਾਸ ਕੀਤਾ ਹੈ, ਜਿਸ ਦੇ ਤਹਿਤ ਗੂਗਲ ਅਤੇ ਐਪਲ ਉੱਤੇ ਐਪ ਡਿਵੈਲਪਰਸ ਤੇ ਉਨ੍ਹਾਂ ਦਾ ਮੰਚ ਇਸਤੇਮਾਲ ਕਰਨ ਦੀ ਜ਼ਬਰਦਸਤੀ ਫੀਸ ਵਸੂਲਣ ਦਾ ਦਬਾਅ ਖਤਮ ਹੋ ਜਾਵੇਗਾ।

ਰਾਸ਼ਟਰੀ ਵਿਧਾਨਕ ਤੇ ਨਿਆਂਇਕ ਕਮੇਟੀ ਨੇ ਟੈਲੀਕਾਮ ਵਪਾਰ ਐਕਟ ਵਿੱਚ ਸੋਧ ਮਨਜ਼ੂਰੀ ਕੀਤੀ ਹੈ। ਇਸ ਦੇ ਨਾਲ ਐਪ ਮਾਰਕੀਟ ਆਪਰੇਟਰਾਂ ਨੂੰ ਐਪ ਡਿਵੈਲਪਰਸ ਤੋਂ ਰਕਮ ਵਸੂਲਣ ਦੇ ਰਾਹ ਬੰਦ ਹੋ ਜਾਣਗੇ। ਇਸ ਤਰ੍ਹਾਂ ਦੱਖਣੀ ਕੋਰੀਆ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ, ਜੋ ਇਨ੍ਹਾਂ ਗਲੋਬਲ ਟੈਕ ਕੰਪਨੀਆਂ ਨੂੰ ਐਪ ਦੀਆਂ ਬਿਲਿੰਗ ਨੀਤੀਆਂ ਵਿੱਚ ਮਨਮਾਨੀ ਕਰਨ ਤੋਂ ਰੋਕੇਗਾ। ਗੂਗਲ ਅਤੇ ਐਪਲ ਦੀਆਂ ਇਨ੍ਹਾਂ ਐਪ ਬਿਲਿੰਗ ਨੀਤੀਆਂ ਨਾਲ ਦੁਨੀਆ ਦੀਆਂ ਸਾਰੀਆਂ ਸਰਕਾਰਾਂ ਦੁਖੀ ਹਨ ਤੇ ਆਪਣੇ-ਆਪਣੇ ਦੇਸ਼ਾਂ ਵਿੱਚ ਇਨ੍ਹਾਂ ਦੀ ਰੋਕਥਾਮ ਦੇ ਉਪਾਅ ਲੱਭ ਰਹੀਆਂ ਹਨ।

## ਯੂ ਕੇ ਸਰਕਾਰ ਨੇ ਫਾਈਜ਼ਰ ਵੈਕਸੀਨ ਦੀਆਂ 3.5 ਕਰੋੜ ਖੁਰਾਕਾਂ ਦਾ ਆਰਡਰ ਦਿੱਤਾ

ਗਲਾਸਗੋ, 26 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਕੋਰੋਨਾ ਵਾਇਰਸ ਮਹਾਮਾਰੀ ਉੱਤੇ ਕਾਬੂ ਪਾਉਣ ਤੇ ਨਾਗਰਿਕਾਂ ਨੂੰ ਵਾਧੂ ਸੁਰੱਖਿਆ ਦੇਣ ਲਈ ਫਾਈਜ਼ਰ-ਬਾਇਓਨਟੈਕ ਟੀਕੇ ਦੀਆਂ 35 ਮਿਲੀਅਨ ਹੋਰ ਖੁਰਾਕਾਂ ਲੈਣ ਲਈ ਆਰਡਰ ਦਿਤਾ ਹੈ, ਜੋ 2022 ਦੇ ਦੂਜੇ ਅੱਧ ਵਿੱਚ ਪ੍ਰਾਪਤ ਹੋ ਜਾਣਗੀਆਂ।

ਵਰਨਣ ਯੋਗ ਹੈ ਕਿ ਯੂ ਕੇ ਸਰਕਾਰ ਵੱਲੋਂ ਇਸ ਸਾਲ ਸਭ ਤੋਂ ਕਮਜ਼ੋਰ ਲੋਕਾਂ ਦੀ ਰੱਖਿਆ ਲਈ ਕੋਵਿਡ ਬੂਸਟਰ ਖੁਰਾਕ ਦੇ ਪ੍ਰੋਗਰਾਮ ਦੀ ਤਿਆਰੀ ਚੱਲ ਰਹੀ ਹੈ। ਇੰਨੇ ਵੱਡੇ ਪੱਧਰ ਉੱਤੇ ਵੈਕਸੀਨ ਦੀਆਂ ਖੁਰਾਕਾਂ ਦਾ ਆਰਡਰ ਦੇਣ ਦੇ ਨਾਲ ਯੂ ਕੇ ਨੇ ਅੱਜ ਤਕ ਅੱਠ ਵੱਖ-ਵੱਖ ਕੋਵਿਡ ਟੀਕਿਆਂ ਦੀਆਂ 540 ਮਿਲੀਅਨ ਤੋਂ ਵੱਧ ਖੁਰਾਕਾਂ ਦਾ ਆਰਡਰ ਦਿੱਤਾ ਹੈ। ਇਨ੍ਹਾਂ ਵਿੱਚੋਂ ਚਾਰ ਵੈਕਸੀਨ ਕੰਪਨੀਆਂ ਨੂੰ ਯੂ ਕੇ ਵਿੱਚ ਵਰਤੋਂ ਲਈ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਜੁਲਾਈ ਦੇ ਸ਼ੁਰੂ ਵਿੱਚ ਟੀਕਾਕਰਨ



ਦੀ ਜਾਇੰਟ ਕਮੇਟੀ (ਜੇ ਸੀ ਵੀ ਆਈ) ਦੀ ਸਲਾਹ ਨਾਲ ਨੈਸ਼ਨਲ ਹੈਲਥ ਸਰਵਿਸ(ਐਨ ਐਚ ਐਸ) ਨੂੰ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਤੀਜੀ ਬੂਸਟਰ ਖੁਰਾਕਾਂ ਦੀ ਯੋਜਨਾਬੰਦੀ ਸ਼ੁਰੂ ਕਰਨ ਲਈ ਹਰੀ ਝੰਡੀ ਮਿਲੀ ਸੀ ਅਤੇ ਸਿਹਤਸੈਕਟਰੀ ਸਾਜਿਦ ਜਾਵਿਦ ਅਨੁਸਾਰ ਇਹ ਪ੍ਰੋਗਰਾਮ ਸਤੰਬਰ ਵਿੱਚ ਸ਼ੁਰੂ ਹੋ ਸਕਦਾ ਹੈ। ਉਂਜ ਯੂ ਕੇ ਦੀ ਵੈਕਸੀਨ ਕਮੇਟੀ ਨੇ ਅਜੇ ਇਸ ਬਾਰੇ ਆਪਣੀ ਅੰਤਿਮ ਸਲਾਹ ਦੇਣੀ ਹੈ ਕਿ ਕੀ ਇੱਕ ਬੂਸਟਰ ਪ੍ਰੋਗਰਾਮ ਜਾਰੀ ਰਹਿਣਾ ਚਾਹੀਦਾ ਹੈ? ਅਤੇ ਇਸ ਵਿੱਚ ਕਿਸਨੂੰ ਸ਼ਾਮਲ ਕੀਤਾ ਜਾਣ ਚਾਹੀਦਾ ਹੈ? ਇਸਦੇ ਇਲਾਵਾ ਯੂ ਕੇ ਦੁਆਰਾ ਵੈਕਸੀਨ ਦੀਆਂ ਲੱਖਾਂ ਖੁਰਾਕਾਂ ਨੂੰ ਗਰੀਬ ਦੇਸ਼ਾਂ ਵਿੱਚ ਵੰਡਿਆ ਵੀ ਜਾਵੇਗਾ।

## ਕਮਲਾ ਹੈਰਿਸ ਦੇ ਮੁਤਾਬਕ ਦੱਖਣੀ ਚੀਨੀ ਸਾਗਰ ਵਿੱਚ ਚੀਨ ਜਬਰੀ ਦਾਅਵੇ ਕਰਦੈ

ਸਿੰਗਾਪੁਰ, 26 ਅਗਸਤ (ਪੋਸਟ ਬਿਊਰੋ)- ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੀਨ ਉੱਤੇ ਇਹ ਦੋਸ਼ ਲਾਇਆ ਹੈ ਕਿ ਉਹ ਦੱਖਣੀ ਚੀਨੀ ਸਾਗਰ ਦੇ ਵੱਡੇ ਖੇਤਰ ਵਿੱਚ ਜ਼ਬਰਦਸਤੀ ਦਬਦਬਾ ਕਾਇਮ ਕਰਨ, ਡਰਾਉਣ ਅਤੇ ਦਾਅਵੇ ਕਰਨ ਦਾ ਕੰਮ ਕਰ ਰਿਹਾ ਹੈ। ਉਸ ਦੀਆਂ ਕਾਰਵਾਈਆਂ ਨਿਯਮ ਆਧਾਰਤ ਪ੍ਰਬੰਧਾਂ ਨੂੰ ਖੋਖਲਾ ਅਤੇ ਦੇਸ਼ਾਂ ਦੀ ਪ੍ਰਭੂਸੱਤਾ



ਲਈ ਖਤਰਾ ਪੈਦਾ ਕਰ ਰਹੀਆਂ ਹਨ।

ਕਮਲਾ ਹੈਰਿਸ ਨੇ ਕਿਹਾ ਕਿ ਇਨ੍ਹਾਂ ਖਤਰਿਆਂ ਦੇ ਮੌਕੇ ਅਮਰੀਕਾ ਆਪਣੇ ਸਾਥੀ ਦੇਸ਼ਾਂ ਨਾਲ ਖੜ੍ਹਾ ਹੈ। ਸਿੰਗਾਪੁਰ ਵਿੱਚ ਆਪਣੇ ਤਿੰਨ ਦਿਨਾਂ ਦੌਰੇ ਦੌਰਾਨ ਵਿਦੇਸ਼ ਨੀਤੀ ਬਾਰੇ ਆਪਣੇ ਅਹਿਮ ਭਾਸ਼ਣ ਵਿੱਚ ਹੈਰਿਸ ਨੇ ਕਿਹਾ ਕਿ ਅਮਰੀਕਾ ਦੇ ਨਜ਼ਰੀਏ ਵਿੱਚ ਮੁਕਤ ਜਹਾਜ਼ਰਾਨੀ ਦਾ ਪ੍ਰਬੰਧ ਸ਼ਾਮਲ ਹੈ, ਜੋ ਸਭ ਲਈ ਅਹਿਮ ਹੈ। ਉਸ ਨੇ ਕਿਹਾ, ''ਲੱਖਾਂ ਲੋਕਾਂ ਦੀ ਆਮਦਨ ਇਨ੍ਹਾਂ ਸਮੁੰਦਰੀ ਮਾਰਗਾਂ ਰਾਹੀਂ ਰੋਜ਼ ਹੋਣ ਵਾਲੇ ਵਪਾਰ ਉਤੇ ਟਿਕੀ ਹੈ।


## ਸਾਇੰਟਿਸਟਾਂ ਮੁਤਾਬਕ ਕੋਰੋਨਾ ਵਾਇਰਸ ਦਾ ਲੈਬ ਤੋਂ ਲੀਕ ਹੋਣ ਵਾਲਾ ਸ਼ੱਕ ਬਹੁਤ ਘੱਟ

ਵਾਸ਼ਿੰਗਟਨ, 26 ਅਗਸਤ (ਪੋਸਟ ਬਿਊਰੋ)- ਵਿਸ਼ਵ ਪੱਧਰੀ ਵਿਗਿਆਨੀਆਂ ਦੀ ਇੱਕ ਟੀਮ ਦਾ ਕਹਿਣਾ ਹੈ ਕਿ ਇਸ ਗੱਲ ਦਾ ਬਹੁਤ ਘੱਟ ਸ਼ੱਕ ਹੈ ਕਿ ਕੋਰੋਨਾ ਵਾਇਰਸ ਚੀਨ ਦੀ ਵੂਹਾਨ ਲੈਬ ਵਿੱਚੋਂ, ਪਸ਼ੂਆਂ ਦੇ ਇੱਕ ਬਾਜ਼ਾਰ ਵਿੱਚੋਂ ਜਾਂ ਕਿਸੇ ਇਨਫੈਕਟਿਡ ਜਾਨਵਰ ਦੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਨਾਲ ਫੈਲਿਆ ਸੀ।

ਸੇਲ ਨਾਂਅ ਦੀ ਮੈਗਜ਼ੀਨ ਵਿੱਚ ਛਪੇ ਇੱਕ ਲੇਖ ਵਿੱਚ ਦੁਨੀਆ ਦੇ 21 ਵਿਗਿਆਨੀਆਂ ਨੇ ਮਹਾਮਾਰੀ ਦੀ ਸ਼ੁਰੂਆਤ ਦੇ ਕਾਰਨ ਬਾਰੇ ਸਬੂਤ ਪੇਸ਼ ਕੀਤੇ। ਲੇਖ ਦੇ ਇੱਕ ਲੇਖਕ ਅਤੇ ਯੂਟਾ ਹੈਲਥ ਯੂਨੀਵਰਸਿਟੀ, ਅਮਰੀਕਾ ਵਿੱਚ ਵਿਗਿਆਨਕ



ਸਟੀਫਨ ਗੋਲਡਸਟੀਨ ਨੇ ਕਿਹਾ ਕਿ ਮਹਾਮਾਰੀ ਦੇ ਮੁੱਢ ਬਾਰੇ ਚਰਚਾ ਦਾ ਸਿਆਸੀਕਰਣ ਹੋ ਗਿਆ ਹੈ ਤੇ ਉਨ੍ਹਾਂ ਨੂੰ ਲੱਗਾ ਹੈ ਕਿ ਸਾਰੇ ਉਪਲਬਧ ਸਬੂਤਾਂ ਉਤੇ ਨਜ਼ਰ ਮਾਰਨ ਦਾ ਇਹ ਸਹੀ ਸਮਾਂ ਹੈ। ਗੋਲਡਸਟੀਨ ਨੇ ਕਿਹਾ ਕਿ ਭਵਿੱਖ ਵਿੱਚ ਮਹਾਮਾਰੀਆਂ ਰੋਕਣ ਲਈ ਸਿਆਸੀ ਇੱਛਾਸ਼ਕਤੀ ਦੀ ਜ਼ਰੂਰਤ ਹੈ ਤਾਂ ਕਿ ਉਨ੍ਹਾਂ ਰਸਤਿਆਂ ਨੂੰ ਬੰਦ ਕੀਤਾ ਜਾ ਸਕੇ, ਜਿਨ੍ਹਾਂ ਤੋਂ ਇਹ ਵਾਇਰਸ ਮਨੁੱਖਾਂ ਵਿੱਚ ਦਾਖਲ ਹੁੰਦੇ ਹਨ। ਗਲਤ ਦਿਸ਼ਾ ਵਿੱਚ ਧਿਆਨ ਕੇਂਦਰਿਤ ਕਰਨ ਨਾਲ ਯਤਨ ਪੂਰੇ ਨਹੀਂ ਹੋ ਸਕਣਗੇ।ਲੇਖ ਦੇ ਲੇਖਕਾਂ ਨੇ ਕਿਹਾ ਕਿ ਦਸੰਬਰ 2019 ਵਿੱਚ ਕੋਵਿਡ-19 ਕੇਸਾਂ ਦੀ ਪਹਿਲੀ ਲਹਿਰ ਦੇ ਭੂਗੋਲਿਕ ਸਥਾਨਾਂ ਨੂੰ ਦਰਸਾਉਣ ਵਾਲੇ ਨਕਸ਼ੇ ਦਸਦੇ ਹਨ ਕਿ ਉਹ ਸ਼ੁਰੂ ਵਿੱਚ ਵੂਹਾਨ ਵਿੱਚ ਹੁਨਾਨ ਦੇ 'ਸੀਫੂਡ ਹੋਲਸੇਲ ਮਾਰਕੀਟ' ਤੋਂ ਉਭਰੇ। ਇਸ ਦੇ ਬਾਅਦ ਦੂਸਰੇ ਪਸ਼ੂ ਬਾਜ਼ਾਰਾਂ ਤੋਂ ਵੀ ਇਹੀ ਸੂਚਨਾ ਮਿਲੀ। ਉਨ੍ਹਾਂ ਨੇ ਕਿਹਾ ਕਿ ਬਾਅਦ ਦੇ ਹਫਤਿਆਂ ਵਿੱਚ, ਦੂਸਰੇ ਸਥਾਨਾਂ ਤੋਂ ਵੀ ਕੇਸ ਸਾਹਮਣੇ ਆਉਣ ਲੱਗੇ। ਲੇਖ ਵਿੱਚ ਕਿਹਾ ਗਿਆ ਹੈ ਕਿ ਸ਼ੁਰੂ ਦੇ ਦੌਰ ਵਿੱਚ ਜ਼ਿਆਦਾ ਮੌਤਾਂ ਪਸ਼ੂ ਬਾਜ਼ਾਰਾਂ ਦੇ ਆਸ-ਪਾਸ ਹੀ ਵਧੇਰੇ ਸਨ।





## ਇਮਰਾਨ ਖ਼ਾਨ ਦੇ ਸਾਥੀ ਨੇਤਾ ਦਾ ਦਾਅਵਾ, ਤਾਲਿਬਾਨ ਕਸ਼ਮੀਰ ਜਿੱਤ ਕੇ ਪਾਕਿਸਤਾਨ ਨੂੰ ਦੇ ਦੇਣਗੇ

ਇਸਲਾਮਾਬਾਦ, 26 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਉਤੇ ਤਾਲਿਬਾਨ ਦੇ ਕਬਜ਼ੇ ਪਿੱਛੋਂ ਪਾਕਿਸਤਾਨ ਇਸ ਸੰਗਠਨ ਦਾ ਖੁੱਲ੍ਹ ਕੇ ਸਮਰਥਨ ਕਰ ਰਿਹਾ ਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ਼ ਜਸ਼ਨ ਮਨਾ ਰਹੀ ਹੈ। ਇਸ ਦੌਰਾਨ ਇਸ ਪਾਰਟੀ (ਪੀ ਟੀ ਆਈ) ਦੀ ਇੱਕ ਆਗੂ ਨੇ ਕਸ਼ਮੀਰ ਮੁੱਦੇ ਬਾਰੇ ਸਨਸਨੀਖੇਜ਼ ਦਾਅਵਾ ਕੀਤਾ ਹੈ। ਨੀਲਮ ਇਰਸ਼ਾਦ ਸ਼ੇਖ ਨਾਂਅ ਦੀ ਪਾਰਲੀਮੈਂਟ ਮੈਂਬਰ ਬੀਬੀ ਨੇ ਕਿਹਾ ਕਿ ਤਾਲਿਬਾਨ ਪਾਕਿਸਤਾਨ ਦੇ ਨਾਲ ਹਨ ਅਤੇ ਉਹ ਆਉਣਗੇ ਅਤੇ ਕਸ਼ਮੀਰ ਨੂੰ ਜਿੱਤ ਕੇ ਪਾਕਿਸਤਾਨ ਨੂੰ ਦੇ ਦੇਣਗੇ।

ਬੀਬੀ ਨੀਲਮ ਇਰਸ਼ਾਦ ਸ਼ੇਖ ਨੇ ਪਾਕਿਸਤਾਨ ਦੇ 'ਬੋਲ ਟੀਵੀ'



ਉੱਤੇ ਬਹਿਸ ਦੌਰਾਨ ਇਹ ਵਿਵਾਦਤ ਬਿਆਨ ਦਿੱਤਾ ਹੈ। ਇਹ ਲੰਮੇ ਸਮੇਂ ਤੋਂ ਮੰਨਿਆ ਜਾ ਰਿਹਾ ਹੈ ਕਿ ਤਾਲਿਬਾਨ ਦੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਨਾਲ ਨੇੜਲੇ ਸਬੰਧ ਹਨ। ਨੀਲਮ ਨੇ ਕਿਹਾ, 'ਇਮਰਾਨ ਸਰਕਾਰ ਬਣਨ ਤੋਂ ਬਾਅਦ ਪਾਕਿਸਤਾਨ ਦਾ ਮਾਣ ਵਧ ਗਿਆ ਹੈ। ਤਾਲਿਬਾਨੀ ਕਹਿੰਦੇ ਹਨ ਕਿ ਅਸੀਂ ਤੁਹਾਡੇ ਨਾਲ ਹਾਂ ਅਤੇ ਇੰਸ਼ਾ ਅੱਲ੍ਹਾ ਉਹ ਸਾਨੂੰ ਕਸ਼ਮੀਰ ਜਿੱਤ ਕੇ ਦੇਣਗੇ।ਨੀਲਮ ਨੇ ਕਿਹਾ, 'ਭਾਰਤ ਨੇ ਸਾਨੂੰ ਟੁੱਕੜਿਆਂ ਵਿੱਚ ਵੰਡ ਦਿੱਤਾ ਹੈ ਅਤੇ ਅਸੀਂ ਦੁਬਾਰਾ ਜੁੜ ਜਾਵਾਂਗੇ। ਸਾਡੀ ਫ਼ੌਜ ਕੋਲ ਸ਼ਕਤੀ ਹੈ, ਸਰਕਾਰ ਕੋਲ ਸ਼ਕਤੀ ਹੈ। ਤਾਲਿਬਾਨੀ ਸਾਡੀ ਹਮਾਇਤ ਕਰਦੇ ਹਨ, ਕਿਉਂਕਿ ਪਾਕਿਸਤਾਨ ਨੇ ਉਨ੍ਹਾਂ ਦਾ ਸਮਰਥਨ ਕੀਤਾ ਸੀ ਜਦੋਂ ਉਨ੍ਹਾਂ ਦੇ ਵਿਰੁੱਧ ਅੱਤਿਆਚਾਰ ਹੋਏ ਸਨ। ਉਹ ਸਾਡਾ ਸਾਥ ਦੇਣਗੇ।'

## ਤਿੰਨ ਬ੍ਰਿਟਿਸ਼ ਸਿੱਖਾਂ ਦੀ ਭਾਰਤ ਹਵਾਲਗੀ ਰੋਕਣ ਦੀ ਦਸਖਤੀ ਮੁਹਿੰਮ ਸ਼ੁਰੂ

ਲੰਡਨ, 26 ਅਗਸਤ (ਪੋਸਟ ਬਿਊਰੋ)- ਪਿਛਲੇ ਸਾਲ ਦਸੰਬਰ ਵਿੱਚ ਤਿੰਨ ਸਿੱਖਾਂ ਨੂੰ ਬ੍ਰਿਟਿਸ਼ ਪੁਲਸ ਵੱਲੋਂ ਮਿਡਲੈਂਡਜ਼ ਵਿਖੇ ਉਨ੍ਹਾਂ ਦੇ ਘਰਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਗ੍ਰਿਫ਼ਤਾਰੀਆਂ ਉਨ੍ਹਾਂ ਨੂੰ ਭਾਰਤ ਹਵਾਲੇ ਕਰਨ ਲਈ ਕੀਤੀਆਂ ਗਈਆਂ ਸਨ। ਉਨ੍ਹਾਂ ਦੀ ਭਾਰਤ ਹਵਾਲਗੀ ਰੋਕਣ ਲਈ ਯੂ ਕੇ ਦੇ 50 ਤੋਂ ਵੱਧ ਗੁਰਦੁਆਰਿਆਂ ਵਿੱਚ ਦਸਤਖ਼ਤੀ ਮੁਹਿੰਮ ਸ਼ੁਰੂ ਕੀਤੀ ਹੈ ਤੇ ਇਸੇ ਬਾਰੇ ਚਾਰ ਸਤੰਬਰ ਨੂੰ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਪੰਥਕ ਇਕੱਠ ਕੀਤਾ ਜਾ ਰਿਹਾ ਹੈ। ਯੂ ਕੇ ਦੇ ਸਿੱਖਾਂ ਵੱਲੋਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਹਵਾਲਗੀਆਂ ਦਾ ਯਤਨ ਯੂ ਕੇ ਦੇ ਵਿਦੇਸ਼ ਮੰਤਰੀ ਨੇ ਭਾਰਤੀ ਪ੍ਰਧਾਨ ਮੰਤਰੀ ਨਾਲ ਆਪਣੀ ਮੁਲਾਕਾਤ ਤੋਂ ਬਾਅਦ ਅਮਲ ਵਿੱਚ ਲਿਆਂਦਾ ਹੈ।

ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਜਨਰਲ ਸੈਕਟਰੀ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਸਿੱਖ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ ਅਮਰੀਕ ਸਿੰਘ ਗਿੱਲ, ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਗਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਇਹ ਕੇਸ ਰਾਜਨੀਤੀ ਤੋਂ ਪ੍ਰੇਰਿਤ ਹੈ ਤੇ ਹਵਾਲਗੀ ਦੀ ਕੋਸ਼ਿਸ਼ ਕਰਨ ਵਾਲੇ ਦੇਸ਼ ਭਾਰਤ ਵਿੱਚ ਮੌਤ ਦੀ ਸਜ਼ਾ ਕਾਇਮ ਹੈ, ਜਿਥੇ ਤਸ਼ੱਦਦ ਤੇ ਦੁਰਵਿਹਾਰ ਦੇ ਖ਼ਤਰੇ ਤੋਂ ਇਲਾਵਾ ਸਬੰਧਤ ਵਿਅਕਤੀਆਂ ਖ਼ਿਲਾਫ਼ ਪੱਖਪਾਤੀ ਕਾਰਵਾਈ ਦਾ ਡਰ ਹੈ। ਉਕਤ ਤਿੰਨ ਸਿੱਖਾਂ ਦੀ ਉਮਰ 37 ਸਾਲ ਤੋਂ 43 ਸਾਲ ਦੇ ਵਿਚਕਾਰ ਹੈ।

## ਭਾਰਤੀ ਲੋਕ ਔਸਤਨ ਘਰੇਲੂ ਕਮਾਈ ਨਾਲ ਅਮਰੀਕਾ ਵਿੱਚ ਸਭ ਤੋਂ ਅਮੀਰ

ਵਾਸ਼ਿੰਗਟਨ, 26 ਅਗਸਤ (ਪੋਸਟ ਬਿਊਰੋ)- ਇੱਕ ਮੀਡੀਆ ਰਿਪੋਰਟ ਨੇ ਤਾਜ਼ਾ ਅੰਕੜਿਆਂ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਅਮਰੀਕਾ ਵਿੱਚ ਭਾਰਤੀ ਲੋਕ 123,700 ਡਾਲਰ (ਕਰੀਬ 92 ਲੱਖ ਰੁਪਏ) ਦੀ ਔਸਤ ਘਰੇਲੂ ਕਮਾਈ ਅਤੇ 79 ਫ਼ੀਸਦੀ ਕਾਲਜ ਗ੍ਰੈਜੂਏਟਾਂ ਨਾਲ ਸਮੁੱਚੀ ਅਮਰੀਕੀ ਆਬਾਦੀ ਨੂੰ ਦੌਲਤ ਤੇ ਕਾਲਜ ਸਿੱਖਿਆ ਦੇ ਮਾਮਲੇ ਵਿੱਚ ਪਛਾੜ ਗਏ ਹਨ। ਇਸ ਤੋਂ ਉਨ੍ਹਾਂ ਦੇ ਮਿਹਨਤੀ ਹੋਣ ਦਾ ਵੀ ਪਤਾ ਲੱਗਦਾ ਹੈ।

ਨਿਊਯਾਰਕ ਟਾਈਮਜ਼ ਵੱਲੋਂ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਅਨੁਸਾਰ ਆਮ ਅਮਰੀਕੀ ਦੀ ਔਸਤ ਘਰੇਲੂ ਕਮਾਈ ਭਾਰਤੀਆਂ ਤੋਂ ਲੱਗਭਗ ਅੱਧੀ 63,922 ਡਾਲਰ ਹੈ ਅਤੇ ਕਾਲਜ ਗ੍ਰੈਜੂਏਟ ਅੱਧੇ ਤੋਂ ਘੱਟ 34 ਫ਼ੀਸਦੀ ਹਨ। ਭਾਰਤੀ ਸਾਂਝੇ ਪਰਵਾਰ ਕਮਾਈ ਦੀਆਂ ਵਰਗ ਵਿੱਚ ਅਮਰੀਕਾ ਦੇ ਹਰ ਏਸ਼ੀਆਈ ਗਰੁੱਪ ਤੋਂ ਵੀ ਅੱਗੇ ਹਨ, ਜਿਨ੍ਹਾਂ ਵਿੱਚ ਤਾਈਵਾਨੀ (97,129 ਡਾਲਰ) ਅਤੇ ਫਿਲਪੀਨੀ (95,000 ਡਾਲਰ) ਕਮਾਈ ਨਾਲ ਦੂਜੇ ਅਤੇ ਤੀਜੇ ਸਥਾਨ ਉੱਤੇ ਹਨ। ਕੌਮੀ ਪੱਧਰ ਉੱਤੇ 33 ਫ਼ੀਸਦੀ ਦੇ ਮੁਕਾਬਲੇ ਸਿਰਫ਼ 14 ਫ਼ੀਸਦੀ ਭਾਰਤੀਆਂ ਦੀ 40 ਹਜ਼ਾਰ ਡਾਲਰ ਤੋਂ ਘੱਟ ਘਰੇਲੂ ਆਮਦਨੀ ਦਰਜ ਹੋਈ ਹੈ। ਅਮਰੀਕਾ ਵਿੱਚ ਏਸ਼ੀਅਨ ਲੋਕਾਂ ਦੀ ਗਿਣਤੀ ਪਿਛਲੇ ਤਿੰਨ ਦਹਾਕਿਆਂ ਵਿੱਚ ਲੱਗਭਗ ਤਿੰਨ ਗੁਣਾਂ ਹੋ ਗਈ ਹੈ ਅਤੇ ਉਹ ਦੇਸ਼ ਦੇ ਚਾਰ ਸਭ ਤੋਂ ਵੱਡੇ ਨਸਲੀ ਗਰੁੱਪਾਂ ਵਿੱਚ ਤੇਜ਼ੀ ਨਾਲ ਵੱਧ ਰਹੇ ਹਨ। ਇਸ ਵੇਲੇ ਅਮਰੀਕਾ ਵਿੱਚ 40 ਲੱਖ ਭਾਰਤੀ ਰਹਿ ਰਹੇ ਹਨ, ਜਿਨ੍ਹਾਂ ਵਿੱਚ 16 ਲੱਖ ਵੀਜ਼ਾ ਹੋਲਡਰ, 14 ਲੱਖ ਕੁਦਰਤੀ ਨਿਵਾਸੀ ਤੇ 10 ਲੱਖ ਅਮਰੀਕੀ ਮੂਲ ਦੇ ਵਸਨੀਕ ਹਨ।

# ਜ਼ਿੰਨਾ ਚਿਰ ਸੁਰੱਖਿਅਤ ਹੋਵੇਗਾ ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਾਂਗੇ : ਸੱਜਣ

ਓਟਵਾ, 26 ਅਗਸਤ (ਪੋਸਟ ਬਿਊਰੋ) : ਰੱਖਿਆ ਮੰਤਰੀ ਹਰਜੀਤ ਸੱਜਣ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਕੈਨੇਡਾ ਅਫਗਾਨਿਸਤਾਨ ਤੋਂ ਲੋਕਾਂ ਨੂੰ ਬਾਹਰ ਕੱਢਣ ਲਈ ਕੋਸ਼ਿਸ਼ਾਂ ਓਨੀ ਦੇਰ ਹੀ ਜਾਰੀ ਰੱਖੇਗਾ ਜਿੰਨਾਂ ਚਿਰ ਅਜਿਹਾ ਕਰਨਾ ਸੁਰੱਖਿਅਤ ਹੋਵੇਗਾ।

ਜ਼ਿਕਰਯੋਗ ਹੈ ਕਿ ਕੈਨੇਡਾ ਅਫਗਾਨਿਸਤਾਨ ਤੋਂ 1100 ਤੋਂ ਵੀ ਵੱਧ ਲੋਕਾਂ ਨੂੰ ਬਾਹਰ ਕੱਢ ਚੁੱਕਿਆ ਹੈ, ਇਨ੍ਹਾਂ ਵਿੱਚ ਕੈਨੇਡੀਅਨ ਨਾਗਰਿਕ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਲ ਨਾਲ ਅਫਗਾਨੀ ਨਾਗਰਿਕ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਅਫਗਾਨੀ ਨਾਗਰਿਕਾਂ ਨੂੰ ਓਟਵਾ ਵੱਲੋਂ ਆਪਣੀ ਮਦਦ ਬਦਲੇ ਕੈਨੇਡਾ ਵਿੱਚ ਮੁੜ ਵਸਾਉਣ ਦਾ ਵਾਅਦਾ ਕੀਤਾ ਗਿਆ ਸੀ। ਸੱਜਣ ਨੇ ਆਖਿਆ ਕਿ ਕਾਬੁਲ ਵਿੱਚ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ ਪਰ ਕੈਨੇਡੀਅਨ ਕਰਮਚਾਰੀ ਵੀ ਜੋ ਕੁੱਝ ਉਨ੍ਹਾਂ ਦੇ ਵੱਸ ਵਿੱਚ ਹੈ ਉਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਆਖਿਆ ਕਿ ਸਾਡੀਆਂ ਫੌਜੀ ਟੁਕੜੀਆਂ ਨੂੰ ਕਾਬੁਲ ਦੇ ਏਅਰਪੋਰਟ



ਦੁਆਲੇ ਬਣੀ ਹਿੰਸਕ ਤੇ ਭੀੜ ਭਾੜ ਵਾਲੀ ਸਥਿਤੀ ਕਾਰਨ ਕਾਫੀ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਸੱਜਣ ਨਾਲ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ, ਵਿਦੇਸ਼ ਮੰਤਰੀ ਮਾਰਕ ਗਾਰਨਿਊ, ਵੂਮਨ ਤੇ ਜੈਂਡਰ ਇਕੁਆਲਿਟੀ ਮੰਤਰੀ ਮਰੀਅਮ ਮੁਨਸਫ ਵੀ ਹਾਜ਼ਰ ਸਨ। ਗਾਰਨਿਊ ਨੇ ਆਖਿਆ ਕਿ ਕਾਬੁਲ ਤੋਂ ਬਾਹਰ ਆ ਰਹੀਆਂ ਖਬਰਾਂ ਕਾਫੀ ਹੌਲਨਾਕ ਹਨ। ਲੋਕ ਡਰੇ ਹੋਏ ਹਨ। ਉਨ੍ਹਾਂ ਦੀਆਂ ਜ਼ਿੰਦਗੀਆਂ ਦਾਅ ਉੱਤੇ ਲੱਗੀਆਂ ਹੋਈਆਂ ਹਨ ਤੇ ਉਹ ਉੱਥੋਂ ਨਿਕਲਣ ਲਈ ਹਰ ਹੀਲਾ ਵਸੀਲਾ ਵਰਤ ਰਹੇ ਹਨ।

ਮੈਂਡੀਸਿਨੋ ਨੇ ਆਖਿਆ ਕਿ ਕੈਨੇਡੀਅਨ ਫੌਜੀ ਟੁਕੜੀਆਂ ਨੂੰ ਹਾਲਾਤ ਮੁਤਾਬਕ ਕਿਸੇ ਵੀ ਤਰ੍ਹਾਂ ਦਾ ਫੈਸਲਾ ਲੈਣ ਦੀ ਪੂਰੀ ਖੁੱਲ੍ਹ ਹੈ। ਅਸੀਂ ਫਿਰ ਵੀ ਫੂਕ ਫੂਕ ਕੇ ਪੈਰ ਰੱਖ ਰਹੇ ਹਾਂ। ਪਾਰਲੀਆਮੈਂਟ ਵਿੱਚ ਚੁਣੀ ਗਈ ਅਫਗਾਨੀ ਮੂਲ ਦੀ ਪਹਿਲੀ ਕੈਨੇਡੀਅਨ ਮਰੀਅਮ ਮੁਨਸਫ ਨੇ ਆਖਿਆ ਕਿ ਕਾਬੁਲ ਵਿਚਲੇ ਇਸ ਘੜਮੱਸ ਨੇ ਪੁਰਾਣੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਉਨ੍ਹਾਂ ਆਖਿਆ ਕਿ ਉਹ ਆਪਣੇ ਕੈਨੇਡਾ ਵਿਚਲੇ ਸਹਿਯੋਗੀਆਂ ਦੀ ਮਦਦ ਨਾਲ ਇੱਥੇ ਤੇ ਦੁਨੀਆ ਭਰ ਵਿੱਚ ਅਫਗਾਨੀ ਮਹਿਲਾਵਾਂ, ਲੜਕੀਆਂ ਤੇ ਘੱਟ ਗਿਣਤੀਆਂ ਦੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਆਖਿਆ ਕਿ ਇਹ ਤਾਲਿਬਾਨ ਵੀ 20 ਸਾਲ ਪੁਰਾਣੇ ਤਾਲਿਬਾਨ ਵਰਗਾ ਹੀ ਹੈ। ਇਸ ਲਈ ਜਲਦ ਤੋਂ ਜਲਦ ਲੋਕਾਂ ਨੂੰ ਉੱਥੋਂ ਸੁਰੱਖਿਅਤ ਕੱਢਣਾ ਬੇਹੱਦ ਜ਼ਰੂਰੀ ਹੈ।

# ਓਟੂਲ ਦੀ ਮਕਬੂਲੀਅਤ ਵਧਣ ਨਾਲ ਕੰਜ਼ਰਵੇਟਿਵਾਂ ਦਾ ਪੱਲੜਾ ਭਾਰੀ : ਨੈਨੋਜ਼ ਸਰਵੇਅ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਇਸ ਸਮੇਂ ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਕਾਂਟੇ ਦੀ ਟੱਕਰ ਚੱਲ ਰਹੀ ਹੈ। ਨੈਨੋਜ਼ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦਾ ਪੱਲੜਾ ਇਸ ਸਮੇਂ ਭਾਰੀ ਨਜ਼ਰ ਆ ਰਿਹਾ ਹੈ।

ਜੇ ਇਸ ਸਮੇਂ ਚੋਣਾਂ ਹੁੰਦੀਆਂ ਹਨ ਤਾਂ ਲਿਬਰਲਾਂ ਨੂੰ 32.5 ਫੀ ਸਦੀ ਸਮਰਥਕਾਂ ਕੋਲੋਂ ਵੋਟਾਂ ਹਾਸਲ ਹੋਣਗੀਆਂ ਜਦਕਿ ਕੰਜ਼ਰਵੇਟਿਵਾਂ ਨੂੰ 31.4 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੋਵੇਗਾ। ਦੋਵਾਂ ਪਾਰਟੀਆਂ ਵਿੱਚ 1.1 ਫੀ ਸਦੀ ਦਾ ਫਰਕ ਰਹਿ ਗਿਆ ਹੈ। ਨੈਨੋਜ਼ ਰਿਸਰਚ ਦੇ ਬਾਨੀ ਤੇ ਚੀਫ ਡਾਟਾ ਸਾਇੰਟਿਸਟ ਨਿੱਕ ਨੈਨੋਜ਼ ਨੇ ਆਖਿਆ ਕਿ ਜੇ ਤੁਸੀਂ ਲਿਬਰਲਾਂ ਦੇ ਸਮਰਥਕ ਹੋਂ ਤਾਂ ਤੁਹਾਨੂੰ ਇਹ ਜਾਣ ਕੇ



ਕਾਫੀ ਨਿਰਾਸ਼ਾ ਹੋਵੇਗੀ ਕਿ ਲਿਬਰਲ ਬਹੁਗਿਣਤੀ ਤੋਂ ਪਹਿਲਾਂ ਘੱਟ ਗਿਣਤੀ ਤੇ ਹੁਣ ਆਪਣਾ ਅਕਸ ਬਚਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਇਸ ਸਮੇਂ ਬਹੁਤ ਹੀ ਫਸਵਾਂ ਮੁਕਾਬਲਾ ਚੱਲ ਰਿਹਾ ਹੈ।

15 ਅਗਸਤ ਨੂੰ ਸ਼ੁਰੂ ਹੋਈ ਕੈਂਪੇਨ ਦੇ ਸ਼ੁਰੂਆਤੀ ਦਿਨਾਂ ਵਿੱਚ ਕੰਜ਼ਰਵੇਟਿਵਾਂ ਦਾ ਪੱਲੜਾ ਸਾਫ ਤਰ ਉੱਤੇ ਭਾਰੀ ਨਜ਼ਰ ਆ ਰਿਹਾ ਹੈ। 12 ਅਗਸਤ ਨੂੰ ਕਰਵਾਏ ਗਏ ਸਰਵੇਖਣ ਵਿੱਚ ਲਿਬਰਲਾਂ ਨੂੰ ਮਿਲਣ ਵਾਲਾ ਸਮਰਥਨ 33.4 ਫੀ ਸਦੀ ਸੀ ਤੇ ਉਸ ਸਮੇਂ ਕੰਜ਼ਰਵੇਟਿਵ 28.4 ਨਾਲ ਪਿੱਛੇ ਚੱਲ ਰਹੇ ਸਨ। ਪਰ ਪ੍ਰਧਾਨ ਮੰਤਰੀ ਵਜੋਂ ਪਸੰਦੀਦਾ ਉਮੀਦਵਾਰ ਸਬੰਧੀ ਲੋਕਾਂ ਦੀ ਪੁੱਛੀ ਗਈ ਰਾਇ ਵਿੱਚ ਓਟੂਲ ਦੇ ਸਮਰਥਨ ਵਿੱਚ 17.7 ਫੀ ਸਦੀ ਦੇ ਮੁਕਾਬਲੇ ਤਾਜ਼ਾ ਸਰਵੇਖਣ ਵਿੱਚ 24.0 ਫੀ ਸਦੀ ਵਾਧਾ ਦਰਜ ਕੀਤਾ ਗਿਆ। ਨੈਨੋਜ਼ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਸੰਦੀਦਾ ਪ੍ਰਧਾਨ ਮੰਤਰੀ ਵਜੋਂ ਓਟੂਲ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਹੁਤੇ ਸਮਰਥਕ ਉਹ ਹਨ ਜਿਹੜੇ ਕੋਈ ਫੈਸਲਾ ਨਹੀਂ ਕਰ ਪਾ ਰਹੇ।

ਇਸ ਸਰਵੇਖਣ ਅਨੁਸਾਰ 20 ਸਤੰਬਰ ਤੋਂ ਪਹਿਲਾਂ ਬਹੁਗਿਣਤੀ ਸਰਕਾਰ ਬਣਾਉਣ ਦਾ ਲਿਬਰਲਾਂ ਦਾ ਸੁਪਨਾ ਧੁੰਦਲਾ ਪੈਂਦਾ ਨਜ਼ਰ ਆ ਰਿਹਾ ਹੈ ਤੇ ਹੁਣ ਵੋਟਾਂ ਪੈਣ ਵਿੱਚ ਵੀ ਕੋਈ ਬਹੁਤੀ ਦੇਰ ਨਹੀਂ ਰਹਿ ਗਈ ਹੈ। ਇਸ ਤੋਂ ਇਲਾਵਾ ਇਸ ਸਰਵੇਖਣ ਵਿੱਚ ਪਾਇਆ ਗਿਆ ਕਿ ਐਨ ਡੀ ਪੀ ਨੂੰ 20.8 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ, ਗ੍ਰੀਨ ਪਾਰਟੀ ਨੂੰ ਮਿਲਣ ਵਾਲਾ ਸਮਰਥਨ 7.9 ਫੀ ਸਦੀ ਤੋਂ ਘੱਟ ਕੇ 5.1 ਫੀ ਸਦੀ ਰਹਿ ਗਿਆ ਹੈ। ਬਲਾਕ ਕਿਊਬਿਕੁਆ ਨੂੰ ਮਿਲਣ ਵਾਲੇ 6.1 ਫੀ ਸਦੀ ਸਮਰਥਨ ਵਿੱਚ ਮਾਮੂਲੀ ਵਾਧਾ ਹੋਇਆ ਹੈ ਤੇ ਇਹ 6.3 ਫੀ ਸਦੀ ਹੋ ਗਿਆ ਹੈ ਜਦਕਿ ਪੀਪਲਜ਼ ਪਾਰਟੀ ਨੂੰ 1.9 ਫੀ ਸਦੀ ਦੀ ਥਾਂ ਹੁਣ 3.3 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

ਪਸੰਦੀਦਾ ਆਗੂ ਦੇ ਮੁਕਾਬਲੇ ਵਿੱਚ ਐਨ ਡੀ ਪੀ ਆਗੂ ਜਗਮੀਤ ਸਿੰਘ ਦੀ ਦਮਦਾਰ ਕਾਰਗੁਜ਼ਾਰੀ ਵੇਖਣ ਨੂੰ ਮਿਲ ਰਹੀ ਹੈ, ਚੰਦ ਦਿਨਾਂ ਵਿੱਚ ਹੀ ਉਨ੍ਹਾਂ ਨੂੰ ਪਸੰਦ ਕਰਨ ਵਾਲਿਆਂ ਦਾ ਗ੍ਰਾਫ 16.9 ਫੀ ਸਦੀ ਤੋਂ ਵੱਧ ਕੇ 19.4 ਫੀ ਸਦੀ ਤੱਕ ਅੱਪੜ ਗਿਆ ਹੈ। ਨਿੱਕ ਨੈਨੋਜ਼ ਨੇ ਆਖਿਆ ਕਿ ਜਗਮੀਤ ਸਿੰਘ ਇਨ੍ਹਾਂ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਉਹ ਇਸ ਮੁਕਾਬਲੇ ਨੂੰ ਤਿਕੋਣਾ ਮੁਕਾਬਲਾ ਬਣਾਉਣ ਦਾ ਵੀ ਦਮ ਰੱਖਦੇ ਨਜ਼ਰ ਆ ਰਹੇ ਹਨ।

# ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਅਮਰੀਕਾ ਨੇ ਦਿੱਤੀ ਪੂਰੀ ਮਾਨਤਾ

ਵੈਨਕੂਵਰ, 26 ਅਗਸਤ (ਪੋਸਟ ਬਿਊਰੋ) : ਫਾਈਜ਼ਰ-ਬਾਇਓਐਨਟੈਕ ਦੀ ਕੋਵਿਡ-19 ਵੈਕਸੀਨ ਨੂੰ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਤੋਂ ਪੂਰੀ ਤਰ੍ਹਾਂ ਮਨਜ਼ੂਰੀ ਹਾਸਲ ਹੋ ਗਈ ਹੈ।

ਐਫਡੀਏ ਦੇ ਕਾਰਜਕਾਰੀ ਕਮਿਸ਼ਨਰ ਜੈਨੇਟ ਵੁੱਡਕੌਕ, ਐਮਡੀ ਨੇ ਆਖਿਆ ਕਿ ਇਸ ਵੈਕਸੀਨ ਨੂੰ ਐਫਡੀਏ ਦੀ ਮਨਜ਼ੂਰੀ ਮਿਲਣਾ ਮੀਲ ਦਾ ਪੱਥਰ ਹੈ ਤੇ ਇਸ ਨਾਲ ਸਾਨੂੰ ਕੋਵਿਡ-19 ਖਿਲਾਫ ਸੰਘਰਸ਼ ਜਾਰੀ ਰੱਖਣ ਦਾ ਹੌਸਲਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਇਹ ਵੈਕਸੀਨ ਤੇ ਹੋਰ ਵੈਕਸੀਨਜ਼ ਵੱਲੋਂ ਭਾਂਵੇਂ ਐਫਡੀਏ ਦੀਆਂ ਸਖ਼ਤ, ਸਾਇੰਟਿਫਿਕ ਸ਼ਰਤਾਂ ਤੇ ਮਾਪਦੰਡਾਂ ਨੂੰ ਪੂਰਾ ਕੀਤਾ ਗਿਆ ਹੈ



ਪਰ ਕੋਵਿਡ-19 ਦੀ ਮਨਜ਼ੂਰਸ਼ੁਦਾ ਵੈਕਸੀਨ ਬਣਨ ਨਾਲ ਇਹ ਯਕੀਨੀ ਹੋ ਗਿਆ ਹੈ ਕਿ ਇਹ ਵੈਕਸੀਨ ਸੇਫਟੀ, ਪ੍ਰਭਾਵਸ਼ੀਲਤਾ ਤੇ ਉਤਪਾਦਨ ਦੇ ਸਾਰੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਖਰੀ ਉਤਰੀ ਹੈ।

ਫਾਈਜ਼ਰ ਦੀ ਦਸੰਬਰ ਵਿੱਚ ਐਮਰਜੰਸੀ ਵਰਤੋਂ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਇਸ ਦੀਆਂ 200 ਮਿਲੀਅਨ ਤੋਂ ਵੀ ਵੱਧ ਡੋਜ਼ਾਂ ਅਮਰੀਕਾ ਵਿੱਚ ਪਹਿਲਾਂ ਹੀ ਲਾਈਆਂ ਜਾ ਚੁੱਕੀਆਂ ਹਨ ਤੇ ਇਸ ਤੋਂ ਇਲਾਵਾ ਸੈਂਕੜੇ ਮਿਲੀਅਨ ਡੋਜ਼ਾਂ ਦੁਨੀਆਂ ਭਰ ਵਿੱਚ ਲਾਈਆਂ ਜਾ ਚੁੱਕੀਆਂ ਹਨ। ਪਿਛਲੇ ਸਾਲ ਦਸੰਬਰ ਤੋਂ ਲੈ ਕੇ ਹੁਣ ਤੱਕ ਇਹ ਅਮਰੀਕਾ ਵਿੱਚ 16 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਨੂੰ ਉਪਲਬਧ ਹੈ। ਫਿਰ ਇਸ ਦੀ ਐਮਰਜੰਸੀ ਵਰਤੋਂ ਦੀ ਮਈ ਵਿੱਚ ਖੁੱਲ੍ਹ ਮਿਲ ਗਈ ਤੇ ਇਹ ਵੈਕਸੀਨ 12 ਤੇ 15 ਸਾਲ ਦਰਮਿਆਨ ਦੇ ਬੱਚਿਆਂ ਨੂੰ ਵੀ ਦਿੱਤੀ ਜਾਣ ਲੱਗੀ। ਅਮਰੀਕਾ ਹੁਣ ਅਜਿਹਾ ਪਹਿਲਾ ਮੁਲਕ ਬਣ ਗਿਆ ਹੈ ਜਿਸ ਨੇ ਫਾਈਜ਼ਰ ਨੂੰ ਕੋਵਿਡ-19 ਵੈਕਸੀਨ ਵਜੋਂ ਪੂਰੀ ਤਰ੍ਹਾਂ ਮਾਨਤਾ ਦੇ ਦਿੱਤੀ ਹੈ।

# ਸਕਾਰਬੌਰੋ ਦੀ ਮਸਜਿਦ ਵਿੱਚ ਕੀਤੀ ਗਈ ਤੋੜ-ਭੰਨ੍ਹ ਦੀ ਪੁਲਿਸ ਕਰ ਰਹੀ ਹੈ ਜਾਂਚ

ਟੋਰਾਂਟੋ, 26 ਅਗਸਤ (ਪੋਸਟ ਬਿਊਰੋ) : ਇਸ ਵੀਕੈਂਡ ਉੱਤੇ ਸਕਾਰਬੌਰੋ ਵਿੱਚ ਇੱਕ ਮਸਜਿਦ ਵਿੱਚ ਤੋੜ ਭੰਨ੍ਹ ਕਰਨ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਕਿੰਗਸਟਨ ਰੋਡ ਤੇ ਬ੍ਰਿਮਲੇ ਰੋਡ ਉੱਤੇ ਸਥਿਤ ਬਾਇਤੁਲ ਜਨ੍ਹਾ ਇਸਲਾਮਿਕ ਸੈਂਟਰ ਉੱਤੇ ਸਥਿਤ ਜਦੋਂ ਇਹ ਮਸਜਿਦ ਐਤਵਾਰ ਸਵੇਰ ਦੀ ਨਮਾਜ਼ ਸਮੇਂ 5:30 ਵਜੇ ਦੇ ਨੇੜੇ ਤੇੜੇ ਖੋਲ੍ਹੀ ਗਈ ਤਾਂ ਇਸ ਤੋੜ ਭੰਨ੍ਹ ਦਾ ਪਤਾ ਲੱਗਿਆ। ਨਮਾਜ਼ ਅਦਾ ਕਰਨ ਲਈ ਇੱਥੇ ਬਣਾਏ ਗਏ ਕਈ ਕਮਰਿਆਂ ਵਿੱਚ ਤੋੜ ਭੰਨ੍ਹ ਕੀਤੀ ਗਈ ਸੀ ਤੇ ਕੁਰਾਨ ਦੀਆਂ ਕਈ ਕਾਪੀਆਂ ਜ਼ਮੀਨ ਉੱਤੇ ਸੁੱਟੀਆਂ ਗਈਆਂ ਸਨ। ਦੋ ਡੋਨੇਸ਼ਨ ਬਾਕਸ ਵੀ ਤੋੜੇ ਗਏ ਸਨ ਤੇ ਸਾਰੇ ਆਫਿਸ ਵਿੱਚ ਤੋੜ ਭੰਨ੍ਹ ਕੀਤੀ ਗਈ ਸੀ।



ਬਾਇਤੁਲ ਜਨ੍ਹਾ ਇਸਲਾਮਿਕ ਸੈਂਟਰ ਦੇ ਪ੍ਰੈਜ਼ੀਡੈਂਟ ਅਤੀਕਾਰ ਰਹਿਮਾਨ ਨੇ ਆਖਿਆ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਇਹ ਸਾਡੀ ਕਮਿਊਨਿਟੀ ਵਿੱਚ ਹੋ ਰਿਹਾ ਹੈ ਤੇ ਸਾਡੀ ਮਸਜਿਦ ਵਿੱਚ ਹੋ ਰਿਹਾ ਹੈ। ਰਹਿਮਾਨ ਨੇ ਆਖਿਆ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਮਸ਼ਕੂਕ ਰਾਤ ਸਮੇਂ ਕਿਸੇ ਵੇਲੇ ਮਸਜਿਦ ਵਿੱਚ ਦਾਖਲ ਹੋਏ ਹੋਣਗੇ ਤੇ ਇਸ ਕਾਰੇ ਨੂੰ ਅੰਜਾਮ ਦਿੱਤਾ ਗਿਆ ਹੋਵੇਗਾ। ਉਨ੍ਹਾਂ ਆਖਿਆ ਕਿ ਸਵੇਰ ਸਮੇਂ ਜਦੋਂ ਉਹ ਮਸਜਿਦ ਪਹੁੰਚੇ ਤਾਂ ਸਾਰੇ ਖਿੜਕੀਆਂ, ਦਰਵਾਜ਼ੇ ਖੁੱਲ੍ਹੇ ਹੋਏ ਸਨ।

ਇਸ ਤੋੜ ਭੰਨ੍ਹ ਤੋਂ ਬਿਨਾਂ ਕਈ ਸਰਵੇਲੈਂਸ ਕੈਮਰੇ ਡਿਸਕੁਨੈਕਟ ਕੀਤੇ ਗਏ ਸਨ ਤੇ ਸਰਵੇਲੈਂਸ ਸਿਸਟਮ ਦਾ ਡਿਜੀਟਲ ਵੀਡੀਓ ਰਿਕਾਰਡਰ ਵੀ ਚੋਰੀ ਕਰ ਲਿਆ ਗਿਆ ਸੀ। ਉਨ੍ਹਾਂ ਆਖਿਆ ਕਿ ਇਸ ਸੱਭ ਕਾਸੇ ਦੀ ਯੋਜਨਾ ਪਹਿਲਾਂ ਹੀ ਬਣਾ ਲਈ ਗਈ ਲੱਗਦੀ ਸੀ ਇਸ ਲਈ ਉਨ੍ਹਾਂ ਕੋਲ ਵਿਖਾਉਣ ਲਈ ਕੁੱਝ ਵੀ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰੀ ਇਸ ਮਸਜਿਦ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ। ਕਈ ਵਾਰੀ ਇੱਥੇ ਚੋਰੀ ਹੋ ਚੁੱਕੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


## ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:

**416556 6884**


# ਫੈਡਰਲ ਚੋਣਾਂ ਦੀ ਬਹਿਸ ਵਿੱਚ ਮੈਕਸਿਮ ਬਰਨੀਅਰ ਦੀ ਪਾਰਟੀ ਨੂੰ ਨਹੀਂ ਦਿੱਤਾ ਗਿਆ ਸੱਦਾ

ਓਟਵਾ, 26 ਅਗਸਤ (ਪੋਸਟ ਬਿਊਰੋ) : ਬੀਤੇ ਦਿਨੀਂ ਪੀਪਲਜ਼ ਪਾਰਟੀ ਆਫ ਕੈਨੇਡਾ (ਪੀ ਪੀ ਸੀ) ਦੇ ਆਗੂ ਮੈਕਸਿਮ ਬਰਨੀਅਰ ਨੂੰ ਫੈਡਰਲ ਚੋਣਾਂ ਲਈ ਹੋਣ ਵਾਲੀ ਬਹਿਸ ਵਿੱਚ ਹਿੱਸਾ ਲੈਣ ਦਾ ਸੱਦਾ ਨਹੀਂ ਦਿੱਤਾ ਗਿਆ ਹੈ। ਇਹ ਜਾਣਕਾਰੀ ਚੋਣ ਈਵੈਂਟਸ ਦੀ ਨਿਗਰਾਨੀ ਕਰਨ ਵਾਲੇ ਕਮਿਸ਼ਨ ਨੇ ਦਿੱਤੀ।

ਇੱਕ ਨਿਊਜ਼ ਰਲੀਜ਼ ਵਿੱਚ ਲੀਡਰਜ਼ ਡਿਬੇਟਸ ਕਮਿਸ਼ਨ ਨੇ ਆਖਿਆ ਕਿ ਬਲਾਕ ਕਿਊਬਿਕੁਆ, ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ, ਗ੍ਰੀਨ ਪਾਰਟੀ ਆਫ ਕੈਨੇਡਾ, ਲਿਬਰਲ ਪਾਰਟੀ ਆਫ ਕੈਨੇਡਾ ਤੇ ਨਿਊ ਡੈਮਕ੍ਰੈਟਿਕ ਪਾਰਟੀ ਨੂੰ ਇਸ ਬਹਿਸ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ ਹੈ। ਹੁਣ ਤੱਕ ਐਨ



ਡੀ ਪੀ ਤੇ ਗ੍ਰੀਨਜ਼ ਵੱਲੋਂ ਇਹ ਸੱਦਾ ਸਵੀਕਾਰ ਕੀਤਾ ਜਾ ਚੁੱਕਿਆ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਇਸ ਬਹਿਸ ਵਿੱਚ ਹਿੱਸਾ ਲੈਣ ਲਈ ਪਾਰਟੀਆਂ ਨੂੰ ਕੁੱਝ ਮਾਪਦੰਡ ਪੂਰੇ ਕਰਨੇ ਹੁੰਦੇ ਹਨ :

- ਜਦੋਂ ਚੋਣਾਂ ਦਾ ਸੱਦਾ ਦਿੱਤਾ ਗਿਆ ਤਾਂ ਪਾਰਟੀਆਂ ਦਾ ਘੱਟੋ ਘੱਟ ਇੱਕ ਐਮਪੀ ਹਾਊਸ ਆਫ ਕਾਮਨਜ਼ ਵਿੱਚ ਹੋਣਾ ਜ਼ਰੂਰੀ ਸੀ।
- ਪਿਛਲੀਆਂ ਆਮ ਚੋਣਾਂ ਵਿੱਚ ਪਾਰਟੀਆਂ ਦੇ ਉਮੀਦਵਾਰਾਂ ਨੂੰ ਕੁੱਲ ਪਈਆਂ ਜਾਇਜ਼ ਵੋਟਾਂ ਦਾ ਘੱਟੋ ਘੱਟ ਚਾਰ ਫੀ ਸਦੀ ਹਾਸਲ ਜ਼ਰੂਰ ਹੋਇਆ ਹੋਣਾ ਚਾਹੀਦਾ ਸੀ।
- ਅਹਿਮ ਨੈਸ਼ਨਲ ਪਬਲਿਕ ਓਪੀਨੀਅਨ ਪੋਲਿੰਗ ਆਰਗੇਨਾਈਜ਼ੇਸ਼ਨਜ਼ ਵਿੱਚ ਪਾਰਟੀਆਂ ਨੂੰ ਘੱਟੋ ਘੱਟ ਚਾਰ ਫੀ ਸਦੀ ਕੌਮੀ ਸਮਰਥਨ ਹਾਸਲ ਹੋਇਆ ਹੋਣਾ ਜ਼ਰੂਰੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪੀ ਪੀ ਸੀ ਦਾ ਕੋਈ ਵੀ ਐਮਪੀ ਇਸ ਸਮੇਂ ਹਾਊਸ ਆਫ ਕਾਮਨਜ਼ ਵਿੱਚ ਨਹੀਂ ਹੈ ਤੇ ਕੌਮੀ ਪੱਧਰ ਉੱਤੇ ਇਸ ਪਾਰਟੀ ਨੂੰ ਸਿਰਫ 3•27 ਫੀ ਸਦੀ ਸਮਰਥਨ ਹੀ ਹਾਸਲ ਹੋਇਆ ਹੈ। ਇਹ ਬਹਿਸ ਗੈਟਿਨਿਊ, ਕਿਊਬਿਕ ਵਿੱਚ ਫਰੈਂਚ ਵਿੱਚ 8 ਸਤੰਬਰ ਨੂੰ ਕੈਨੇਡੀਅਨ ਮਿਊਜ਼ੀਅਮ ਆਫ ਹਿਸਟਰੀ ਵਿੱਚ ਹੋਵੇਗੀ ਤੇ ਇੰਗਲਿਸ਼ ਵਿੱਚ ਇਹ ਬਹਿਸ 9 ਸਤੰਬਰ ਨੂੰ ਹੋਵੇਗੀ।

## ਤਾਸ਼ ਟੂਰਨਾਮੈਂਟ ਭਲਕੇ

28 ਅਗਸਤ ਦਿਨ ਸ਼ਨੀਵਾਰ ਨੂੰ Blue Oak Park, Brampton, ਵਿਖੇ ਸਵੀਪ ਦਾ ਟੂਰਨਾਮੈਂਟ ਹੋ ਰਿਹਾ ਹੈ, ਪਹਿਲਾ ਇਨਾਮ 500 ਦੂਜਾ ਇਨਾਮ 300 ਤੀਜਾ ਇਨਾਮ 200 ਅਤੇ ਚੌਥਾ ਇਨਾਮ 100 ਡਾਲਰ ਹੋਵੇਗਾ। ਐਂਟਰੀ ਫੀਸ 10 ਡਾਲਰ ਹੋਵੇਗੀ, ਸਿਰਫ 32 ਟੀਮਾਂ ਇੰਟਰ ਕੀਤੀਆਂ ਜਾਣਗੀਆਂ, ਲੰਗਰ ਦਾ ਖਾਸ ਪ੍ਰਬੰਧ ਹੋਵੇਗਾ, ਸਮਾਂ 12:00 ਵਜੇ ਦੁਪਹਿਰ, ਹੋਰ ਜਾਣਕਾਰੀ ਲਈ ਗੋਲਡੀ 647 649 4584 ਅਤੇ ਪਿੰਦੀ 647 614 0664 ’ਤੇ ਸੰਪਰਕ ਕੀਤਾ ਜਾ ਸਕਦਾ ਹੈ।


Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?



BOBBY SIDHU
partner
(Serving the Community for Over 16 yrs.)

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ



Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976



jobs! jobs! jobs! jobs! jobs!

DUNDAS · JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

# 31 ਅਗਸਤ ਤੋਂ ਬਾਅਦ ਵੀ ਕੈਨੇਡਾ ਆਪਣੇ ਸੈਨਿਕ ਅਫਗਾਨਿਸਤਾਨ ਰੱਖਣ ਲਈ ਤਿਆਰ : ਟਰੂਡੋ

ਓਟਵਾ, 26 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ 31 ਅਗਸਤ ਦੀ ਅਮਰੀਕਾ ਵੱਲੋਂ ਦਿੱਤੀ ਗਈ ਡੈੱਡਲਾਈਨ ਤੋਂ ਬਾਅਦ ਵੀ ਆਪਣੇ ਸੈਨਿਕਾ ਨੂੰ ਅਫਗਾਨਿਸਤਾਨ ਵਿੱਚ ਰੱਖਣ ਲਈ ਤਿਆਰ ਹੈ।



ਟਰੂਡੋ ਵੱਲੋਂ ਇਹ ਐਲਾਨ ਮੰਗਲਵਾਰ ਨੂੰ ਜੀ-7 ਆਗੂਆਂ ਨਾਲ ਵਰਚੂਅਲ ਤੌਰ ਉੱਤੇ ਕੀਤੀ ਗਈ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਤੋਂ ਬਾਅਦ ਕੀਤਾ ਗਿਆ। ਇਹ ਸਾਰੇ ਆਗੂ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਦੇਸ਼ ਦੇ ਹਾਕਮਾਂ ਵਜੋਂ ਮੁੜ ਉਭਾਰ ਸਬੰਧੀ ਪੈਦਾ ਹੋਏ ਸੰਕਟ ਬਾਰੇ ਗੱਲਬਾਤ ਕਰਨ ਲਈ ਵਰਚੂਅਲੀ ਇੱਕਠੇ ਹੋਏ ਸਨ। ਇਸ ਮੀਟਿੰਗ ਵਿੱਚ ਜਾਣ ਤੋਂ ਪਹਿਲਾਂ ਟਰੂਡੋ ਨੇ ਆਪਣੇ ਫੈਸਲੇ ਸਬੰਧੀ ਭਾਫ ਵੀ ਨਹੀਂ ਸੀ ਕੱਢੀ।

ਪਰ ਉਸ ਤੋਂ ਬਾਅਦ ਹੈਮਿਲਟਨ ਵਿੱਚ ਫੈਡਰਲ ਚੋਣ ਕੈਂਪੇਨ ਲਈ ਬੱਸ ਚੜ੍ਹਨ ਤੋਂ ਪਹਿਲਾਂ ਟਰੂਡੋ ਨੇ ਆਖਿਆ ਕਿ ਕੈਨੇਡਾ ਲੋੜ ਪੈਣ ਉੱਤੇ ਹੋਰ ਸਮੇਂ ਲਈ 31 ਅਗਸਤ ਤੋਂ ਬਾਅਦ ਵੀ ਅਫਗਾਨਿਸਤਾਨ ਵਿੱਚ ਰਹਿਣ ਲਈ ਤਿਆਰ ਸੀ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਵੀ ਇਹ ਆਸ ਸੀ ਕਿ ਇਸ ਜੀ-7 ਮੀਟਿੰਗ ਵਿੱਚ ਕੁੱਝ ਭਾਈਵਾਲ ਮੁਲਕ 31 ਅਗਸਤ ਦੀ ਡੈੱਡਲਾਈਨ ਤੋਂ ਬਾਅਦ ਵੀ ਅਮਰੀਕੀ ਫੌਜ ਨੂੰ ਉੱਥੇ ਹੀ ਰੁਕਣ ਦੀ ਮੰਗ ਕਰ ਸਕਦੇ ਹਨ। ਦੂਜੇ ਪਾਸੇ ਤਾਲਿਬਾਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਹ ਡੈੱਡਲਾਈਨ ਪੱਕੀ ਹੈ ਤੇ ਇਸ ਤਰੀਕ ਤੱਕ ਸਾਰੀਆਂ ਫੌਜਾਂ ਨੂੰ ਵਾਪਿਸ ਲੈ ਲਿਆ ਜਾਵੇ ਨਹੀਂ ਤਾਂ ਇਸ ਦੇ ਖਤਰਨਾਕ ਨਤੀਜੇ ਨਿਕਲਣਗੇ।

ਇਸ ਵਰਚੂਅਲ ਸਿਖਰ ਵਾਰਤਾ ਦੀ ਮੇਜ਼ਬਾਨੀ ਕਰਨ ਵਾਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਵੱਲੋਂ ਵੀ ਹਾਲ ਦੀ ਘੜੀ ਫੌਜਾਂ ਅਫਗਾਨਿਸਤਾਨ ਵਿੱਚ ਰਹਿਣ ਦੇਣ ਦੀ ਅਪੀਲ ਕੀਤੀ ਗਈ। ਇਹ ਆਗੂ ਚਾਹੁੰਦੇ ਹਨ ਕਿ ਜਿਹੜੇ ਅਫਗਾਨੀਆਂ ਨੇ ਅਮੈਰੀਕਨਜ਼ ਤੇ ਨਾਟੋ ਸੈਨਾਵਾਂ ਦੀ ਮਦਦ ਕੀਤੀ ਸੀ ਉਨ੍ਹਾਂ ਨੂੰ ਵੀ ਹੋਰਨਾਂ ਵਿਦੇਸ਼ੀ ਨਾਗਰਿਕਾਂ ਦੇ ਨਾਲ ਹੀ ਦੇਸ਼ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾਵੇ।

# ਕਲੀਵਵਿਊ ਸੀਨੀਅਰਜ਼ ਕਲੱਬ ਦੀਆਂ ਔਰਤ ਮੈਂਬਰਾਂ ਵਲੋਂ ਪੌਟਲੱਕ ਪ੍ਰੋਗਰਾਮ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਬੁਧਵਾਰ ਕਲੀਵਵਿਊ ਸੀਨੀਅਰਜ਼ ਕਲੱਬ ਦੀਆਂ ਔਰਤ ਮੈਂਬਰਾਂ ਨੇ ਪਾਰਕ ਵਿਚ ਰੱਲ ਮਿਲ ਕੇ ਪੌਟਲੱਕ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਿਸ ਵਿਚ ਖਾਣ ਪੀਣ ਤੋਂ ਇਲਾਵਾ ਨੱਚਣ ਗਾਉਣ ਵੀ ਸ਼ਾਮਿਲ ਸੀ। ਇਸ ਇਲਾਕੇ ਵਿਚ ਵਸਦੇ ਵੱਖ ਵੱਖ ਭਾਈਚਾਰੇ ਦੇ ਵਿਅੱਕਤੀ ਇਸ ਕਲੱਬ ਦੇ ਮੈਂਬਰ ਹੋਣ ਕਾਰਨ, ਇਸ ਪ੍ਰੋਗਰਾਮ ਵਿਚ ਪੰਜਾਬੀ, ਗੁਜਰਾਤੀ ਅਤੇ ਕਨੇਡੀਅਨ ਰੰਗ ਵੇਖਣ ਨੂੰ ਮਿਲੇ। ਗੁਜਰਾਤੀ ਖੰਡਵੀ, ਖਾਮਣ ਢੋਕਲਾ, ਪੱਤਰਾ, ਹਰਿਆਣਵੀ ਪਾਪੜ, ਪੰਜਾਬੀ ਬਾਸਮਤੀ ਚੌਲ, ਨ੍ਹਾਨ, ਰੋਟੀ ਤੇ ਕੜ੍ਹੀ ਕੋਫਤਾ, ਉਤਰੀ ਭਾਰਤ ਦੇ, ਦਹੀਂ ਭੱਲੇ, ਕਾਬਲੀ ਛੋਲੇ, ਚਨਾ ਮਸਾਲਾ, ਸਮੋਸੇ, ਜਲੇਬੀ, ਗੁਲਾਬ ਜਾਮਣ, ਕਨੇਡੀਅਨ ਪਾਸਤਾ ਮੈਕਰੋਨੀ, ਕੇਕ ਆਦਿ ਇਸ ਸਮੇਂ ਪਰੋਸੇ ਗਏ ਅਤੇ ਬਾਅਦ ਵਿਚ ਔਰਤਾਂ ਨੇ ਬੋਲੀਆਂ ਅਤੇ ਗਿੱਧਾ ਪਾਇਆ, ਬੈਠਣ ਉਪਰੰਤ ਹਿੰਦੀ ਗਾਣਿਆਂ ਦੀ ਅੰਤਰਾਕਸ਼ੀ ਖੇਡੀ ਗਈ, ਜਿਸ ਵਿਚ ਔਰਤਾਂ ਦੇ ਨਾਲ ਨਾਲ ਮਰਦ ਵੀ ਸ਼ਾਮਿਲ ਹੋਏ ਜਿਨ੍ਹਾਂ ਵਿਚ ਸੁਖਵਿੰਦਰ ਜੀਤ ਮੋਹਰੀ ਰਹੇ। ਇਸ ਗਾਣਿਆਂ ਦੀ ਖੇਡ ਨੇ ਨਵੇਂ ਪੁਰਾਣੇ ਹਿੰਦੀ ਗੀਤ ਸਭ ਦੇ ਚੇਤਿਆਂ ਵਿਚ ਲਿਆ ਦਿੱਤੇ।

ਓਨਟਾਰੀਓ ਵਿਚ ਕਰੋਨਾ ਵਾਇਰਸ ਕਾਰਨ ਲੱਗੀਆਂ ਪਾਬੰਦੀਆਂ ਦੀ ਢਿੱਲ ਮਿਲਣ ਤੇ ਤਕਰੀਬਨ ਸਾਰੇ ਸੀਨੀਅਰ ਕਲੱਬ ਗਰਮੀਆਂ ਵਿਚ ਕੀਤੇ ਜਾਂਦੇ ਪ੍ਰੋਗਰਾਮ ਹੁਣ ਛੇਤੀ ਛੇਤੀ ਕਰਨ ਵਿਚ ਰੁਝੇ ਹੋਏ ਹਨ। ਵੱਖ ਵੱਖ ਕਲੱਬ ਟੂਰ, ਕਈ ਕਨੇਡਾ ਡੇ ਮਨਾਉਣ, ਤਾਸ਼ ਦੇ ਮੁਕਾਬਲੇ ਕਰਵਾਉਣ, ਸਭਿਆਚਾਰਕ ਪ੍ਰੋਗਰਾਮ ਕਰਵਾਉਣ ਵੱਲ ਵੱਧ ਰਹੇ ਹਨ। ਬਜ਼ੁਰਗਾਂ ਦੇ ਖਾਸ ਕਰ ਗਰਮੀ ਦੇ ਮਹੀਨਿਆਂ ਵਿਚ ਮਨੋਰੰਜਨ ਦਾ ਸਾਧਨ ਇਹ ਕਲੱਬ ਉਨ੍ਹਾਂ ਦੀ ਮਾਨਸਿਕ ਤੰਦਰੁਸਤੀ ਵਿਚ ਵੱਡਾ ਯੋਗਦਾਨ ਪਾ ਰਹੇ ਹਨ ਅਤੇ ਨਾਲ ਹੀ ਅਪਣੀਆਂ ਅਤੇ ਅਪਣੇ ਇਲਾਕੇ ਦੀਆਂ ਸਮੱਸਿਆਵਾਂ ਤੇ ਚਰਚਾ ਅਤੇ ਇਸ ਚਰਚਾ ਵਿਚੋਂ ਨਿਕਲੀਆਂ ਮੰਗਾਂ ਵੱਲ ਵੀ ਇਹ ਕਲੱਬ ਇਲਾਕੇ ਦੇ ਸਿਆਸੀ ਲੀਡਰਾਂ ਦਾ ਧਿਆਨ ਦਵਾਉਂਦੇ ਹਨ। ਕਲੀਵਵਿਊ ਕਲੱਬ ਦੇ ਮੈਂਬਰਾਂ ਵਲੋਂ ਕੁਝ ਦਿਨ ਪਹਿਲਾਂ ਕੀਤੇ ਸਫਲ ਸਭਿਆਚਾਰਕ ਪ੍ਰੋਗਰਾਮ ਤੋਂ ਬਾਅਦ ਔਰਤ ਮੈਂਬਰਾਂ ਵਲੋਂ ਕੀਤਾ ਇਹ ਸਫਲ ਉਦਮ ਇਸ ਕਲੱਬ ਦੇ ਮੈਂਬਰਾਂ ਦੀ ਚੰਗੀ ਪਹਿਲ ਕਦਮੀ ਦਾ ਪ੍ਰਤੀਕ ਹੈ।

ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿਚ ਸ੍ਰੀ ਮਤੀ ਕਿਰਨ ਲਾਲ, ਪੂਨਮ ਸਿੰਘ, ਜੈ ਸ੍ਰੀ ਪਾਂਡੀਆ, ਜਗਮੋਹਨ ਕੌਰ, ਇੰਦਰਜੀਤ ਕੌਰ, ਹਰਜਿੰਦਰ ਕੌਰ, ਜੋਗਿੰਦਰ ਕੌਰ, ਦਲਜੀਤ ਕੌਰ, ਭੁਪਿੰਦਰ ਕੌਰ ਅਤੇ ਨਛੱਤਰ ਕੌਰ ਦਾ ਵੱਡਾ ਯੋਗਦਾਨ ਰਿਹਾ। ਇਸ ਕਲੱਬ ਬਾਰੇ ਹੋਰ ਜਾਣਕਾਰੀ ਲਈ ਜਨਰਲ ਸਕੱਤਰ, ਸ: ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202

WWW.KULWINDERCHHINA.COM

MULTI AWARD WINNER

REALTOR

KULWINDERCHHINA

BROKER

647.293.2327

Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

Marriage

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

You can Place Your Business Here

(905)793-2202

To Reach Wider Audience

For more info Call 905-793-2202 or e-mail ads@punjabipost.ca

WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**

WORK MATCH INC.

ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677

info@worksmatch.com
www.worksmatch.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866



31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੌਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।


# ਦਾਗੀ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਦੀ ਜਾਂਚ ਵਿੱਚ ਦੇਰੀ ਹੋਣ ਤੋਂ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 26 ਅਗਸਤ, (ਪੋਸਟ ਬਿਊਰੋ)- ਭਾਰਤ ਦੀਸੁਪਰੀਮ ਕੋਰਟ ਨੇ ਸਾਬਕਾ ਤੇ ਮੌਜੂਦਾ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਦੇ ਖ਼ਿਲਾਫ਼ ਦਰਜ ਸੀ ਬੀ ਆਈਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਕੇਸਾਂ ਦੀ ਜਾਂਚ ਤੇ ਟਰਾਇਲ ਪੂਰੇ ਹੋਣ ਵਿਚ ਦੇਰੀ ਉੱਤੇਅੱਜ ਬੁੱਧਵਾਰ ਸਖਤ ਨਾਰਾਜ਼ਗੀ ਪ੍ਰਗਟਾਈ ਹੈ।ਕੋਰਟ ਨੇ ਕਿਹਾ ਕਿ ਕਈ ਕੇਸਾਂ ਦੀ ਜਾਂਚ 10-15 ਸਾਲ ਤੋਂ ਚੱਲ ਰਹੀ ਹੈ, ਅਜੇ ਪੂਰੀ ਨਹੀਂ ਹੋਈ। ਈਡੀ ਅਤੇ ਸੀ ਬੀ ਆਈ ਨੇ ਰਿਪੋਰਟ ਵਿਚ ਜਾਂਚ ਪੂਰੀ ਨਾ ਹੋਣ ਤੇ ਚਾਰਜਸ਼ੀਟ ਪੇਸ਼ ਨਾ ਕਰਨ ਦਾ ਕਾਰਨ ਵੀ ਨਹੀਂ ਦੱਸਿਆ। ਕੋਰਟ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਉਹ ਪਤਾ ਲਾਉਣ ਕਿ ਸਮੇਂਸਿਰ ਜਾਂਚ ਪੂਰੀ ਕਰਨ ਲਈ ਕੀ ਹੋਰ ਲੋਕਾਂ ਤੇ ਵਸੀਲਿਆਂ ਦੀ ਲੋੜ ਹੈ।ਚੀਫ ਜਸਟਿਸ ਐੱਨ ਵੀ ਰਮੰਨਾ, ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਸੂਰੀਆਕਾਂਤ ਵਾਲੇ ਤਿੰਨ ਮੈਂਬਰੀ ਬੈਂਚ ਨੇ ਇਹ ਟਿੱਪਣੀਆਂ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਖ਼ਿਲਾਫ਼ ਦਰਜ ਕੇਸਾਂ ਦੇ ਜਲਦੀ ਨਿਪਟਾਰੇ ਦੀ ਮੰਗ ਵਾਲੀ ਅਸ਼ਵਨੀ ਕੁਮਾਰ ਉਪਾਧਿਆਏ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਕੀਤੀਆਂ।

ਇਸ ਤੋਂ ਪਹਿਲਾਂ ਬੀਤੇ ਮੰਗਲਵਾਰ ਸੀਨੀਅਰ ਵਕੀਲ ਵਿਜੈ ਹੰਸਾਰੀਆ ਨੇ ਕੋਰਟ ਨੂੰ ਰਿਪੋਰਟ ਦਿੱਤੀ ਸੀ, ਜਿਸ ਵਿਚ ਕੇਂਦਰ ਸਰਕਾਰ ਵੱਲੋਂ ਸਾਬਕਾ ਅਤੇ ਮੌਜੂਦਾ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਦੇ ਖ਼ਿਲਾਫ਼ ਪੈਂਡਿੰਗ ਸੀ ਬੀ ਆਈਅਤੇ ਈਡੀ ਕੇਸਾਂ ਦੀ ਸਥਿਤੀ ਦੱਸੀ ਸੀ। ਇਸ ਵਿਚ ਵੱਖ-ਵੱਖ ਰਾਜਾਂ ਵੱਲੋਂ ਪੈਂਡਿੰਗ ਕੇਸ ਵਾਪਸ ਲੈਣ ਦਾ ਵੇਰਵਾ ਵੀਸੀ ਅਤੇ ਇਹ ਵੀ ਕਿ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿਚ 2013 ਵਿੱਚ ਹੋਏ ਦੰਗਿਆਂ ਦੇ77 ਕੇਸਰਾਜ ਸਰਕਾਰ ਨੇ ਵਾਪਸ ਲੈ ਲਏ ਹਨ। ਅੱਜ ਬੁੱਧਵਾਰ ਸੁਣਵਾਈ ਦੌਰਾਨ ਹੰਸਾਰੀਆ ਨੇ ਕਿਹਾ ਕਿ ਸੀ ਬੀ ਆਈ ਅਤੇ ਈਡੀ ਦੀ ਰਿਪੋਰਟ ਵਿਚ ਦਿੱਤੇ ਅੰਕੜੇ ਹੈਰਾਨ ਅਤੇ ਪਰੇਸ਼ਾਨ ਕਰਨ ਵਾਲੇ ਹਨ, ਤੇਜ਼ੀ ਨਾਲ ਟਰਾਇਲ ਲਈ ਸਰਜੀਕਲ ਟਰੀਟਮੈਂਟ ਦੀ ਲੋੜ ਹੈ।ਇਨ੍ਹਾਂ ਕੇਸਾਂ ਦੀ ਜਾਂਚ ਤੇ ਟਰਾਇਲ ਪੂਰਾ ਹੋਣ ਵਿਚ ਵੱਧ ਦੇਰੀ ਦਾ ਜ਼ਿਕਰ ਰਿਪੋਰਟ ਵਿਚ ਹੈ। ਚੀਫ ਜਸਟਿਸ ਰਮੰਨਾ ਨੇ ਕਿਹਾ ਕਿ 'ਅਸੀਂ ਸੀ ਬੀ ਆਈ ਅਤੇ ਈਡੀ ਦੀ ਰਿਪੋਰਟ ਦੇਖੀ ਹੈ। ਸਾਡੇ ਲਈ ਇਹ ਕਹਿਣਾ ਸੌਖਾ ਹੈ ਕਿ ਟਰਾਇਲ ਜਲਦੀ ਕਰੋ, ਪਰ ਇਸ ਵਿਚ ਬਹੁਤ ਸਾਰੇ ਮੁੱਦੇ ਹਨ। ਜੱਜਾਂ, ਅਦਾਲਤਾਂ ਅਤੇ ਵਸੀਲਿਆਂ ਦੀ ਕਮੀ ਹੈ। ਅਦਾਲਤਾਂ ਉੱਤੇ ਭਾਰੀ ਬੋਝ ਹੈ, ਜੱਜਨਹੀਂ ਹਨ। ਜਾਂਚ ਏਜੰਸੀਆਂ ਉੱਤੇ ਵੀ ਕੋਰਟਾਂਵਾਂਗ ਬੋਝ ਹੈ। ਹਰ ਕੋਈ ਸੀ ਬੀ ਆਈ ਜਾਂਚ ਚਾਹੁੰਦਾ ਹੈ। ਵਰਕਫੋਰਸ ਵੀ ਵੱਡਾ ਮੁੱਦਾ ਹੈ।' ਕੋਰਟ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਉਹ ਪਤਾ ਲਾਉਣ ਕਿ ਸਮੇਂ ਉੱਤੇ ਜਾਂਚ ਪੂਰੀ ਕਰਨ ਲਈ ਕੀ ਹੋਰ ਲੋਕਾਂ ਅਤੇ ਹੋਰ ਵਸੀਲਿਆਂ ਦੀ ਲੋੜ ਹੈ। ਜਸਟਿਸ ਰਮੰਨਾ ਨੇ ਕਿਹਾ ਕਿ ਉਨ੍ਹਾਂ ਕੁਝ ਨੋਟਸ ਤਿਆਰ ਕੀਤੇ ਹਨ। ਈਡੀ ਦੇ ਕੁਲ 76 ਕੇਸ 2012 ਤੋਂ ਅਤੇ ਸੀ ਬੀ ਆਈ ਕੋਲ 58 ਕੇਸ ਪੈਂਡਿੰਗ ਹਨ, ਜਿਨ੍ਹਾਂ ਵਿਚ ਉਮਰਕੈਦ ਤਕ ਦੀ ਸਜ਼ਾ ਹੈ। ਸਭ ਤੋਂ ਪੁਰਾਣਾ ਕੇਸ ਸਾਲ 2000 ਦਾ ਹੈ। ਕੋਰਟ ਨੇ ਈਡੀ ਅਤੇ ਸੀ ਬੀ ਆਈ ਦੀ ਜਾਂਚ ਵਿਚ ਵੱਧ ਦੇਰੀਤੋਂ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਨ੍ਹਾਂ ਅਦਾਲਤਾਂ ਵਿਚ 200 ਤੋਂ ਵੱਧ ਕੇਸ ਪੈਂਡਿੰਗ ਹਨਤੇ 10-15 ਸਾਲ ਤੋਂ ਜਾਂਚ ਚੱਲ ਰਹੀ ਹੈ, ਅਫਸੋਸ ਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਰਿਪੋਰਟ ਵਿਚ 10-15 ਸਾਲ ਤੋਂ ਚਾਰਜਸ਼ੀਟ ਦਾਖ਼ਲ ਨਾ ਕੀਤੇ ਜਾਣ ਦਾ ਕੋਈ ਕਾਰਨ ਵੀ ਨਹੀਂ ਦਿੱਤਾ ਗਿਆ।


# Great Invetsment Opportunity

## In The Region of Timminis,ON


### 8 ACRE OF lAND CAN BE SEVERD IN TWO LOTS OF 4 ACRE

### Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








For More Details Call: 416-970-5005/647-242-8667



Jas Toor
Sales Repersentative

Sutton

Sutton Group-Realty Experts
Brokerage*

Jagdish Grewal
Sales Repersentative


Century 21

President Realty Inc.
Brokerage*




Generously
Sponsored by
CN
September is
Brampton Tree Month!
Join us to celebrate Brampton trees by:
• learning about tree initiatives and programs
• taking part in scheduled events and activities
• grabbing a free tree as part of the Residential Tree Giveaway
• telling us what you think of Brampton's natural spaces
(for a chance to win a prize)
Snap a photo of your favourite tree and
share on social media using #BramptonTrees
Learn more at brampton.ca/trees
BRAMPTON


RIVERSTONE
EYE CARE
Comprehensive Eye Exam
Diagnostic Imaging & Testing
Glaucoma Testing
OUR SERVICES ALSO INCLUDE -
- Direct Billing to all major insurance companies
- Special Testing on-site
- High quality lenses and custom frames
20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉਤੇ ਬਜੁਰਗ ਅਤੇ ਡਾਇਬੈਟਿਕ
ਮਰੀਜਾ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ!
Book your appointment
Call Now at (905) 915-9255
Full Time Doctors available 6 days a week
Dr. Paramvir Gill
Dr. Harpreet Gill
Address: 25 Cherrycrest Drive, Unit #4, Brampton, ON, L6P 3W4
www.riverstoneeyecare.com


Dr. Randhawa
Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur
Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਉਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
DENTISTRY
Squire Ellis Dr
Gore Rd
Countryside Dr


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

